# ਮੰਚਣ

ਪੁਸਤਕ ਲੜੀ ਨੰ: 12

ਆਨਰੇਰੀ ਸੰਪਾਦਕ: ਆਤਮਜੀਤ ਅਤੇ ਸਤੀਸ਼ ਕੁਮਾਰ ਵਰਮਾ
ਸਹਿਯੋਗ: ਬ. ਸ. ਰਤਨ ਅਤੇ ਬੀ. ਪੀ. ਸਿੰਘ ਤੇ ਸਰਬਜੀਤ ਸਿੰਘ ਬੇਦੀ

ਮੰਚਣ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਗਿੱਧਾ



ਪੰਜਾਬੀ ਨਾਟਕ-ਥੀਏਟਰ ਦੀ ਪੁਸਤਕ-ਲੜੀ ਨੰ. 12
ਮੰਚਣ ਆਰਟਸ ਐਂਡ ਰੀਸਰਚ ਸੈਂਟਰ (ਰਜਿ.) ਵਲੋਂ ਪ੍ਰਕਾਸ਼ਿਤ
ਆਨਰੇਰੀ ਸੰਪਾਦਕ : ਆਤਮਜੀਤ ਅਤੇ ਸਤੀਸ਼ ਕੁਮਾਰ ਵਰਮਾ
ਸਹਿਯੋਗ : ਬ.ਸ. ਰਤਨ, ਬੀ.ਪੀ.ਸਿੰਘ ਤੇ ਸਰਬਜੀਤ ਸਿੰਘ ਬੇਦੀ
ਲੋਕ ਸੰਪਰਕ : ਮਦਨ ਗਰਗ
225, ਫੇਜ਼-6, ਮੋਹਾਲੀ-160055 (ਪੰਜਾਬ)

## ਸਕ੍ਰਿਪਟ ਵਿਸ਼ੇਸ਼ ਅੰਕ

| | | |
|---|---|---|
| ਪ੍ਰਾਪੇਗੰਡਾ ਨਾਟਕ<br>(ਰੂਸੀ ਭਾਸ਼ਾ ਤੋਂ ਸਿੱਧਾ ਪੰਜਾਬੀ ਵਿਚ ਅਨੁਵਾਦ : ਭੋਜ ਰਾਜ ਸ਼ਰਮਾ) | ਯੂਰੀ ਯੂਰਿਨ | 5 |
| ਕਤਲ ਦੀ ਸ਼ਾਮ (ਟੀ ਵੀ ਨਾਟਕ)<br>(ਅਨੁਵਾਦ : ਅਵਤਾਰ ਐਨਗਿੱਲ ਅਤੇ ਸਤੀਸ਼ ਵਿਨਾਇਕ) | ਸਲੇਡਨ ਸਮਿੱਥ | 18 |
| ਮੱਕੜੀ ਨਾਟਕ | ਰਵਿੰਦਰ ਰਵੀ | 34 |
| ਅਰਜੁਨ<br>(ਦੇਵ ਭਾਰਦਵਾਜ ਦੀ ਕਹਾਣੀ ਤੇ ਆਧਾਰਿਤ) | ਗੁਰਪ੍ਰੀਤ ਸਿੱਧਰਾ | 45 |
| ਸੱਤੇ ਕੁਆਰੀਆਂ<br>(ਰਾਜਿੰਦਰ ਕੌਰ ਦੀ ਕਹਾਣੀ 'ਤੇ ਆਧਾਰਿਤ) | ਸੁਖਦੇਵ ਪ੍ਰੀਤ | 59 |
| ਧ੍ਰਿਗ ਤਿਨ੍ਹਾਂ ਕਾ ਜੀਵਿਆ | ਬਲਰਾਜ ਮਾਨ | 68 |
| ਅਉਰੇ ਕੀ ਅਉਰੇ ਭਈ ਉਰਫ਼ 'ਤੇ ਸ਼ਰਾਰਤੀ ਕੌਣ | ਸਤਿੰਦਰ ਸਿੰਘ ਨੰਦਾ | 88 |

ਮੁੱਲ ਇਕ ਕਾਪੀ : ਦੱਸ ਰੁਪਏ। ਵਿਸ਼ੇਸ਼ ਅੰਕ : 20 ਰੁਪਏ। ਚਾਰ ਅੰਕ : 30 ਰੁਪਏ
(ਬਿਦੇਸ਼ : 200 ਭਾਰਤੀ ਰੁਪਏ) ਸੰਸਥਾਵਾਂ ਤੇ ਲਾਇਬਰੇਰੀਆਂ : 60 ਰੁਪਏ।

## ਇਸ ਅੰਕ ਦੇ ਲੇਖਕ :

ਅਵਤਾਰ ਐਨਗਿੱਲ, ਗੌਰਮਿੰਟ ਕਾਲਿਜ, ਸ਼ਿਮਲਾ।

ਰਵਿੰਦਰ ਰਵੀ, ਨਿਊ ਆਇਆਂਸ਼, ਬੀ. ਸੀ, ਵੀ. ਓ. ਜੇ, ਏ. ਓ. ਕੈਨੇਡਾ।

ਗੁਰਪ੍ਰੀਤ ਸਿੰਧਰਾ, ਐਚ. ਐਮ-83, ਫੇਜ਼ 4 ਮੋਹਾਲੀ।,

ਰਜਿੰਦਰ ਕੌਰ, 1-ਏ/37 ਸੀ, ਅਸ਼ੋਕ ਵਿਹਾਰ, ਫੇਜ਼-1, ਦਿੱਲੀ-52।

ਬਲਰਾਜ ਮਾਨ, ਕਿਲ੍ਹਾ ਮੁਹੱਲਾ, ਮਾਨਸਾ (ਬਠਿੰਡਾ) 151505.

ਸੁਖਦੇਵ ਪ੍ਰੀਤ, ਅੰਮ੍ਰਿਤਸਰ

ਸਤਿੰਦਰ ਸਿੰਘ ਨੰਦਾ, ਪੀਲੀ ਕੋਠੀ, ਗਲੀ ਨੰ. 10 ਅਰਜਨ ਨਗਰ, ਪਟਿਆਲਾ।

ਦੇਵ ਭਾਰਦਵਾਜ, 3437, ਸੈਕਟਰ 47-ਡੀ, ਚੰਡੀਗੜ੍ਹ।

ਸਤੀਸ਼ ਵਿਨਾਇਕ, ਮਾਰਫ਼ਤ ਅਵਤਾਰ ਐਨਗਿੱਲ, ਗੌਰਮਿੰਟ ਕਾਲਿਜ, ਸ਼ਿਮਲਾ।

ਮੰਚਣ ਪੁਸਤਕ-ਲੜੀ ਦੇ ਅੰਕ ਨਾ ਤਾਂ ਮੁਫ਼ਤ ਭੇਜੇ ਜਾਂਦੇ ਹਨ ਤੇ ਨਾ ਹੀ ਕਿਸੇ ਸਟਾਲ ਤੋਂ ਮਿਲਦੇ ਹਨ।



# ਸੰਪਾਦਕੀ

### ਡਾ ਗੁਰਦਿਆਲ ਸਿੰਘ ਫੁੱਲ

ਨਾਟਕਕਾਰ ਡਾ. ਗੁਰਦਿਆਲ ਸਿੰਘ ਫੁੱਲ ਸਾਡੇ ਵਿਚਕਾਰ ਨਹੀਂ ਰਹੇ ਡਾਕਟਰ ਫੁੱਲ ਪੰਜਾਬੀ ਨਾਟਕਕਾਰੀ ਦੇ ਉਸ ਦੌਰ ਦੀ ਉਪਜ ਹਨ ਜਿਸ ਨੇ ਬੜੀਆਂ ਹੀ ਬਿਖਮ ਸਥਿਤੀਆਂ ਵਿਚ ਪੰਜਾਬੀ ਰੰਗਮੰਚ ਅਤੇ ਨਾਟਕ-ਕਲਾ ਲਈ ਆਪਣ ਸੁਹਿਰਦ ਯਤਨਾਂ ਨੂੰ ਆਰੰਭਿਆ ਸੀ। ਆਪਣੀ ਅਖੰਡ ਨਾਟ-ਯਾਤਰਾ ਦੌਰਾਨ ਉਹਨਾਂ ਨੇ ਗਿਣਤੀ ਅਤੇ ਗੁਣ ਦੋਹਾਂ ਹੀ ਸਕੇਲਾਂ ਵਿਚ ਵਰਨਣਯੋਗ ਦੇਣ ਦਿੱਤੀ। ਕਈ ਇਕ ਕਾਰਨਾਂ ਕਰਕੇ ਭਾਵੇਂ ਫੁੱਲ ਸਾਹਿਬ ਦੇ ਨਾਟਕਾਂ ਨੂੰ ਅਕਾਦਮਿਕ ਹਲਕਿਆਂ ਨੇ ਉਸ ਰੂਪ ਵਿਚ ਪ੍ਰਵਾਨ ਨਹੀਂ ਕੀਤਾ ਜਿਸ ਰੂਪ ਵਿਚ ਉਹਨਾਂ ਦੇ ਕੁਝ ਹੋਰ ਸਮਕਾਲੀ ਨਾਟਕਕਾਰ ਪ੍ਰਵਾਨ ਹੋ ਸਕੇ ਪਰ ਜਦੋਂ ਵੀ ਪੰਜਾਬੀ ਨਾਟਕ ਦਾ ਇਕ ਟਿਕਵਾਂ, ਗੰਭੀਰ, ਨਿਰਪੱਖ ਅਤੇ ਇਤਿਹਾਸਿਕ ਦ੍ਰਿਸ਼ਟੀ ਤੋਂ ਸਮੁੱਚਾ ਅਧਿਐਨ ਕੀਤਾ ਜਾਵੇਗਾ ਤਾਂ ਇਕ ਗੱਲ ਬਹੁਤ ਹੀ ਸ਼ਿੱਦਤ ਨਾਲ ਮਹਿਸੂਸ ਕੀਤੀ ਜਾਵੇਗੀ ਕਿ 1961 ਤੋਂ 1965-66 ਦਾ ਸਮਾਂ ਪੰਜਾਬੀ ਨਾਟਕਕਾਰੀ ਵਾਸਤੇ ਇਕ ਵਹਿੰਦੀਆਂ ਕਲਾਂ ਵਾਲਾ ਸਮਾਂ ਸੀ। ਇਸ ਸਮੇਂ ਵਿਚ ਜੇ ਕੁਝ ਮਹੱਤਵਪੂਰਨ ਰਚਨਾਵਾਂ ਲਿਖੀਆਂ ਵੀ ਗਈਆਂ ਤਾਂ ਉਹਨਾਂ ਦਾ ਸੁਰ ਇੰਨਾ ਉਦਾਸ ਤੇ ਵਿਅਕਤੀਵਾਦੀ ਸੀ ਕਿ ਉਹ ਪੰਜਾਬ ਦੇ ਆਮ ਜਾਣੇ-ਪਛਾਣੇ ਸੁਭਾਅ ਨਾਲ ਬਿਲਕੁਲ ਹੀ ਮੇਲ ਨਹੀਂ ਸੀ ਖਾਂਦਾ। ਪੰਜਾਬੀ ਨਾਟਕ ਨੂੰ ਇਸ ਜਿੱਲ੍ਹਣ ਵਿਚੋਂ ਕੱਢਣ ਵਾਲੀ ਮਹੱਤਵਪੂਰਨ ਘਟਨਾ ਗੁਰੂ-ਇਤਿਹਾਸ ਨਾਲ ਜੁੜੀ ਹੋਈ ਸਿੱਖ-ਨਾਟਕਾਂ ਦੀ ਲਹਿਰ ਹੈ। ਇਸ ਲਹਿਰ ਦਾ ਸਭ ਤੋਂ ਵੱਡਾ ਯੋਗਦਾਨ ਡਾ. ਗੁਰਦਿਆਲ ਸਿੰਘ ਫੁੱਲ ਦਾ ਹੀ ਹੈ। ਉਹਨਾਂ ਨੇ 'ਸਭਿ ਕਿਛੁ ਹੋਵਿ ਉਪਾਇ', 'ਜਿਨਿ ਸੱਚੁ ਪਲੈ ਹੋਇ' ਤੇ 'ਸੋ ਵੀ ਚੰਨਣ ਹੋਇ ਰਹੇ' ਵਰਗੇ ਅਜਿਹੇ ਨਾਟਕਾਂ ਦੀ ਰਚਨਾ ਕੀਤੀ ਜੋ ਕਿ ਸਿੱਖ ਗੁਰੂ ਸਾਹਿਬਾਨ ਨੂੰ ਵੀ ਸੱਚੀ ਸ਼ਰਧਾਂਜਲੀ ਬਣਦੇ ਹਨ ਤੇ ਸਮਕਾਲੀ ਸਥਿਤੀਆਂ ਵਿਚ ਵੀ ਆਪਣੀ ਸਾਰਥਿਕਤਾ ਬਣਾਉਂਦੇ ਹਨ। ਇਸ ਲਹਿਰ ਨਾਲ ਸੰਬੰਧਿਤ ਉਹਨਾਂ ਦੇ ਲਗਪਗ ਇਕ ਦਰਜਨ ਨਾਟਕਾਂ ਤੋਂ ਇਲਾਵਾ 'ਧਰਤੀ ਦੀ ਜਾਈ', 'ਕਲਾ ਤੇ ਜ਼ਿੰਦਗੀ' ਅਤੇ 'ਬੈਂਕ' ਵਰਗੇ ਸਮਾਜਿਕ ਸੰਘਰਸ਼ ਦੇ ਨਾਟਕਾਂ ਦੇ ਰਚਨਹਾਰ ਡਾਕਟਰ ਫੁੱਲ ਦੀ ਪੰਜਾਬੀ ਨਾਟਕ ਨੂੰ ਇਕ ਅਮਿੱਟ ਦੇਣ ਹੈ। ਇਕ ਹੋਰ ਮਹੱਤਵਪੂਰਨ ਗੱਲ ਜੋ ਅਜੇ ਪੰਜਾਬੀ ਨਾਟ-ਸਮੀਖਿਆ ਨੇ ਪਛਾਨਣੀ ਹੈ ਉਹ ਇਹ ਹੈ ਕਿ ਗੁਰਦਿਆਲ ਸਿੰਘ ਫੁੱਲ ਦੇ ਨਾਟਕਾਂ ਦੇ ਵਿਸ਼ਿਆਂ ਵਿਚ ਇਕ ਬੇਮਿਸਾਲ ਵੰਨਗੀ ਅਤੇ ਅਗਰਗਾਮਤਾ ਹੈ :

ਅਜਿਹੇ ਵੱਡੇ ਕੱਦ ਵਾਲੇ ਨਾਟਕਕਾਰ ਦੇ ਤੁਰ ਜਾਣ ਦਾ ਘਾਟਾ ਕਦੇ ਵੀ ਨਹੀਂ ਪੂਰਿਆ ਜਾ ਸਕਦਾ। ਫੁੱਲ ਸਾਹਿਬ ਦੇ ਪਰਿਵਾਰ ਦੇ ਨਾਲ ਨਾਲ 'ਮੰਚਣ' ਆਪਣੇ

ਪਾਠਕਾਂ ਅਤੇ ਪੰਜਾਬ ਦੇ ਰੰਗਕਰਮੀਆਂ ਦੇ ਵੱਡੇ ਪਰਿਵਾਰ ਨਾਲ ਇਸ ਦੁੱਖ ਵਿਚ ਉਹਨਾਂ ਸਭਨਾਂ ਦਾ ਹਮਦਰਦ ਹੈ 'ਮੰਚਣ ਆਰਟਸ ਐਂਡ ਰੀਸਰਚ ਸੈਂਟਰ' ਵੱਲੋਂ ਫੁੱਲ ਸਾਹਿਬ ਦੀ ਨਾਟ-ਕਲਾ ਤੇ ਜਿਹੜਾ ਸੈਮੀਨਾਰ ਕਰਵਾਇਆ ਜਾ ਰਿਹਾ ਹੈ ਉਸ ਵਿਚ ਪੜ੍ਹੇ ਜਾਣ ਵਾਲੇ ਪੇਪਰਾਂ ਨੂੰ 'ਮੰਚਣ' ਦੇ ਅਗਲੇ ਅੰਕ ਵਿਚ ਛਾਪਿਆ ਜਾਵੇਗਾ।

0

ਕੀਤੇ ਹੋਏ ਐਲਾਨ ਮੁਤਾਬਿਕ ਹੱਥਲੇ ਅੰਕ ਵਿਚ ਅਸੀਂ ਇਸ ਵਾਰ ਸਿਰਫ ਸਕ੍ਰਿਪਟਾਂ ਹੀ ਛਾਪ ਰਹੇ ਹਾਂ। ਇਸ ਸਕ੍ਰਿਪਟ ਅੰਕ ਵਿਚ ਵੱਖ ਵੱਖ ਤਰ੍ਹਾਂ ਦੇ 7 ਨਾਟਕ ਸ਼ਾਮਿਲ ਹਨ। ਇਹਨਾਂ ਵਿਚ ਅਨੁਵਾਦ ਵੀ ਹਨ, ਗਲਪ ਉਤੇ ਆਧਾਰਿਤ ਨਾਟਕ ਵੀ ਹਨ ਅਤੇ ਮੌਲਕ ਨਾਟਕ ਵੀ। ਅਸੀਂ ਪਹਿਲਾਂ ਵਾਂਗ ਹੀ ਉਮੀਦ ਕਰਦੇ ਹਾਂ ਕਿ ਰੰਗਕਰਮੀਆਂ ਨੂੰ ਇਹਨਾ ਨਾਟਕਾਂ ਵਿਚ ਖੇਡਣ-ਯੋਗਤਾ ਅਤੇ ਚੁਣੌਤੀ ਦੋਵੇਂ ਨਾਲੋਂ ਨਾਲ ਹੀ ਦਿਖਾਈ ਦੇਣਗੇ।

ਸਾਨੂੰ ਖੁਸ਼ੀ ਹੈ ਕਿ ਭੋਜ ਰਾਜ ਸ਼ਰਮਾ ਹੁਰਾਂ ਨੇ 'ਮੰਚਣ' ਵਾਸਤੇ ਰੂਸੀ ਭਾਸ਼ਾ ਤੋਂ ਸਿੱਧਾ ਪੰਜਾਬੀ ਵਿਚ ਅਨੁਵਾਦ ਕੀਤਾ ਹੈ ਜੋ ਕਿ 'ਪ੍ਰਾਪੇਗੰਡਾ ਨਾਟਕ' ਦੇ ਰੂਪ ਵਿਚ ਛਾਪਿਆ ਹੈ। ਸਲੋਡਨ ਸਮਿੱਥ ਦਾ ਨਾਟਕ ਭਾਵੇਂ ਟੀ ਵੀ ਦੀ ਟੈਕਨੀਕ ਤੇ ਲਿਖਿਆ ਹੋਇਆ ਹੈ ਪਰੰਤੂ ਉਸ ਨੂੰ ਆਸਾਨੀ ਨਾਲ ਮੰਚ ਤੇ ਪੇਸ਼ ਕੀਤਾ ਜਾ ਸਕਦਾ ਹੈ। ਨਾਟਕ ਵਿਚਲੀ ਵਸਤੂ ਹਲਕੀ ਫੁਲਕੀ ਹੁੰਦਿਆਂ ਵੀ ਜੀਵਨ ਦੇ ਸੱਚ ਦੇ ਇੰਨੀ ਨੇੜੇ ਅੱਪੜ ਰਹੀ ਹੈ ਕਿ ਅਸੀਂ ਪੰਜਾਬੀ ਥੀਏਟਰ ਵਿਚ ਇਸ ਦੀ ਸਫਲ ਪੇਸ਼ਕਾਰੀ ਆਸਾਨੀ ਨਾਲ ਕਰ ਸਕਦੇ ਹਾਂ। ਇਸੇ ਹੀ ਤਰ੍ਹਾਂ 'ਮੱਕੜੀ ਨਾਟਕ' ਰਵਿੰਦਰ ਰਵੀ ਦੀ ਕਾਵਿ-ਨਾਟ-ਰਚਨਾ ਹੈ। ਰਵੀ ਦੇ ਨਾਟਕਾਂ ਬਾਰੇ ਸਾਡਾ ਇਕ ਸਥਾਪਿਤ ਬਿੰਬ ਹੈ ਕਿ ਉਹ ਸਾਧਾਰਨ ਮੰਚ ਉਤੇ ਪ੍ਰਸਤੁਤ ਨਹੀਂ ਹੋ ਸਕਦੇ। ਪਰ ਸਾਨੂੰ ਖੁਸ਼ੀ ਹੈ ਕਿ 'ਮੱਕੜੀ ਨਾਟਕ' ਉਸ ਦੇ ਪੁਰਾਣੇ ਬਿੰਬ ਨੂੰ ਇਸ ਨਿਸਚਿਤ ਪੱਖੋਂ ਜ਼ਰੂਰ ਤੋੜ ਰਿਹਾ ਹੈ ਅਸੀਂ ਉਮੀਦ ਕਰਦੇ ਹਾਂ ਕਿ ਪੰਜਾਬੀ ਰੰਗਮੰਚ ਇਸ ਨਾਟਕ ਨੂੰ ਜ਼ਰੂਰ ਸਵੀਕਾਰ ਕਰੇਗਾ ਇਸ ਅੰਕ ਵਿਚ ਸ਼ਾਮਿਲ ਬਾਕੀ ਦੇ ਚਾਰ ਨਾਟਕ ਤਾਂ ਪੰਜਾਬੀ ਰੰਗ-ਮੰਚ ਦੀ ਪ੍ਰਵਾਨਿਤ ਧਾਰਾ ਦੇ ਅੰਤਰਗਤ ਹੀ ਲਿਖੇ ਹੋਏ ਹਨ। ਇਸ ਲਈ ਮੰਡਲੀਆਂ ਆਪਣੀਆਂ ਲੋੜਾਂ ਮੁਤਾਬਿਕ ਇਹਨਾਂ ਨਾਟਕਾਂ ਨੂੰ ਇਸਤੇਮਾਲ ਕਰ ਸਕਦੀਆਂ ਹਨ।

ਸਾਨੂੰ ਵਿਸ਼ਵਾਸ ਹੈ ਕਿ ਇਸ ਅੰਕ ਨਾਲ ਰੰਗਕਰਮੀਆਂ ਦੀਆਂ ਲੋੜਾਂ ਦੀ ਪੂਰਤੀ ਵੀ ਹੋਵੇਗੀ ਅਤੇ ਨਾਟਕ ਦੇ ਅਨੁਵਾਦਕਾਂ ਤੇ ਨਾਟਕਕਾਰਾਂ ਦਾ ਵੀ ਉਤਸ਼ਾਹ ਵਧੇਗਾ।

ਛਾਪਕ : ਬਾਲੀ ਪ੍ਰਿੰਟਿੰਗ ਪ੍ਰੈਸ, ਕਮਲਾ ਮਾਰਕੀਟ, ਮੁਹਾਲੀ



# ਪ੍ਰਾਪੇਗੰਡਾ ਨਾਟਕ

ਯੂਰੀ ਯੂਰਿਨ

ਰੂਸੀ ਭਾਸ਼ਾ ਤੋਂ ਸਿੱਧਾ ਅਨੁਵਾਦ : ਭੋਜ ਰਾਜ ਸ਼ਰਮਾ

**ਪਾਤਰ :**

ਲੇਖਕ, ਨਿਰਦੇਸ਼ਕ, ਸਹਾਇਕ ਨਿਰਦੇਸ਼ਕ, ਅਦਾਕਾਰਾ, ਚੌਕੀਦਾਰ, ਰਾਜਨੀਤਕ ਸਿੱਖਿਆ ਵਿਭਾਗ ਦਾ ਪ੍ਰਧਾਨ (ਜ਼ਵਧੱਲਿਤਪ੍ਰੋਸਵੇਇਤ) ਅਤੇ ਅੰਕੜਾ-ਵਿਗਿਆਨੀ।

0

[ਚੌਕੀਦਾਰ ਸਟੇਜ ਨੂੰ ਬੁਹਾਰ ਰਿਹਾ ਹੈ। ਲੇਖਕ ਆਉਂਦਾ ਹੈ।]

ਲੇਖਕ : ਕੀ ਮੈਂ ਨਿਰਦੇਸ਼ਕ ਨੂੰ ਮਿਲ ਸਕਦਾ ਹਾਂ ?

ਚੌਕੀਦਾਰ : ਤੁਸੀਂ ਕੌਣ ਹੁੰਦੇ ਹੋ ?

ਲੇਖਕ : ਮੈਂ ਉਸ ਨਾਟਕ ਦਾ ਲੇਖਕ ਹਾਂ ਜਿਸਦੀ ਅੱਜ ਰਿਹਰਸਲ ਸ਼ੁਰੂ ਹੋਣੀ ਹੈ।

ਚੌਕੀਦਾਰ : ਅੰਦਰ ਜਾਣ ਦਾ ਹੁਕਮ ਨਹੀਂ ਹੈ।

ਲੇਖਕ : ਕੀ, ਹੁਕਮ ਨਹੀਂ ਹੈ ? ਕਿਉਂ ਨਹੀਂ ਹੈ ਹੁਕਮ ?

ਚੌਕੀਦਾਰ : ਬਹੁਤ ਸਿੱਧੀ ਗੱਲ ਹੈ, ਨਹੀਂ ਹੁਕਮ ਹੈ ਤੇ ਗੱਲ ਮੁਕੀ। ਵੈਸੇ ਵੀ ਓਪਰੇ ਬੰਦਿਆਂ ਨੂੰ ਪਰਦੇ ਪਿੱਛੇ ਜਾਣ ਦੀ ਸਖ਼ਤ ਮਨਾਹੀ ਹੈ।

ਲੇਖਕ : ਪਰ ਮੈਨੂੰ ਜਾਣ ਦਿਓ ! ਮੈਂ ਓਪਰਾ ਨਹੀਂ, ਮੈਂ ਤਾਂ ਲੇਖਕ ਹਾਂ।

ਚੌਕੀਦਾਰ : ਤਾਂ ਕੀ ਹੋਇਆ ! ਜੇ ਹਰੇਕ ਲੇਖਕ ਥੇਟਰ ਵਿਚ ਵੜ ਆਵੇ ਤਾਂ ਥੇਟਰ ਦਾ ਕੀ ਬਣੇਗਾ ? ਲੇਖਕ ਦੀ ਜਗ੍ਹਾ ਤਾਂ ਇਸ਼ਤਿਹਾਰ ਵਿਚ ਹੈ। ਐਵੇਂ ਪਰਦੇ ਦੇ ਪਿੱਛੇ ਆ ਕੇ ਨਾ ਫਸੋ। ਕਾਇਦੇ ਅਸੀਂ ਵੀ ਜਾਣਦੇ ਹਾਂ।

ਲੇਖਕ : ਨਹੀਂ, ਮੈਨੂੰ ਇਸਤੇ ਸਾਫ਼ ਇਤਰਾਜ਼ ਹੈ। ਮੈਂ ਤਾਂ ਇਹੀ ਚਾਹੁੰਦਾ ਹਾਂ ਕਿ ਮੈਨੂੰ ਲੰਘਣ ਦਿੱਤਾ ਜਾਵੇ।

ਚੌਕੀਦਾਰ : ਕਹਿ ਜੋ ਦਿੱਤਾ ਕਿ ਨਹੀਂ ਲੰਘਣ ਦਿਆਂਗਾ, ਗੱਲ ਖਤਮ ਹੋਈ।

ਲੇਖਕ : ਮਿਹਰਬਾਨੀ ਕਰਕੇ ਮੇਰੇ ਨਾਲ ਉੱਚਾ ਨਾ ਬੋਲੋ ਤੁਹਾਨੂੰ ਕੋਈ ਹੱਕ ਨਹੀਂ !

ਚੌਕੀਦਾਰ : ਚੀਖ ਆਪ ਰਹੇ ਹੋ ਤੇ ਆਖਦੇ ਹੋ ਲੋਕਾਂ ਨੂੰ। ਚਲਦੇ ਬਣੋ, ਸਾਹਿਬ ਚਲਦੇ ਬਣੋ। ਇਹਦਾ ਕੋਈ ਫ਼ਾਇਦਾ ਨਹੀਂ !

ਨਿਰਦੇਸ਼ਕ : (ਅੰਦਰ ਆਉਂਦਾ ਹੈ) ਇਹ ਕੀ ਹੋ-ਹੱਲਾ ਹੈ ? ਕੀ ਹੋ ਰਿਹਾ ਹੈ ਇਥੇ ?

ਚੌਕੀਦਾਰ : ਦੇਖੋ ਇਹ ਕਾਮਰੇਡ ਇੱਧਰ ਹੰਗਾਮਾ ਕਰ ਰਿਹੈ। ਕਹਿੰਦੈ ਪਈ ਮੈਂ ਇਹਨੂੰ ਤੁਹਾਡੇ ਕੋਲ ਆਉਣ ਦਿਆਂ।

ਨਿਰਦੇਸ਼ਕ : ਓਹ, ਪਿਆਰੇ ਲੇਖਕ ਜੀ ! ਬਹੁਤ ਖੁਸ਼ੀ ਹੋਈ ਤੁਹਾਨੂੰ ਮਿਲ ਕੇ (ਚੌਕੀ-ਦਾਰ ਨੂੰ ਧੀਮੇ ਜਿਹੇ) ਜਾਹ, ਗਧਾ ਬਾਹਰ ਵੀ ਨਾ ਕੱਢ ਸਕਿਆ।

(ਲੇਖਕ ਨੂੰ) ਐਨ ਵੇਲੇ ਸਿਰ ਤਸ਼ਰੀਫ ਲਿਆਏ ਹੋ ਮਹਾਰਾਜ।

ਲੇਖਕ : ਵੇਲੇ ਸਿਰ ਕਾਹਦਾ ? ਅੰਦਰ ਤਾਂ ਵੜਨ ਨਹੀਂ ਸੀ ਦੇ ਰਹੇ !

ਚੌਂਕੀਦਾਰ : ਕਦੀ "ਬਾਹਰ ਕੱਢ ਦੇ" ਕਦੀ "ਜੀ ਆਇਆਂ ਨੂੰ"—ਤੁਹਾਨੂੰ ਤਾਂ ਰੱਬ ਹੀ ਸਮਝੇ।

[ਚਲਾ ਜਾਂਦਾ ਹੈ।]

ਨਿਰਦੇਸ਼ਕ : ਚੰਨ ਜੀ, ਤੁਸੀਂ ਨਾ ਧਿਆਨ ਦਿਓ। ਗੰਵਾਰ ਲੋਕ ਨੇ, ਸਮਝ ਤਾਂ ਉੱਕਾ ਹੀ ਨਹੀਂ। ਰੱਬ ਦੀ ਸਹੁੰ, ਮੈਂ ਹੁਣ ਤੁਹਾਡੇ ਵੱਲ ਬੰਦਾ ਭੇਜਣ ਦਾ ਇਰਾਦਾ ਹੀ ਕਰ ਰਿਹਾ ਸੀ।

ਲੇਖਕ : ਸੱਚ ? ਇਹ ਗੱਲ ਹੈ ? ਬਹੁਤ ਹੀ ਖੁਸ਼ੀ ਦੀ ਗੱਲ ਹੈ! ਮੈਂ ਖੁਦ ਤੁਹਾਡੇ ਨਾਲ ਆਪਣੇ ਨਾਟਕ ਦੀ ਸਮੁੱਚੀ ਵਿਆਖਿਆ ਬਾਰੇ ਗੱਲ-ਬਾਤ ਕਰਨੀ ਚਾਹੁੰਦਾ ਸੀ।

ਨਿਰਦੇਸ਼ਕ : ਖ਼ੈਰ ਇਹ ਤਾਂ ਫਜ਼ੂਲ ਹੈ। ਇਹ ਆਪਾਂ ਬਾਅਦ ਵਿਚ ਕਿਸੇ ਤਰ੍ਹਾਂ ਦੇ ਸ਼ਬਦਾਂ ਵਿਚ...ਮੈਂ ਤਾਂ ਤੁਹਾਨੂੰ ਸਿਰਫ ਇਕ ਗੱਲ ਬਾਰੇ ਇਤਲਾਹ ਕਰਨਾ ਚਾਹੁੰਦਾ ਸੀ, ਪਿਆਰੇ ਜੀਓ। ਸਾਨੂੰ ਅੰਤਰ-ਰਾਸ਼ਟਰੀ ਇਸਤਰੀ ਮਜ਼ਦੂਰ ਦਿਨ ਵਾਸਤੇ ਢੁੱਕਵਾਂ ਪ੍ਰਾਪੇਗੰਡਾ ਨਾਟਕ ਕਰਨ ਦੀ ਹਦਾਇਤ ਹੋਈ ਹੈ। ਮੈਨੂੰ ਤਾਂ ਤੁਹਾਡਾ ਹੀ ਇਕ ਨਿੱਕਾ ਜਿਹਾ ਨਾਟਕ ਜਚ ਗਿਆ।

ਲੇਖਕ : ਬਹੁਤ-ਬਹੁਤ ਸ਼ੁਕਰੀਆ। ਪਰ ਮੈਨੂੰ ਜਾਪਦਾ ਹੈ ਕਿ ਮੇਰਾ ਨਾਟਕ ਏਸ ਮੌਕੇ ਵਾਸਤੇ ਪੂਰਾ ਨਹੀਂ ਢੁੱਕਦਾ। ਇਹ ਇਕ ਮਨੋਵਿਗਿਆਨਿਕ ਅਧਿਐਨ ਹੈ। ਇਸ ਵਿਚ ਪ੍ਰਾਪੇਗੰਡੇ ਵਾਲੀ ਤਾਂ ਕੋਈ ਗੱਲ ਹੀ ਨਹੀਂ।

ਨਿਰਦੇਸ਼ਕ : ਕੋਈ ਗੱਲ ਨਹੀਂ, ਸਰ ਜਾਏਗਾ। ਸਾਰਾ ਕੁਝ ਨਿਰਦੇਸ਼ਨ ਦੀ ਪਹੁੰਚ-ਵਿਧੀ ਤੇ ਨਿਰਭਰ ਕਰਦਾ ਹੈ। ਬੱਸ ਇਦਾਂ ਬਣਾ ਕੇ ਪੇਸ਼ ਕਰਾਂਗਾ ਕਿ ਵੇਖਦੇ ਹੀ ਰਹਿ ਜਾਓਗੇ।

ਲੇਖਕ : ਪਰ ਮੁਆਫ ਕਰਨਾ, ਮੇਰੇ ਨਾਟਕ ਦਾ ਵਿਸ਼ਾ, ਜੇ ਤੁਹਾਨੂੰ ਯਾਦ ਹੋਵੇ, ਇਸ ਪ੍ਰਕਾਰ ਹੈ: ਨਾਇਕ ਇੱਕ ਸਿੱਧਾ-ਸਾਦਾ ਨੌਜਵਾਨ, ਬੈਂਕ ਵਿਚ ਖਜ਼ਾਨਚੀ ਹੈ। ਉਹ ਇਕ ਕਾਹਵਾ-ਘਰ ਦੀ ਗਾਇਕਾ ਦੇ ਪਿਆਰ ਵਿਚ ਪਾਗਲ ਹੋ ਜਾਂਦਾ ਹੈ। ਉਹ ਉਸਨੂੰ ਮੋਹਿਤ ਕਰ ਲੈਂਦੀ ਹੈ ਤੇ ਉਹ ਉਸਦੀ ਯਾਦ ਵਿਚ ਵਿਆਕੁਲ ਹੋ ਜਾਂਦਾ ਹੈ, ਤੜਫਦਾ ਹੈ, ਸਰਕਾਰੀ ਪੈਸੇ ਨੂੰ ਉਡਾਉਂਦਾ ਹੈ ਤੇ ਘੋਰ ਮਾਯੂਸੀ ਵਿਚ ਉਸਨੂੰ ਮਾਰ ਦਿੰਦਾ ਹੈ। ਨਾਟਕ ਦਾ ਨਾਂ ਹੈ "ਕਾਮਨਾ"। ਹੁਣ ਦੱਸੋ ਇਸ ਵਿਚ ਪ੍ਰਾਪੇਗੰਡੇ ਵਾਲੀ ਕੀ ਚੀਜ਼ ਹੈ ? ਇਸ ਤੋਂ ਇਲਾਵਾ ਇਸ ਵਿਚ ਅੰਤਰ-ਰਾਸ਼ਟਰੀ ਇਸਤਰੀ ਮਜ਼ਦੂਰ ਦਿਨ ਬਾਰੇ ਕਿਹੜੀ ਗੱਲ ਹੈ ?

ਨਿਰਦੇਸ਼ਕ : ਪਿਆਰੇ ਜੀਓ ਮੈਂ ਤੁਹਾਨੂੰ ਸਮਝਦਾ ਹਾਂ, ਸਮਝਦਾ ਹਾਂ, ਪਰ ਕੀਤਾ ਕੀ ਜਾਏ ਜਦੋਂ ਸਾਥੋਂ ਮੰਗੀ ਹੀ ਜਾ ਰਹੇ ਨੇ। ਇਨ੍ਹਾਂ ਰਾਜਨੀਤਕ ਸਿੱਖਿਆ ਸੰਸਥਾਵਾਂ ਵਗੈਰਾ ਨੂੰ ਤਾਂ ਤੁਸੀਂ ਜਾਣਦੇ ਹੀ ਹੋ। ਪਰ ਤੁਸੀਂ ਪਰੇਸ਼ਾਨ ਨਾ ਹੋਵੋ। ਤੁਹਾਡੇ ਇਸ ਛੋਟੇ ਜਿਹੇ ਨਾਟਕ ਵਿਚ ਕੁਝ ਅਦਲ-ਬਦਲ ਤਾਂ ਕਰਨੀ ਹੀ ਪਵੇਗੀ। ਪਰ ਇਹ ਤਾਂ ਮਾਮੂਲੀ ਗੱਲ ਹੈ। ਤੁਸੀਂ ਇਹ ਨਾ ਭੁੱਲੋ ਕਿ ਸਾਨੂੰ ਆਪਣੇ ਜ਼ਮਾਨੇ ਨਾਲ ਸੁਰ ਮਿਲਾਉਣੀ ਪਏਗੀ।

ਅਦਾਕਾਰਾ : (ਅੰਦਰ ਆਉਂਦੀ ਹੈ) ਅੱਛਾ ਤਾਂ ਇਸ ਬਕਵਾਸ ਦੀ ਰਿਹਰਸਲ ਕੀ ਹੁਣ ਜਲਦੀ ਹੀ ਸ਼ੁਰੂ ਕਰਾਂਗੇ ਕਿ ਨਹੀਂ ?

ਨਿਰਦੇਸ਼ਕ : ਹਾਂ ਹੁਣੇ ਹੀ ਪਿਆਰੇ ਜੀਓ। ਲਓ ਲਗਦੇ ਹੱਥ ਤੁਹਾਡੀ ਜਾਣ-ਪਛਾਣ ਹੀ ਕਰਾ ਦਈਏ। ਸਾਡੇ ਲੇਖਕ, ਤੁਹਾਡੇ ਨਾਟਕ ਦੀ ਮੁੱਖ ਭੂਮਿਕਾ ਦੀ ਅਦਾਕਾਰਾ।

ਅਦਾਕਾਰਾ : ਵਾਹ, ਤੁਸੀਂ ਲੇਖਕ ਹੋ। ਕਿੰਨੀ ਖੁਸ਼ੀ ਦੀ ਗੱਲ ਹੈ। ਬਹੁਤ ਹੀ ਪਿਆਰੀ ਚੀਜ਼ ਪੇਸ਼ ਕੀਤੀ ਹੈ। ਕਿੰਨੀ ਸੂਖਮ ਤੇ ਕਿੰਨੀ ਮੌਲਿਕ, ਤੇ ਹਾਂ ਤੁਹਾਡੇ ਪਾਸ ਸਿਗਰਟ ਹੈ ?

ਨਿਰਦੇਸ਼ਕ : ਚੰਗਾ ਸ਼ੁਰੂ ਕਰਦੇ ਹਾਂ (ਚਿਲਾਉਂਦਾ ਹੈ) ਸਾਥੀ, ਰੁੱਝੇ ਹੋਏ ਬੰਦਿਆਂ ਨੂੰ ਇਕੱਠੇ ਕਰ (ਲੇਖਕ ਨੂੰ) ਤੇ ਤੁਸੀਂ ਮੇਰੇ ਪਿਆਰੇ ਜੀ ਜੇ ਕੋਈ ਦਿਲਚਸਪੀ ਹੈ ਤਾਂ ਔਧਰ ਪਾਸੇ ਹੋ ਕੇ ਬੈਠ ਜਾਓ। ਸ਼ਰਤ ਸਿਰਫ ਇਕ ਹੈ: ਰਿਹਰਸਲ ਦੇ ਵਕਤ ਚੁੱਪ-ਚਾਪ ਰਹਿਣੈ। ਪਰ ਬਾਅਦ ਵਿਚ ਆਪਾਂ ਸਭ ਕੁਝ ਤੈਅ ਕਰ ਲਵਾਂਗੇ।

ਸ. ਨਿਰਦੇਸ਼ਕ : ਰੁੱਝੇ ਹੋਏ ਸਭ ਸਟੇਜ ਤੇ ਆ ਜਾਣ। ਸ਼ੁਰੂ ਕਰਦੇ ਹਾਂ।

[ਅਦਾਕਾਰਾ ਅਤੇ ਅੰਕੜਾ ਵਿਗਿਆਨੀ ਸਾਹਮਣੇ ਆਉਂਦੇ ਹਨ।]

ਨਿਰਦੇਸ਼ਕ : ਸਟੇਜ ਸਜਾ ਦਿਓ। ਸੱਜੇ ਪਾਸੇ ਛੋਟਾ ਸੋਫ਼ਾ—ਖੱਬੇ ਪਾਸੇ ਦੋ ਆਰਾਮ ਕੁਰਸੀਆਂ ਤੇ ਨਿੱਕੀ ਜਿਹੀ ਮੇਜ਼।

ਸ. ਨਿਰਦੇਸ਼ਕ : ਏਸ ਹਫਤੇ ਨਾਟਕ 'ਚੋਰਾਂ ਦਾ ਮਾਲ ਡਾਂਗਾਂ ਦੇ ਗਜ਼" ਵਿਚ ਇਹ ਇਸੇ ਤਰ੍ਹਾਂ ਹੀ ਪਏ ਸਨ।

ਨਿਰਦੇਸ਼ਕ : ਏਸੇ ਤਰ੍ਹਾਂ ? ਹੂੰ...ਤਾਂ ਫੇਰ ਕੁੱਝ ਮੌਲਿਕਤਾ ਜ਼ਰੂਰ ਚਾਹੀਦੀ ਹੈ--ਖੱਬੇ ਪਾਸੇ ਸੋਫਾ, ਸੱਜੇ ਪਾਸੇ ਦੋ ਅਰਾਮ ਕੁਰਸੀਆਂ ਤੇ ਮੇਜ਼। ਸੋਫੇ ਦੇ ਪਾਸ ਅੰਗੀਠੀ ਵਿਚ ਮਨੋਵ੍ਰਿਤੀ ਵਾਸਤੇ ਲਾਲ ਰੋਸ਼ਨੀ...

ਲੇਖਕ : ਨਾਟਕ ਦਾ ਐਕਸ਼ਨ ਤਾਂ ਕਾਹਵਾ-ਘਰ ਦੀ ਵੱਖਰੀ ਕੈਬਿਨ ਵਿਚ ਹੁੰਦੈ।

ਨਿਰਦੇਸ਼ਕ : ਠੀਕ ਹੈ, ਠੀਕ ਹੈ, ਬਹੁਤ ਅੱਛੇ ! ਮੇਜ਼ ਤੇ ਸ਼ੈਂਪੇਨ, ਫਲ, ਫੁੱਲ ਤੇ ਬੁਰਜੂਆਈ ਨਿਘਾਰ ਦੇ ਹੋਰ ਚਿੰਨ੍ਹ ਰੱਖ ਦਿਉ। ਪਰਦਾ ਉੱਠਣ ਤੇ ਸੰਗੀਤ...ਅੰਗ੍ਰੇਜ਼ੀ ਨਾਚ। ਸਾਰੇ ਨੱਚ ਰਹੇ ਹਨ।

ਲੇਖਕ : ਪਰ ਨਾਟਕ ਤਾਂ ਘੋਰ ਮਨੋਵਿਗਿਆਨਕ ਦ੍ਰਿਸ਼ ਨਾਲ ਸ਼ੁਰੂ ਹੁੰਦੈ...

ਨਿਰਦੇਸ਼ਕ : ਪਰਵਾਹ ਨਾ ਕਰੋ। ਬੁਰਜੂਆ ਲੋਕਾਂ ਦਾ ਮੁਕੰਮਲ ਨਿਘਾਰ ਦਿਖਾਉਣਾ

ਜ਼ਰੂਰੀ ਹੈ। ਨੱਚੋ, ਨੱਚੋ, ਹੋਰ ਜ਼ਿਆਦਾ ਨਿਘਾਰ, ਹੋਰ। ਇਹ ਤਾਂ ਕੋਈ ਗੱਲ ਨਹੀਂ ਬਣਦੀ। ਇਹ ਤਾਂ ਕੋਈ ਘਰੇਲੂ ਜਿਹੀ ਸ਼ਾਮ ਦੀ ਪਾਰਟੀ ਲਗਦੀ ਹੈ ਜਿਸ ਵਿਚ ਨਾਚ ਹੋ ਰਿਹਾ ਹੋਵੇ। ਬਦਚਲਣੀ ਕਿੱਥੇ ਐ, ਕਾਮ-ਵਿਕਾਰ ਕਿੱਥੇ ਐ ?

ਸ. ਨਿਰਦੇਸ਼ਕ : (ਮਸੋਸਿਆ ਜਿਹਾ) ਜਲਦੀ ਦਿਖਾਓ ਨਿਘਾਰ, ਸੋਚਣ ਦੀ ਕਿਹੜੀ ਗੱਲ ਐ ? ਥਰਕਾ, ਥਰਕਾ ਕੇ ਹਿਲਾਓ ਪੱਟਾਂ ਨੂੰ ਜ਼ੋਰ ਨਾਲ ਜ਼ੋਰ ਨਾਲ। ਮਰੋੜੇ ਦਿਉ ਮਰੋੜੇ ! ਹਾਂ ਇੰਜ ! ਨਹੀਂ ਇੰਜ ਨਹੀਂ, ਠਹਿਰੋ ਮੈਂ ਖੁਦ ਤੁਹਾਨੂੰ ਕਰਕੇ ਦਿਖਾਉਂਦਾ ਹਾਂ (ਦਿਖਾਉਂਦਾ ਹੈ) ਦੇਖ ਰਹੇ ਹੋ ਜੋਸ਼ ? ਹਵਸ ਦੇਖ ਰਹੇ ਹੋ ? ਮੈਨੂੰ ਹਵਸ ਪੇਸ਼ ਕਰਕੇ ਦਿਖਾਉ ਬੀਬੀ।

ਲੇਖਕ : ਨਹੀਂ ਮੈਂ ਇਸਦੇ ਬਿਲਕੁਲ ਖਿਲਾਫ ਹਾਂ। ਜੇ ਤੁਸੀਂ ਆਪਣੇ ਨਜ਼ਰੀਏ ਨਾਲ ਵੀ ਮੇਰੇ ਨਾਟਕ ਦੀ ਇਕ ਪ੍ਰਾਪੇਗੰਡਾ ਨਾਟਕ ਦੇ ਤੌਰ ਤੇ ਵਿਆਖਿਆ ਕਰੋ, ਤਾਂ ਵੀ ਅੰਗ੍ਰੇਜ਼ੀ ਨਾਚ ਦਾ ਤਾਂ ਉਥੇ ਕੰਮ ਹੀ ਕੋਈ ਨਹੀਂ।

ਨਿਰਦੇਸ਼ਕ : ਤੁਸੀਂ ਤਾਂ ਕਮਲੀਆਂ ਗੱਲਾਂ ਕਰਦੇ ਹੋ ਮਹਾਰਾਜ ! ਪੂੰਜੀਵਾਦੀ ਸੱਭਿਆਚਾਰ ਦੇ ਨਿਘਾਰ ਦੇ ਚਿੰਨ੍ਹਾਂ ਤੋਂ ਬਿਨਾਂ ਇਹ ਪ੍ਰਾਪੇਗੰਡਾ ਨਾਟਕ ਕਾਹਦਾ ਹੋਇਆ ? ਇਹੀ ਤਾਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਚੀਜ਼ ਹੈ। ਏਸੇ ਲਈ ਤਾਂ ਜਨਤਾ ਆਉਂਦੀ ਹੈ। ਮੇਅਰਹੋਲਡ ਦੇ ਕਰਵਾਏ ਹੋਏ ਨਾਟਕਾਂ ਵਿਚ ਵੀ ਬੁਰਜੂਆਈ ਨਿਘਾਰ ਦੇ ਚਿੰਨ੍ਹ ਬਾਕੀ ਸਭ ਨਾਲੋਂ ਚੰਗੇ ਸਾਬਤ ਹੁੰਦੇ ਹਨ। ਵਿਚਾਰਧਾਰਾ ਨੂੰ ਸੁੱਕਿਆਂ ਹੀ ਤਾਂ ਨਹੀਂ ਲੰਘਾਇਆ ਜਾ ਸਕਦਾ। ਇਸ ਕਰਕੇ ਮਿਹਰਬਾਨੀ ਕਰੋ-ਅੰਗ੍ਰੇਜ਼ੀ ਨਾਚ ਨਾਲ ਹੀ ਚੱਲਣ ਦਿਓ। (ਮੰਚ ਵੱਲ ਚਿਲਾਉਂਦਾ ਹੈ) ਮੈਨੂੰ ਹਵਸ ਪੇਸ਼ ਕਰਕੇ ਦਿਖਾਓ ਦਫ਼ਾ ਹੋਣਿਓ...ਇੰਜ ! ਠੀਕ ਹੈ ! ਬਹੁਤ ਹੈ ! ਆਓ ਸਟੇਜ ਤੇ, ਆਪਣਾ ਸੀਨ ਸ਼ੁਰੂ ਕਰ ਦਿਉ।

ਅਦਾਕਾਰਾ : (ਆਪਣਾ ਰੋਲ ਪੜ੍ਹਦਾ ਹੈ) ਓ ਮੇਰੀ ਪਿਆਰੀ, ਮੈਂ ਤੇਰੇ ਪਿਆਰ ਵਿਚ ਦੀਵਾਨਾ ਹੋ ਗਿਆ ਹਾਂ। ਮੈਂ ਤੇਰੀ ਮੁਹੱਬਤ ਵਿਚ ਹੰਭ ਗਿਆ ਹਾਂ।

ਨਿਰਦੇਸ਼ਕ : ਇਉਂ ਨਹੀਂ, ਇਉਂ ਨਹੀਂ। ਦਫਾ ਕਰ ਇਨ੍ਹਾਂ ਬੁੱਧੀਜੀਵੀਆਂ ਵਾਲੇ ਗਿਲਿਆਂ ਨੂੰ ! ਫੇਰ ਉਹੀ ਖੱਟਮਿਠਾ ਆਸ਼ਕ।

ਅਦਾਕਾਰਾ : ਤਾਂ ਫੇਰ ਮੈਂ ਕੀਹਦਾ ਰੋਲ ਕਰ ਰਿਹਾ ਹਾਂ ? ਕਿਹੋ ਜਿਹਾ ਕਿਰਦਾਰ ਹੈ ਇਹ ?

ਨਿਰਦੇਸ਼ਕ : ਦੇਖੋ, ਨਾਟਕ ਚ ਅਸਲ ਵਿਚ ਇਕ ਸਿੱਧਾ-ਸਾਦਾ ਨੌਜਵਾਨ ਹੈ ਜੋ ਬੈਂਕ ਵਿਚ ਖਜ਼ਾਨਚੀ ਹੈ ਤੇ ਕਾਹਵਾ-ਘਰ ਦੀ ਗਾਇਕਾ ਦਾ ਆਸ਼ਿਕ ਹੈ। ਪਰ ਆਪਾਂ ਏਸ ਦੀ ਜ਼ਰਾ ਵੱਖਰੀ ਤਰ੍ਹਾਂ ਵਿਆਖਿਆ ਕਰਾਂਗੇ, ਵੱਡੀ ਬੁਰਜੂਆਜ਼ੀ ਦੇ ਨੁਮਾਇੰਦੇ ਦੇ ਤੌਰ ਤੇ। ਬੁਰਜੂਆਈ ਮੱਕੜੀ ਆਪਣੇ ਸ਼ਿਕਾਰ ਲਈ ਜਾਲਾ ਬੁਣ ਰਹੀ ਹੈ।



ਲੇਖਕ : ਕੀ ਬਕਵਾਸ ਹੈ ? ਇਹ ਤਾਂ ਮੇਰੀ ਵਿਉਂਤ ਦੇ ਬਿਲਕੁਲ ਹੀ ਉਲਟ ਹੈ।

ਨਿਰਦੇਸ਼ਕ : ਪਿਆਰੇ ਜੀਓ, ਬੁਰਾ ਨਾ ਮਨਾਉ। ਸਾਨੂੰ ਜ਼ਮਾਨੇ ਦੇ ਨਾਲ ਸੁਰ ਮਿਲਾਉਣੀ ਚਾਹੀਦੀ ਹੈ।

ਅਦਾਕਾਰਾ : ਜੇ ਬੁਰਜੂਆ ਹੈ ਫੇਰ ਤਾਂ ਮੋਟਾਪਾ ਦਿਖਾਉਣ ਲਈ ਪੈਡਿੰਗ ਤੇ ਫਰਾਕਕੋਟ ਵੀ ਚਾਹੀਦੇ।

ਨਿਰਦੇਸ਼ਕ : ਬੇਸ਼ਕ, ਪਰ ਮੈਨੂੰ ਮੱਕੜੀ ਪੇਸ਼ ਕਰਕੇ ਦਿਖਾਓ, ਬੁਰਜੂਆਈ ਮੱਕੜੀ।

ਅਦਾਕਾਰਾ : (ਅਭਿਨੈ ਕਰਦਾ ਹੈ) ਓ ਮੇਰੀ ਮਹਿਬੂਬਾ ਮੈਂ ਤੇਰੇ ਪਿਆਰ ਵਿਚ ਦੀਵਾਨਾ ਹੋ ਗਿਆ ਹਾਂ। ਮੈਂ ਤੇਰੀ ਮੁਹੱਬਤ ਵਿਚ ਹੰਭ ਗਿਆ ਹਾਂ।

ਨਿਰਦੇਸ਼ਕ : ਕਮਾਲ ਹੈ ! ਬ-ਹੁ-ਤ ਖੂਬ !

ਅਦਾਕਾਰਾ : (ਨਿਢਾਲ ਹੋਈ ਅਭਿਨੈ ਕਰਦੀ ਹੈ) ਬੱਸ ਵੀ ਕਰੋ, ਤੁਸੀਂ ਤਾਂ ਮੇਰੀ ਜਾਨ ਖਾ ਗਏ ਹੋ।

ਨਿਰਦੇਸ਼ਕ : ਮੇਰੀ ਪਿਆਰੀ ਜੀਓ, ਕਰਦੇ ਕੀ ਪਏ ਹੋ ! ਤੁਸੀਂ ਤਾਂ ਜਿਵੇਂ ਕਿਸੇ ਤ੍ਰਿਪਤ ਅਤੇ ਨਿਢਾਲ ਹੋਈ ਇਸਤ੍ਰੀ ਦਾ ਅਭਿਨੈ ਕਰ ਰਹੇ ਹੋ।

ਅਦਾਕਾਰਾ : ਠੀਕ ਹੈ, ਪਰ ਟਿੱਪਣੀ ਜੁ ਹੈ "ਨਿਢਾਲ ਹੋਕੇ, ਗਲਿਆਣ ਨਾਲ"।

ਨਿਰਦੇਸ਼ਕ : ਦਫਾ ਕਰੋ ਟਿੱਪਣੀਆਂ ਨੂੰ। ਟਿੱਪਣੀਆਂ ਤਾਂ ਹੁੰਦੀਆਂ ਹੀ ਇਸ ਵਾਸਤੇ ਨੇ ਕਿ ਉਨ੍ਹਾਂ ਨੂੰ ਕੱਟ ਦਿੱਤਾ ਜਾਵੇ। ਯਾਦ ਰੱਖੋ ਕਿ ਅਸੀਂ ਪੂਰੇ ਨਾਟਕ ਨੂੰ ਵੱਖਰੀ ਤਰ੍ਹਾਂ ਨਿਭਾਅ ਰਹੇ ਹਾਂ। ਤੁਸੀਂ ਕਾਰਖਾਨੇ ਦੀ ਮਜ਼ਦੂਰਨ ਦਾ ਅਭਿਨੈ ਕਰ ਰਹੇ ਹੋ।

ਅਦਾਕਾਰਾ : ਕਿਹੜੀ ਕਾਰਖਾਨੇ ਦੀ ਮਜ਼ਦੂਰਨ ? ਇਹ ਕਿਧਰੋਂ ਕੱਢ ਲਿਆਏ ? ਲਿਖੇ ਹੋਏ ਰੋਲ ਅਨੁਸਾਰ ਤਾਂ ਕਾਹਵਾ-ਘਰ ਦੀ ਗਾਇਕਾ ਹੈ।

ਨਿਰਦੇਸ਼ਕ : ਰੋਲ ਵਿਚ ਕੁਛ ਵੀ ਹੋ ਸਕਦਾ ਹੈ। ਤੁਸੀਂ ਆਪੇ ਹੀ ਵਿਚਾਰੋ ਕਿ ਜੇ ਨਾਟਕ ਅੰਤਰ-ਰਾਸ਼ਟਰੀ ਇਸਤ੍ਰੀ-ਮਜ਼ਦੂਰ ਦਿਨ ਤੇ ਕੀਤਾ ਜਾ ਰਿਹਾ ਹੈ ਤਾਂ ਫਿਰ ਇਸ ਵਿਚ ਕਾਹਵਾ ਘਰ ਦੀ ਗਾਇਕਾ ਦਾ ਕੀ ਕੰਮ ?

ਲੇਖਕ : ਨਹੀਂ, ਇਹ ਤੁਸੀਂ ਕੀ ਕਰ ਰਹੇ ਹੋ ? ਇਹ ਤਾਂ ਹਨੇਰ-ਗਰਦੀ ਹੈ, ਲੇਖਕ ਨਾਲ ਧੱਕਾ ਹੈ।

ਨਿਰਦੇਸ਼ਕ : ਤੈਸ਼ ਵਿਚ ਨਾ ਆਓ ਪਿਆਰੇ ਜੀਓ, ਤੁਸੀਂ ਦੇਖਣਾ ਸਭ ਕੁੱਝ ਸ਼ਾਨਦਾਰ ਢੰਗ ਨਾਲ ਹੋ ਨਿਬੜੇਗਾ। ਅਸੀਂ ਜ਼ਮਾਨੇ ਦਾ ਅਤਿ-ਅਜੋਕਾ ਨਾਟਕ ਪੇਸ਼ ਕਰਾਂਗੇ (ਅਦਾਕਾਰਾ ਨੂੰ) ਤੁਸੀਂ ਪੂੰਜੀਵਾਦੀ ਦਾ ਸ਼ਿਕਾਰ ਹੋ। ਇਕ ਉਸਾਰੂ ਕਿਰਦਾਰ। ਤੜਫੋ, ਖੂਬ ਤੜਫੋ ! ਹਾਂ ਇੰਜ ਚਿੱਲਓ :

ਮੇਰਾ ਖਹਿੜਾ ਵੀ ਛੱਡ ਦਿਓ । ਤੁਸੀਂ ਤਾਂ ਮੇਰੀ ਜਾਨ ਖਾ ਗਏ ਹੋ ।

ਅਦਾਕਾਰਾ : ਮੇਰਾ ਖਹਿੜਾ ਵੀ ਛੱਡ ਦਿਉ । ਤੁਸੀਂ ਤਾਂ ਮੇਰੀ ਜਾਨ ਖਾ ਗਏ ਹੋ

ਨਿਰਦੇਸ਼ਕ : ਇੰਜ, ਇੰਜ ! ਬਹੁਤ ਅੱਛੇ । ਅੱਗੇ ਚੱਲੋ ।

ਅਦਾਕਾਰ : ਨੀ ਤੂੰ ਮੈਨੂੰ ਦੁਰਕਾਰ ਨਾ ਮੈਂ ਤੇਰੇ ਬਾਝੋਂ ਨਹੀਂ ਰਹਿ ਸਕਦਾ । ਮੈਂ ਤਾਂ ਤੇਰੇ ਚਰਣਾਂ ਵਿਚ ਸਭ ਕੁੱਝ ਲਿਆ ਸੁੱਟਿਆ ਹੈ ।

ਨਿਰਦੇਸ਼ਕ : ਨਹੀਂ ਇਹ ਨਹੀਂ ਚੱਲਣਾ । ਇਹ ਸ਼ਬਦ ਨਹੀਂ ਢੁਕਦੇ । ਮਨੋਵਿਗਿਆਨਕ ਤੌਰ ਤੇ ਸਹੀ ਨਹੀਂ । ਕੁਛ ਅਦਲ ਬਦਲ ਦੀ ਲੋੜ ਹੈ । ਉਥੇ ਕਿਸ ਤਰ੍ਹਾਂ ਹੈ "ਨੀ ਤੂੰ ਮੈਨੂੰ ਦੁਰਕਾਰ ਨਾ ?" ਬਿਹਤਰ ਹੈ ਇਸ ਤਰ੍ਹਾਂ ਕਹੋ "ਤੂੰ ਮੇਰੇ ਕੋਲੋਂ ਭੱਜ ਕੇ ਕਿੱਥੇ ਜਾਏਂਗੀ ?"

ਅਦਾਕਾਰਾ : ਤੂੰ ਮੇਰੇ ਕੋਲੋਂ ਭੱਜ ਕੇ ਕਿੱਥੇ ਜਾਏਂਗੀ ਮੈਂ ਤੇਰੇ ਬਾਝੋਂ ਨਹੀਂ ਰਹਿ ਸਕਦਾ । ਮੈਂ ਤਾਂ ਸਭ ਕੁੱਝ ਤੇਰੇ ਚਰਣਾਂ ਵਿਚ ਲਿਆ ਸੁੱਟਿਆ ਹੈ ।

ਨਿਰਦੇਸ਼ਕ : ਬਕਵਾਸ, ਬਕਵਾਸ । ਇਹਦਾ ਕੀ ਮਤਲਬ ਹੋਇਆ, "ਤੂੰ ਮੇਰੇ ਕੋਲੋਂ ਭੱਜ ਕੇ ਕਿੱਥੇ ਜਾਏਂਗੀ, ਮੈਂ ਤਾਂ ਤੇਰੇ ਚਰਣਾਂ ਵਿਚ ਸਭ ਕੁੱਝ ਲਿਆ ਸੁੱਟਿਆ ਹੈ ?" ਰੋਲ ਨੂੰ ਠੀਕ ਕਰਕੇ ਬੋਲੋ ! "ਤੂੰ ਮੇਰੇ ਕੋਲੋਂ ਭੱਜ ਕੇ ਕਿੱਥੇ ਜਾਏਂਗੀ, ਮੈਂ ਤਾਂ ਤੈਨੂੰ ਖਰੀਦਿਆ ਹੋਇਐ ਹੈ, ਤੂੰ ਤਾਂ ਮੇਰੀ ਹੈਂ ।"

ਅਦਾਕਾਰਾ : ਮੈਨੂੰ ਤੁਹਾਡੇ ਨਾਲ ਕੋਈ ਮੁਹੱਬਤ ਨਹੀਂ । ਤੁਸੀਂ ਤਾਂ ਨਕਰਮੇ, ਨਿਗੂਣੇ ਹੋ । ਮੈਨੂੰ ਸਿਰਫ ਇਕ ਹਰਕਤ ਕਰਨ ਦੀ ਲੋੜ ਹੈ, ਤੁਸੀਂ ਤਾਂ ਚੂਰ-ਚੂਰ ਹੋ ਜਾਉਗੇ ।

ਨਿਰਦੇਸ਼ਕ : ਬਹੁਤ ਖੂਬ, ਬਹੁਤ ਅੱਛੇ । ਇਹ ਮਨੋਵਿਗਿਆਨਕ ਤੌਰ ਤੇ ਸਹੀ ਹੈ, ਵਿਚਾਰਧਾਰਾ ਦੇ ਪੱਖੋਂ ਪੂਰਾ ਉਤਰਦਾ ਹੈ ਤੇ ਜ਼ਮਾਨੇ ਦੇ ਵੀ ਐਨ ਮੁਤਾਬਕ ਹੈ । ਉਹ ਇਕ ਮਜ਼ਦੂਰ ਔਰਤ ਹੈ—ਦੁਨੀਆਂ ਦੀ ਪ੍ਰੋਲਤਾਰੀ ਦੀ ਪ੍ਰਤਿਨਿਧੀ, ਉਸਨੂੰ ਸਿਰਫ ਇਕ ਹਰਕਤ ਕਰਨ ਦੀ ਲੋੜ ਹੈ—ਤੇ ਬੁਰਜੁਆਜ਼ੀ ਚੂਰ ਚੂਰ ਹੋ ਜਾਏਗੀ । ਬਹੁਤ ਅੱਛੇ । ਚਲੋ ਅੱਗੇ !

ਅਦਾਕਾਰਾ : "ਆਹ ਹੈ ਉਹ, ਮੇਰਾ ਆਸ਼ਿਕ, ਮੇਰਾ ਇਕੋ-ਇਕ, ਮੇਰਾ ਸੁਹਣਾ, ਉਹ ਜਿਸਨੂੰ ਮੈਂ ਮੁਹੱਬਤ ਕਰਦੀ ਹਾਂ ।"

[ਆਪਣੀ ਚੋਲੀ ਵਿਚੋਂ ਫੋਟੋਗਰਾਫ ਕੱਢ ਕੇ ਚੁੰਮਦੀ ਹੈ ।]

ਨਿਰਦੇਸ਼ਕ : ਫੋਟੋ ? ਬਹੁਤ ਅੱਛੇ ਸਾਥੀ, ਸ਼ੋਅ ਵਾਸਤੇ ਕਾਰਲ-ਮਾਰਕਸ ਦੀ ਤਸਵੀਰ ਲਈ ਲਿਖ ਭੇਜੋ ।

ਸ. ਨਿਰਦੇਸ਼ਕ : ਹੈ ਆਪਣੇ ਪਾਸ । ਪ੍ਰਵੇਸ਼ ਹਾਲ ਵਿਚ ਲੱਗੀ ਹੋਈ ਹੈ, ਹੁਣੇ ਹੀ ਲਉ ।

[ਚਲਾ ਜਾਂਦਾ ਹੈ]

ਲੇਖਕ : ਪਰ ਮੁਆਫ ਕਰਨਾ ਇਥੇ ਮਾਰਕਸ ਦਾ ਕੀ ਕੰਮ ?



ਨਿਰਦੇਸ਼ਕ : ਕੰਮ ਕਿਉਂ ਨਹੀ । ਕਿਸੇ ਐਰੇ-ਗੈਰੇ ਆਸ਼ਕ ਨੂੰ ਤਾਂ ਨਹੀਂ ਉਹ ਚੁੰਮ ਰਹੀ । ਤੁਸੀਂ ਭੁੱਲ ਰਹੇ ਹੋ ਕਿ ਨਾਟਕ ਪ੍ਰਾਪੇਗੰਡੇ ਵਾਲਾ ਹੈ । ਅਸੀਂ ਸਿਆਸੀ ਤੌਰ ਤੇ ਬਿਲਕੁਲ ਚੇਤੰਨ ਤੇ ਪ੍ਰੌੜ ਮਜ਼ਦੂਰ-ਔਰਤ ਦਿਖਾਉਣੀ ਹੈ । ਉਹ ਆਗੂ ਦੀ ਤਸਵੀਰ ਕੱਢਦੀ ਹੈ ਤੇ ਇਸ ਨੂੰ ਚੁੰਮਦੀ ਹੈ । ਬਿਲਕੁਲ ਮੰਨਣਯੋਗ ਹੈ ।

[ਸਹਾਇਕ ਨਿਰਦੇਸ਼ਕ ਤਸਵੀਰ ਲਿਆਉਂਦਾ ਹੈ]

ਅਦਾਕਾਰਾ : (ਤਸਵੀਰ ਨੂੰ ਚੁੰਮਦੇ ਹੋਏ) ਉਹ, ਮੇਰਾ ਆਸ਼ਕ, ਮੇਰਾ ਇਕੋ-ਇਕ, ਮੇਰਾ ਸੁਹਣਾ, ਜਿਸ ਨੂੰ ਮੈਂ ਪਿਆਰ ਕਰਦੀ ਹਾਂ ।

ਅਦਾਕਾਰ : ਪਰ੍ਹਾਂ ਕਰ ਪਰ੍ਹਾਂ ਇਸ ਘਿਣੌਣੀ ਸੂਰਤ ਨੂੰ ।

ਨਿਰਦੇਸ਼ਕ : (ਲੇਖਕ ਨੂੰ) ਦੇਖੋ, ਦੇਖੋ ਨਾਟਕ ਕਿਵੇ ਨਿੱਖਰ ਰਿਹਾ ਹੈ । ਪਿਆਰੇ ਜੀਉ ਤੁਹਾਨੂੰ ਤਾਂ ਚਿੱਤ-ਚੇਤਾ ਵੀ ਨਹੀਂ ਕਿ ਅਸੀਂ ਕਿੰਨੀ ਸ਼ਾਨਦਾਰ ਰਚਨਾ ਰਚੀ ਹੈ ।

ਲੇਖਕ : ਠੀਕ ਹੈ, ਲੇਕਿਨ...

ਨਿਰਦੇਸ਼ਕ : ਕੋਈ ਲੇਕਿਨ-ਲੂਕਨ ਨਹੀਂ । ਹਾਲੇ ਤਾਂ ਇਹ ਵੀ ਨਹੀਂ ਪਤਾ ਚੰਨ ਜੀਓ ਕਿ ਇਹ ਨਾਟਕ ਹੋਵੇਗਾ ਵੀ ਜਾਂ ਨਹੀਂ । (ਕਲਾਕਾਰਾਂ ਨੂੰ) ਜਾਰੀ ਰੱਖੋ । ਟਿੱਪਣੀ ਅਨੁਸਾਰ ਹੁਣ ਉਹ ਤਸਵੀਰ ਖੋਂਹਦਾ ਹੈ ਤੇ ਇਸ ਨੂੰ ਫਾੜ ਦੇਣਾ ਚਹੁੰਦਾ ਹੈ—ਖੋਹ ਲਉ ਤਸਵੀਰ, ਖੋਹ ਲਉ ।

ਅਦਾਕਾਰਾ : ਏਸ ਤਸਵੀਰ ਨੂੰ ਹੱਥ ਨਾ ਲਾਉਣਾ ਜੀ ਇਹ ਤਾਂ ਮੇਰੇ ਬੱਚੇ ਦਾ ਪਿਉ ਹੈ ਜਿਸਨੂੰ ਮੈਂ ਦਿਲ ਨਾਲ ਲਗਾ ਕੇ ਰੱਖਦੀ ਹਾਂ ।

ਨਿਰਦੇਸ਼ਕ : ਓ-ਹੋ ਸੱਤਿਆਨਾਸ ; (ਲੇਖਕ ਨੂੰ) ਤੁਸੀਂ ਲਿਖ ਕੀ ਦਿੰਦੇ ਹੋ ਪਿਆਰੇ ਜੀਓ ? ਇਸ ਤਰ੍ਹਾਂ ਵੀ ਕਦੀ ਹੋ ਸਕਦਾ ਹੈ । ਕੱਟੋ, ਦਫਾ ਕਰੋ ਇਸ ਪਿਉ ਨੂੰ ਤੇ ਉਸਦੇ ਬੱਚੇ ਨੂੰ ।

ਲੇਖਕ : ਮੈਂ ਤਾਂ ਤੁਹਾਨੂੰ ਆਖ ਹੀ ਰਿਹਾ ਸੀ ।

ਨਿਰਦੇਸ਼ਕ : ਚਲੋ ਠੀਕ ਹੈ, ਤਾਂ ਕੀ ਹੋਇਆ । ਜੇ ਚੱਜ ਦਾ ਨਾਟਕ ਨਹੀਂ ਲਿਖ ਸਕਦੇ, ਤਾਂ ਚੁੱਪ ਤਾਂ ਰਹੋ । ਚਲੋ ਅੱਗੇ ।

ਅਦਾਕਾਰਾ : ਤੂੰ ਤਾਂ ਮੈਨੂੰ ਡਰਾ ਰਹੀਂ ਹੈਂ । ਮੇਰੇ ਸਾਮ੍ਹਣੇ ਖੌਫਨਾਕ ਭੂਤ ਉਭਰ ਰਹੇ ਨੇ...

ਨਿਰਦੇਸ਼ਕ : ਖੌਫਨਾਕ ਭੂਤ ? ਬਹੁਤ ਅੱਛੇ । ਏਸ ਨੁਕਤੇ ਨੂੰ ਹੋਰ ਉਘਾੜ ਦੇਣਾ ਚਹੀਦਾ ਹੈ, ਪਿਛਲੀ ਕੰਧ ਸਰਕਦੀ ਹੈ, ਮਹਿਲ ਦੀ ਰੂਪ ਰੇਖਾ ਉਭਰਦੀ ਹੈ । ਓ ਬਈ, ਐਥੇ ਕੋਈ ਕਿਲ੍ਹੇ ਵਰਗੀ ਚੀਜ਼ ਤਾਂ ਰੱਖ ਦਿਉ । ਇੰਜ ! ਤੁਹਾਡੇ ਪਾਸ ਅੰਕੜਾ-ਵਿਗਿਆਨੀ ਕਿੰਨੇ ਨੇ ?

ਸ. ਨਿਰਦੇਸ਼ਕ : ਤਿੰਨ ।

ਨਿਰਦੇਸ਼ਕ : ਸਰਦਾ ਨਹੀਂ, ਖ਼ੈਰ ਕੋਈ ਗੱਲ ਨਹੀਂ, ਚਲੇਗਾ (ਅੰਕੜਾ-ਵਿਗਿਆਨੀਆਂ ਨੂੰ) ਓ ਬਈ ਤੁਸੀਂ ਇੱਧਰ ਆਉਗੇ ਜ਼ਰਾ। ਤੁਸੀਂ ਬਾਗੀ ਜਨਤਾ ਦਾ ਪਾਰਟ ਅਦਾ ਕਰੋਗੇ। ਸਮਝੇ? ਪੂੰਜੀਵਾਦੀ ਦੇ ਗੜ੍ਹ ਤੇ ਧਾਵਾ ਬੋਲ ਦਿਓ। ਕ੍ਰਾਂਤੀਕਾਰੀ ਜੋਸ਼ ਜ਼ਰਾ ਹੋਰ ਦਿਖਾਓ। ਹੋਰ, ਹੋਰ ਜ਼ਿਆਦਾ।

ਅੰਕੜਾ-ਵਿਗਿ. : ਮੈਥੋਂ ਨਹੀਂ ਇਹ ਹੁੰਦਾ ਜੋਸ਼ ਨਾਲ। ਸੀਦਾਰੋਫ ਨੇ ਮੇਰੇ ਕੰਨ ਤੇ ਮਾਰਿਆ, ਉਹਨੂੰ ਕਹੋ ਕਿ ਮੈਨੂੰ ਹੱਥ ਨਾ ਦਿਖਾਵੇ।

ਨਿਰਦੇਸ਼ਕ : ਦਫ਼ਾ ਕਰ ਕੰਨ ਨੂੰ—ਮੈਂ ਕਿਹਾ ਮੈਨੂੰ ਜੋਸ਼ ਪੇਸ਼ ਕਰਕੇ ਦਿਖਾਓ। ਗਾਓ, ਕੁਝ ਵੀ ਗਾਓ।

ਨਿਰਦੇਸ਼ਕ : ਨਹੀਂ, ਐਸਾ ਨਹੀਂ। ਕੁਛ ਕ੍ਰਾਂਤੀਕਾਰੀ।

ਅੰਕੜਾ-ਵਿਗਿ. : ਨਾਲ ਦਲੇਰੀ ਜਾਵਾਂਗੇ ਅਸੀਂ ਜੰਗ ਨੂੰ,
ਖਾਤਰ ਸੋਵੀਅਤ ਰਾਜ ਦੇ
ਦੰਮ-ਦੰਮ-ਦੰਮ
ਏਸੇ ਹੀ ਖਾਤਰ...

[ਅੰਕੜਾ-ਵਿਗਿਆਨੀ ਸੋਗੀ ਜਿਹੇ ਹੋਏ ਗਾਉਂਦੇ ਹਨ ਤੇ ਪੂੰਜੀਵਾਦ ਦੇ ਗੜ੍ਹ ਤੇ ਧਾਵਾ ਬੋਲਦੇ ਹਨ।]

ਨਿਰਦੇਸ਼ਕ : ਬੱਸ, ਬੱਸ! ਅੱਗੇ ਚੱਲੋ।

ਅਦਾਕਾਰ : ਕਿੰਨਾ ਭਿਆਨਕ ਹੈ। ਮੈਂ ਨਹੀਂ ਇਹ ਸਹਾਰ ਸਕਦਾ। ਮੈਂ ਤਾਂ ਚੱਲਿਆ।

ਨਿਰਦੇਸ਼ਕ : ਕਮਾਲ ਹੋ ਗਈ! ਪ੍ਰੋਲਤਾਰੀ ਦੀ ਮਾਰ ਹੇਠਾਂ ਬੁਰਜੂਆਜ਼ੀ ਪਿੱਛੇ ਹਟ ਰਹੀ ਹੈ।

ਅਦਾਕਾਰਾ : (ਨਖ਼ਰੇ ਨਾਲ) "ਨਹੀਂ, ਤੂੰ ਜਾਏਂਗਾ ਕਿਵੇਂ? ਤੂੰ ਤਾਂ ਮੇਰੇ ਹੱਥਾਂ ਵਿਚ ਹੈਂ। ਮੈਂ ਤੈਨੂੰ ਛੱਡੂੰਗੀ ਨਹੀਂ।"

ਨਿਰਦੇਸ਼ਕ : ਪਿਆਰੇ ਜੀਓ, ਐਥੇ ਨਖ਼ਰਿਆਂ ਦਾ ਕੀ ਕੰਮ? ਤੁਸੀਂ ਨਖ਼ਰੇਲੋ ਦੀ ਨਹੀਂ ਬਲਕਿ ਇਕ ਚੇਤੰਨ ਮਜ਼ਦੂਰ-ਔਰਤ ਦੀ ਭੂਮਿਕਾ ਕਰ ਰਹੇ ਹੋ। ਨਫ਼ਰਤ ਪੇਸ਼ ਕਰਕੇ ਦਿਖਾਓ। ਸ਼੍ਰੇਣਿਕ ਵੈਰਭਾਵ ਦਿਖਾਉ। ਸ਼੍ਰੇਣਿਕ ਵੈਰਭਾਵ ਤਾਂ ਮੈਨੂੰ ਕਿਤੇ ਦੀਂਹਦਾ ਨਹੀਂ!

ਅਦਾਕਾਰਾ : (ਨਫ਼ਰਤ ਨਾਲ) "ਨਹੀਂ, ਤੂੰ ਜਾਏਂਗਾ ਕਿਵੇਂ! ਤੂੰ ਤਾਂ ਮੇਰੇ ਹੱਥਾਂ ਵਿਚ ਹੈਂ, ਮੈਂ ਤੈਨੂੰ ਛੱਡੂੰਗੀ ਨਹੀਂ। ਤੂੰ ਮੇਰਾ ਹੈਂ, ਮੈਂ ਤੈਨੂੰ ਪਿਆਰ ਕਰਦੀ ਹਾਂ"। ਇਹ ਲਉ ਆਪਣਾ ਵੈਰ-ਭਾਵ।

ਨਿਰਦੇਸ਼ਕ : (ਲੇਖਕ ਨੂੰ) ਤੁਸੀਂ ਲਿਖ ਕੀ ਦਿੰਦੇ ਹੋ? ਐਨ ਹੱਲਾ ਬੋਲਣ ਵੇਲੇ ਲੈ ਬੈਠੇ ਖਾਹ-ਮਖਾਹ ਪਿਆਰ-ਮੁਹੱਬਤਾਂ ਨੂੰ! ਦਫ਼ਾ ਕਰੋ ਇਸ ਪਿਆਰ ਨੂੰ। ਸ਼੍ਰੇਣਿਕ ਵੈਰੀਆਂ ਵਿਚ ਕਾਹਦਾ ਪਿਆਰ ਹੋ ਸਕਦੈ? ਮੈਨੂੰ ਕ੍ਰਾਂਤੀਕਾਰੀ ਜੋਸ਼ ਚਾਹੀਦੈ।



ਲੇਖਕ : (ਮਾਯੂਸ ਹੋ ਕੇ ਹੱਥ ਮਾਰਦਾ ਹੈ) ਇਸਦੀ ਬਜਾਇ ਉਸਨੂੰ ਕਹਿਣ ਦਿਓ "ਸਾਰੇ ਦਾ ਸਾਰਾ ਪੂੰਜੀਵਾਦੀ ਢਾਂਚਾ ਖੇਰੂੰ-ਖੇਰੂੰ ਹੋ ਰਿਹਾ ਹੈ। ਦੁਨੀਆਂ ਪ੍ਰੋਲਤਾਰੀ ਦੀ ਜਿੱਤ ਨੇੜੇ ਆ ਰਹੀ ਹੈ। ਸਾਮਵਾਦ ਦਾ ਪਹਿਲਾ ਗੜ੍ਹ ਸੋਵੀਅਤ ਰੂਸ—ਜ਼ਿੰਦਾਬਾਦ!"

ਨਿਰਦੇਸ਼ਕ : ਵਾਹ, ਇਹ ਬਣੀ ਨਾ ਗੱਲ! ਪਿਆਰੇ ਜੀਓ ਤੁਸੀਂ ਤਾਂ ਸੱਚਮੁਚ ਹੀ ਸਾਹਿਤਕ ਪ੍ਰਤਿਭਾ ਵਾਲੇ ਹੋ। ਆਓ, ਮੈਂ ਤੁਹਾਨੂੰ ਚੁੰਮ ਲਾਂ!

ਲੇਖਕ : ਇਹ ਤਾਂ ਸਤਿਕਲੋਫ ਦੇ ਲਿਖੇ ਹੋਏ ਅਖ਼ਬਾਰੀ ਅਦਾਰੀਏ ਵਿਚੋਂ ਹੈ। ਉਸਨੂੰ ਚੁੰਮੋ!

ਨਿਰਦੇਸ਼ਕ : ਕੋਈ ਫ਼ਰਕ ਨਹੀਂ ਪੈਂਦਾ। ਕੌਣ ਪਰਵਾਹ ਕਰਦੈ। ਖਿੱਚੋ ਅੱਗੇ!

ਅਦਾਕਾਰਾ : (ਜੋਸ਼ ਨਾਲ) ਸਾਰੇ ਦਾ ਸਾਰਾ ਪੂੰਜਵਾਦੀ ਢਾਂਚਾ ਖੇਰੂੰ-ਖੇਰੂੰ ਹੋ ਰਿਹਾ ਹੈ। ਦੁਨੀਆਂ ਦੀ ਪ੍ਰੋਲਤਾਰੀ ਦੀ ਜਿੱਤ ਨੇੜੇ ਆ ਰਹੀ ਹੈ। ਸਾਮਵਾਦ ਦਾ ਪਹਿਲਾ ਗੜ੍ਹ, ਸੋਵੀਅਤ ਰੂਸ-ਜ਼ਿੰਦਾਬਾਦ।

[ਆਪਣੇ ਸਾਥੀ ਨੂੰ ਗਲਵੱਕੜੀ ਪਾਉਂਦੀ ਹੈ ਤੇ ਉਸਨੂੰ ਚੁੰਮਦੀ ਹੈ]

ਨਿਰਦੇਸ਼ਕ : ਤੁਸੀਂ ਪਾਗਲ ਤਾਂ ਨਹੀਂ ਹੋ ਗਏ? ਅਜਿਹੀ ਮਨ-ਬਚਨੀ ਦੇ ਬਾਦ ਆਪਣੇ ਸ਼੍ਰੇਣਿਕ ਵੈਰੀ ਨੂੰ ਚੁੰਮੀਦੈ? ਕੀ ਕਰ ਰਹੇ ਹੋ?

ਅਦਾਕਾਰਾ : ਮੈਂ ਤਾਂ ਟਿੱਪਣੀ ਅਨੁਸਾਰ ਉਸਨੂੰ ਵਰਗਲਾਉਣ ਦੀ ਕੋਸ਼ਿਸ਼ ਕਰ ਰਹੀ ਹਾਂ।

ਨਿਰਦੇਸ਼ਕ : ਵਾਹਿਯਾਤ! ਦਫ਼ਾ ਕਰੋ ਇਸਨੂੰ! ਨਫ਼ਰਤ ਨਾਲ ਥਰਥਰਾਓ।

ਲੇਖਕ : ਮੁਆਫ਼ ਕਰਨਾ, ਪਰ ਮੈਨੂੰ ਲਗਦੈ...

ਨਿਰਦੇਸ਼ਕ : ਰਹਿਣ ਦਿਓ। ਮੇਰੇ ਕੰਮ ਵਿਚ ਰੁਕਾਵਟ ਨਾ ਪਾਓ! ਮੇਰੀ ਲਿਵ ਲੱਗੀ ਹੋਈ ਹੈ। ਦੇਖਦੇ ਹੋ ਨਾਟਕ ਕਿਵੇਂ ਮੋੜ ਲੈ ਰਿਹਾ ਹੈ? ਤੇ ਹੁਣ ਅੱਗੇ ਪਿਆਰੇ ਜੀਓ ਤੁਸੀਂ ਨਾਰਾਜ਼ ਨਾ ਹੋਣਾ, ਮੈਂ ਥੋੜੀ ਜਿਹੀ ਕੱਟ-ਵੱਢ ਕਰਨ ਦੀ ਸੋਚ ਰਿਹਾ ਹਾਂ। ਆਹ ਐਥੋਂ, ਸਾਮਵਾਦ ਦੇ ਗੜ੍ਹ ਸੋਵੀਅਤ ਰੂਸ ਤੋਂ ਲੈ ਕੇ (ਨਾਟਕ ਦੇ ਐਨ ਅੰਤ ਤੱਕ ਪੰਨੇ ਪਲਟਦਾ ਹੈ) ਧੁਰ ਅੰਤ ਤੱਕ, ਗੋਲੀ ਚੱਲਣ ਤੱਕ।

ਲੇਖਕ : ਮੁਆਫ਼ ਕਰਨਾ, ਪਰ ਦੇਖੋ ਇਉਂ ਤਾਂ ਤੁਸੀਂ ਸਾਰੇ ਨਾਟਕ ਨੂੰ ਹੀ ਕੱਟ ਦਿਉਗੇ।

ਨਿਰਦੇਸ਼ਕ : ਕੋਈ ਗੱਲ ਨਹੀਂ ਪਿਆਰੇ ਜੀਓ! ਇਹ ਤਾਂ ਸਿਰਫ਼ ਦੇਖਣ ਨੂੰ ਹੀ ਇੰਜ ਲਗਦੈ। ਅਸੀਂ ਤਾਂ ਸਿਰਫ਼ ਪਾਣੀ ਪਾਣੀ ਕੱਢਾਂਗੇ, ਨਚੋੜ ਤਾਂ ਬਾਕੀ ਰਹਿ ਜਾਏਗਾ।

ਲੇਖਕ : ਜ਼ਰਾ ਰਹਿਮ ਖਾਓ, ਇਸ ਤਰ੍ਹਾਂ ਤਾਂ ਸ਼ਾਨਦਾਰ ਝਾਕੀਆਂ ਦੀ ਪੂਰੀ ਦੀ ਪੂਰੀ ਲੜੀ ਹੀ ਨਿੱਕਲ ਜਾਏਗੀ। ਉਹ ਈਰਖਾ ਕਰਦਾ ਹੈ, ਸ਼ੱਕ ਨਾਲ

ਤੜਫਦਾ ਹੈ, ਉਹ ਉਸਨੂੰ ਫਜਾ ਲੈਂਦੀ ਹੈ, ਛੇੜਦੀ ਹੈ, ਫੁਸਲਾ ਕੇ ਸਰਕਾਰੀ ਪੈਸਾ ਕਢਵਾ ਲੈਂਦੀ ਹੈ ਤੇ ਜਦ ਪੈਸਾ ਮਿਲ ਜਾਂਦਾ ਹੈ, ਆਪਣੇ ਵਰਗਲਾਏ ਹੋਏ ਸ਼ਿਕਾਰ ਦਾ ਮਜ਼ਾਕ ਉਡਾਉਂਦੀ ਹੈ। ਉਹ ਗੁੱਸੇ ਵਿਚ ਪਾਗਲ ਹੋ ਕੇ ਰਿਵਾਲਵਰ ਕੱਢ ਲੈਂਦਾ ਹੈ ਤੇ ਉਸਨੂੰ ਗੋਲੀ ਮਾਰ ਦਿੰਦਾ ਹੈ। ਉਹ ਡਿਗ ਪੈਂਦੀ ਹੈ, ਖੂਨ ਵਹਿੰਦੇ-ਵਹਿੰਦੇ ਉਸਦੀ ਮੌਤ ਹੋ ਜਾਂਦੀ ਹੈ। ਪਰਦੇ ਪਿੱਛੋਂ ਖਾਨਾਬਦੋਸ਼ੀ ਸਮੂਹ ਗਾਣ ਤੇ ਪਰਦਾ। ਤੁਸੀਂ ਵੇਖੋ ਤਾਂ ਸਹੀ, ਕਿਹਾ ਮਨੋਵਿਗਿਆਨ ਹੈ! ਕਿਹੀ ਸਥਿਤੀ ਹੈ!

ਨਿਰਦੇਸ਼ਕ : ਬੇਸ਼ਕ, ਚੰਨ ਜੀ, ਮੈਂ ਤੁਹਾਡੇ ਨਾਲ ਸਹਿਮਤ ਹਾਂ ਕਿ ਇਹ ਸਭ ਕੁੱਝ ਤਰੋ-ਤਾਜ਼ਾ ਹੈ, ਬੜਾ ਮੌਲਿਕ ਹੈ। ਪਰ ਆਪੇ ਹੀ ਸੋਚੋ, ਇੱਥੇ ਮਜ਼ਦੂਰ-ਔਰਤ ਦਾ ਕੀ ਕੰਮ? ਇੱਥੇ ਅੰਤਰ-ਰਾਸ਼ਟਰੀ ਦਿਨ ਦਾ ਕੀ ਮਤਲਬ?

ਲੇਖਕ : ਬਿਲਕੁਲ ਕੋਈ ਮਤਲਬ ਨਹੀਂ। ਇਹੀ ਤਾਂ ਮੈਂ ਕਹਿ ਰਿਹਾਂ! ਇਨ੍ਹਾਂ ਦਾ ਤਾਂ ਉੱਕਾ ਹੀ ਕੋਈ ਕੰਮ ਨਹੀਂ।

ਨਿਰਦੇਸ਼ਕ : ਏਸੇ ਕਰਕੇ ਤਾਂ ਇਹ ਸੱਭ ਕੱਟਣਾ ਪੈ ਰਿਹਾ ਹੈ। ਦਫ਼ਾ ਕਰੋ ਵਿਅਕਤੀ-ਵਾਦੀ ਮਨੋਵਿਗਿਆਨ ਨੂੰ। ਪਰ ਤੁਸੀਂ ਕੀ ਰੱਖਣਾ ਚਾਹੁੰਦੇ ਹੋ? ਨਾਟਕ ਦੇ ਫੈਸਲਾਕੁਨ ਪੜਾਅ ਨੂੰ? ਇਸਦੇ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਹਿੱਸੇ ਨੂੰ? ਗੋਲੀ ਮਾਰਨ ਨੂੰ? ਬਹੁਤ ਅੱਛੇ ਗੋਲੀ ਮਾਰਨ ਦਾ ਸੀਨ ਰਹੇਗਾ।

ਲੇਖਕ : ਰਹੇਗਾ?

ਨਿਰਦੇਸ਼ਕ : ਬੇਸ਼ਕ, ਗੋਲੀ ਮਾਰੇ ਬਿਨ੍ਹਾਂ ਕਿਵੇਂ ਕੰਮ ਚੱਲ ਸਕਦੈ? ਆਪਾਂ ਸਿਰਫ਼ ਇਕ ਨਿੱਕੀ ਜਿਹੀ ਤਬਦੀਲੀ ਕਰਾਂਗੇ।

ਲੇਖਕ : ਹੋਰ ਤਬਦੀਲੀ?

ਨਿਰਦੇਸ਼ਕ : ਮਾਮੂਲੀ ਜਿਹੀ, ਬਿਲਕੁਲ ਹੀ ਮਾਮੂਲੀ! ਤੁਹਾਡੇ ਨਾਟਕ ਮੁਤਾਬਕ ਪਿਆਰੇ ਜੀਓ ਉਹ ਉਸਨੂੰ ਮਾਰ ਦਿੰਦਾ ਹੈ। ਇਹ ਜ਼ਰਾ ਭੈੜਾ ਜਿਹਾ ਲਗਦਾ ਹੈ। ਮਜ਼ਦੂਰ-ਔਰਤਾਂ ਦਾ ਅੰਤਰ-ਰਾਸ਼ਟਰੀ ਦਿਨ, ਤੇ ਅਚਾਨਕ ਸੁਆਗਤ ਹੋਵੇ ਬੁਰਜੂਆਜ਼ੀ ਦੀ ਜਿੱਤ ਦਾ! ਵਿਚਾਰਧਾਰਾ ਦੇ ਪੱਖੋਂ ਇਹ ਬਿਲਕੁਲ ਹੀ ਨਾਜਾਇਜ਼ ਹੈ।

ਲੇਖਕ : ਤਾਂ ਫਿਰ ਕਿਸ ਤਰ੍ਹਾਂ ਹੋਣਾ ਚਾਹੀਦੈ?

ਨਿਰਦੇਸ਼ਕ : ਬਹੁਤ ਹੀ ਸਿੱਧੀ ਗੱਲ ਹੈ। ਤੁਹਾਡੇ ਨਾਟਕ ਵਿਚ ਉਹ ਉਸਨੂੰ ਮਾਰਦਾ ਹੈ, ਸਾਡੇ ਵਾਲੇ ਵਿਚ, ਉਹ ਉਸਨੂੰ ਮਾਰਦੀ ਹੈ। ਬੱਸ-ਤਿਆਰ ਹੈ! ਸਭ ਠੀਕ-ਠਾਕ ਹੈ ਤੇ ਦੁਨੀਆਂ ਦੀ ਪ੍ਰੋਲਤਾਰੀ ਦੀ ਫਤਹਿ ਹੁੰਦੀ ਹੈ।

ਅਦਾਕਾਰਾ : ਨਹੀਂ, ਮੈਂ ਨਹੀਂ ਮੰਨਦੀ। ਮੇਰਾ ਪ੍ਰਭਾਵਸ਼ਾਲੀ ਸੀਨ ਤਾਂ ਨਾਟਕ ਦੇ ਅਖੀਰ ਕੋਲ ਹੈ। ਮੈਂ ਮਰ ਜਾਂਦੀ ਹਾਂ, ਮੇਰਾ ਖੂਨ ਵਹਿੰਦੈ ਤੇ ਤੜਫ਼ ਤੜਫ਼ ਕੇ ਮੈਂ ਦਮ ਤੋੜਦੀ ਹਾਂ। ਪਰ ਤੁਸੀਂ ਇਹ ਸਭ ਕੁੱਝ ਕਿਸੇ ਹੋਰ ਨੂੰ ਹੀ ਦੇਣਾ ਚਾਹੁੰਦੇ ਹੋ।



ਨਿਰਦੇਸ਼ਕ : ਪਿਆਰੇ ਜੀਓ ਤੁਹਾਨੂੰ ਖੁਸ਼ ਕਰਨ ਵਾਸਤੇ ਮੈਂ ਕੋਝੀ ਬੁਰਜੂਆਜ਼ੀ ਨੂੰ ਤਾਂ ਜਿੱਤਣ ਨਹੀਂ ਦਿਆਂਗਾ।

ਅਦਾਕਾਰਾ : ਮੈਨੂੰ ਕੀ, ਮੇਰੇ ਵੱਲੋਂ ਕੋਈ ਮਰਜ਼ੀ ਜਿੱਤੇ। ਇਹ ਤਾਂ ਸਾਜ਼ਿਸ਼ ਹੈ, ਕਮੀਨਗੀ ਹੈ। ਰੋਲ ਮੁਤਾਬਕ ਮੈਂ ਕਾਹਵਾ ਘਰ ਦੀ ਗਾਇਕਾ ਦਾ ਪਾਰਟ ਕਰਨਾ ਹੈ, ਪਹਿਰਾਵਾ ਦਿਖਾ ਸਕਦੀ ਹਾਂ, ਪਰ ਮੈਥੋਂ ਕਰਵਾਇਆ ਜਾ ਰਿਹਾ ਏ ਕੋਈ ਸਾਧਾਰਣ ਜਿਹੀ ਮਜ਼ਦੂਰ ਔਰਤ ਦਾ ਪਾਰਟ। ਰੋਲ ਮੁਤਾਬਿਕ ਮੈਂ ਨਾਟਕ ਦੇ ਅੰਤ ਨੇੜੇ ਮਰ ਜਾਂਦੀ ਹਾਂ, ਪਰ ਤੁਹਾਡੇ ਵਾਸਤੇ ਮੈਂ ਕਿਸੇ ਉਤ ਜਿਹੇ ਨੂੰ ਮਾਰ ਦਿਆਂ?

ਅਦਾਕਾਰ : ਦਫ਼ਾ ਹੋਵੇ ਮਰਦੀ ਹੈ ਮਰੇ, ਸਾਨੂੰ ਕੀ ਫਰਕ ਪੈਂਦਾ ਏ। ਆਪਾਂ ਰਿਹਰਸਲ ਜਲਦੀ ਖ਼ਤਮ ਕਰ ਲਵਾਂਗੇ।

ਨਿਰਦੇਸ਼ਕ : ਸਾਥੀਓ; ਸਾਨੂੰ ਇਸ ਤਰ੍ਹਾਂ ਗ਼ੈਰ ਸਿਆਸੀ ਨਹੀਂ ਬਣਨਾ ਚਾਹੀਦਾ। ਤੇ ਵੱਡੀ ਗੱਲ ਇਹ ਹੈ ਪਿਆਰਿਓ ਕਿ ਤੁਸੀਂ ਐਵੇਂ ਹੀ ਘਾਬਰੀ ਜਾ ਰਹੇ ਹੋ। ਪਹਿਲੀ ਗੱਲ ਹੈ ਕਿ ਗੋਲੀ ਚਲਾਉਣਾ ਵੀ ਬੜੀ ਅਸਰਦਾਰ ਚੀਜ਼ ਹੈ। ਦੂਜੀ ਗੱਲ, ਆਪੇ ਹੀ ਸੋਚੋ, ਤੁਸੀਂ ਪ੍ਰੋਲਤਾਰੀ ਦੀ ਪ੍ਰਤਿ-ਨਿਧੀ ਹੋ, ਜਿਹੜੀ ਆਪਣੇ ਸ਼੍ਰੇਣਿਕ ਵੈਰੀ ਤੋਂ ਬਦਲਾ ਲੈ ਰਹੀ ਹੈ, ਏਸ ਕਰਕੇ ਆਮ ਜਨਤਾ ਦੀ ਸਾਰੀ ਹਮਦਰਦੀ ਤੁਹਾਡੇ ਵੱਲ ਹੋਵੇਗੀ। ਤੁਹਾਡੀ ਕਾਮਯਾਬੀ ਸ਼ਰਤੀਆ ਹੈ।

ਅਦਾਕਾਰਾ : ਚਲੋ ਠੀਕ ਹੈ, ਮੈਂ ਸਹਿਮਤ ਹਾਂ। ਸਿਰਫ਼ ਗੋਲੀ ਚੱਲਣ ਤੋਂ ਪਹਿਲਾਂ ਮੇਰੇ ਲਈ ਇਕ ਮਨ ਬਚਨੀ ਲਿਖ ਦਉ।

ਨਿਰਦੇਸ਼ਕ : ਲਿਖ ਦਏਗਾ, ਜੋ ਚਾਹੁੰਦੇ ਹੋ ਲੇਖਕ ਲਿਖ ਦਏਗਾ (ਸਹਾਇਕ ਨੂੰ) ਉਹ ਲਿਖੇਗਾ ਤੇ ਅਸੀਂ ਕੱਟ ਦਿਆਂਗੇ। (ਅਦਾਕਾਰਾ ਨੂੰ) ਤੇ ਹੁਣ ਪਿਆਰੇ ਜੀਓ ਗੋਲੀ ਚਲਾ ਦਿਓ।

ਅਦਾਕਾਰਾ : ਚਲਾ ਦਿੱਤੀ!

ਨਿਰਦੇਸ਼ਕ : (ਅਦਾਕਾਰ ਨੂੰ) ਚਲੋ ਮਰ ਜਾਓ, ਮਰੋ, ਖੜੇ ਕਾਹਤੋਂ ਹੋ? ਮੈਨੂੰ ਮਰਦੇ ਹੋਏ ਪੂੰਜੀਵਾਦ ਦੀ ਮੌਤ ਵੇਲੇ ਦੀ ਤੜਫ਼ਣ ਪੇਸ਼ ਕਰਕੇ ਦਿਖਾਓ। ਹਾਂ, ਇਸ ਤਰ੍ਹਾਂ।

ਸ. ਨਿਰਦੇਸ਼ਕ : (ਅੱਕੜਾ ਵਿਗਿਆਨੀਆਂ ਦਾ ਸੰਗੀਤ ਨਿਰਦੇਸ਼ਨ ਕਰਦਾ ਹੈ)
ਜਿਵੇਂ ਮਹਿਕਾਂ ਭਰਿਆ ਫੁੱਲ
ਮਹਿਕ ਬਿਖੇਰਦੈ...

ਨਿਰਦੇਸ਼ਕ : ਇਹ ਕੀ, ਇਹ ਕੀ? ਅੰਤਰ-ਰਾਸ਼ਟਰੀ ਗਾਨ ਗਾਓ ਉੱਲੂਓ...

ਸ. ਨਿਰਦੇਸ਼ਕ : ਲੇਖਕ ਨੇ ਲਿਖਿਆ ਹੋਇਆ ਹੈ "ਗੋਲੀ ਦਾ ਚੱਲਣਾ...ਸਟੇਜ ਦੇ ਪਿੱਛਓਂ ਖਾਨਾਬਦੋਸ਼ੀ ਸਮੂਹ-ਗਾਨ !"

ਨਿਰਦੇਸ਼ਕ : ਮੇਰੇ ਪਿਆਰੇ ਜੀਓ, ਮੈਨੂੰ ਮੁਆਫ ਕਰਨਾ, ਪਰ ਹੈ ਤੁਸੀਂ ਬਿਲਕੁਲ ਹੀ ਖਰ-ਦਿਮਾਗ । ਇਥੇ ਪੂੰਜੀ ਦੀ ਤਬਾਹੀ ਹੈ, ਮਜ਼ਦੂਰ ਸ੍ਰੇਣੀ ਦੀ ਫਤਹਿ- ਤੇ ਤੁਹਾਡੇ ਹੋ ਰਹੇ ਖਾਨਾਬਦੋਸ਼ੀ ਸਮੂਹ-ਗਾਨ ! ਚੰਗੇ ਬੰਦੇ ਹੋ !

ਲੇਖਕ : ਮੁਆਫ ਕਰਨਾ, ਇਹ ਬੱਸ ਇਨਾ ਹੀ ਹੈ ? ਇਨਾ ਹੀ ਹੈ ਸਾਰਾ ਨਾਟਕ ?

ਨਿਰਦੇਸ਼ਕ : ਤੇ ਪਿਆਰੇ ਜੀਓ ਤੁਹਾਨੂੰ ਹੋਰ ਕੀ ਚਾਹੀਦੈ ? ਹੋਰ ਖਾਕ ਚਾਹੀਦੈ ?

ਲੇਖਕ : ਪਰ ਦੇਖੋ ਇਹ ਤਾਂ ਚਿੜੀ ਦੀ ਚੁੰਜ ਨਾਲੋਂ ਵੀ ਛੋਟਾ ਰਹਿ ਗਿਆ !

ਨਿਰਦੇਸ਼ਕ : ਇਹ ਤਾਂ ਚੰਗਾ ਹੈ ਜੇ ਛੋਟਾ ਹੈ । ਇਕ ਪ੍ਰਾਪੇਗੰਡਾ ਨਾਟਕ ਸਭ ਤੋਂ ਪਹਿਲਾਂ ਤਾਂ ਖਾੜਕੂ ਹੋਣਾ ਚਾਹੀਦੈ ਜੋ ਦਰਸ਼ਕਾਂ ਦੇ ਖਾਨੇ ਪੈ ਜਾਏ । ਇਕ ਦੋ ਐਸੀਆਂ ਸੱਟਾਂ ਲਾਵੇ ਕਿ ਬੰਦਾ ਸੰਭਲਣ ਤੋਂ ਪਹਿਲਾਂ ਹੀ ਚਿੱਤ ਹੋ ਜਾਏ । ਤੇ ਬੱਸ ਬੰਦਾ ਕੀਲਿਆ ਗਇਆ । ਜੇ ਤੁਸੀਂ ਦੋ ਘੰਟੇ ਜਭਲੀਆਂ ਹੀ ਮਾਰੋਗੇ ਫੇਰ ਤਾਂ ਕੋਈ ਬੇਵਕੂਫ ਵੀ ਤੁਹਾਡਾ ਵਿਸ਼ਵਾਸ ਨਹੀਂ ਕਰੇਗਾ ।

ਲੇਖਕ : ਪਰ ਦੇਖੋ ਨਾਟਕ ਦਾ ਨਾਂ ਤਾਂ ਕਾਮਨਾ ਹੈ । ਮਿਹਰਬਾਨੀ ਕਰਕੇ ਜ਼ਰਾ ਇਹ ਤਾਂ ਦੱਸਣਾ ਕਿ ਹੁਣ ਇੱਥੇ ਕਾਮਨਾ ਦਾ ਕੀ ਮਤਲਬ ?

ਨਿਰਦੇਸ਼ਕ : ਛੱਡੋ, ਇਹ ਕੋਈ ਖਾਸ ਗੱਲ ਨਹੀਂ । ਇਸ ਬਾਰੇ ਚਰਚਾ ਕਰਨ ਦੀ ਕੋਈ ਲੋੜ ਨਹੀਂ । ਜੇ "ਕਾਮਨਾ" ਨਹੀਂ ਢੁਕਦਾ—ਆਪਾਂ ਨਾਂ ਰੱਖ ਦਿੰਦੇ ਹਾਂ "ਇਕ ਮਜ਼ਦੂਰ ਔਰਤ ਦਾ ਬਦਲਾ ਜਾਂ ਪੂੰਜੀ ਦੀ ਬਰਬਾਦੀ" । ਇਹ ਪ੍ਰਭਾਵਸ਼ਾਲੀ ਵੀ ਹੈ ਤੇ ਨਾਲੇ ਉਹਦੇ ਨਾਲ ਮੇਲ ਖਾਂਦੈ...ਉਹਨੂੰ ਕੀ ਕਹਿੰਦੇ ਨੇ—ਜ਼ਮਾਨੇ ਨਾਲ ।

ਲੇਖਕ : ਪਰ ਮੁਆਫ ਕਰਨਾ ਇਥੇ ਹੁਣ ਮੇਰਾ ਕੀ ਕੰਮ ? ਇਥੇ ਲੇਖਕ ਦਾ ਕੀ ਤਾਲੁੱਕ ?

ਨਿਰਦੇਸ਼ਕ : ਇਹ ਤਾਂ ਮੈਨੂੰ ਵੀ ਨਹੀਂ ਪਤਾ ਪਿਆਰੇ ਜੀਓ । ਤੁਸੀਂ ਨਾਟਕ ਲਿਖ ਦਿੱਤਾ, ਮੈਂ ਇਸਨੂੰ ਪੇਸ਼ ਕਰ ਦਿੱਤਾ । ਬਾਕੀ ਦਾ ਮੇਰੇ ਨਾਲ ਕੋਈ ਵਾਸਤਾ ਨਹੀਂ ।

ਲੇਖਕ : ਮੁਆਫ ਕਰਨਾ, ਪਰ ਦੇਖੋ ਇਹ ਤਾਂ ਹੱਦ ਹੀ ਹੋ ਗਈ, ਬੜੀ ਸ਼ਰਮਨਾਕ ਗੱਲ ਹੈ ।

ਨਿਰਦੇਸ਼ਕ : ਚਲੋ ਠੀਕ ਹੈ । ਜੇ ਤੁਸੀਂ ਐਨੇ ਹੀ ਨਾਰਾਜ਼ ਹੋ ਤਾਂ ਅੰਤ ਵਿਚ ਮੈਂ ਤੁਹਾਡੇ ਲਈ ਇਹ ਸੋਹਲਾ ਲਗਾ ਦਿੰਦਾ ਹਾਂ । ਏਸ ਤਰ੍ਹਾਂ ਕਿਰਤ ਦੀ ਫ਼ਤਹਿ ਹੁੰਦੀ ਹੈ ਤੇ ਬੁਰਜੂਆਜ਼ੀ ਦੇ ਨੁਮਾਇੰਦੇ ਦੀ ਘਾਤਕ ਹਾਰ । ਫੇਰ ਅੱਗੇ ਆਖਰੀ ਸਾਹ ਲੈ ਰਹੀ ਪੂੰਜੀਵਾਦ ਦੀ ਲਾਸ਼ ਉਤੇ ਕਿਰਤੀਆਂ ਦਾ ਨਾਚ । ਇਹ ਤਾਂ ਇਥੇ ਹੀ ਪਈ ਹੈ । ਭਲਾ ਲਾਸ਼ ਕਿੱਥੇ ਹੈ ? ਪੂੰਜੀ-ਵਾਦ ਦੀ ਲਾਸ਼ ਕਿੱਥੇ ਗਾਇਬ ਹੋ ਗਈ ਮੌਤ ਜਾਣੀ ।

ਸ. ਨਿਰਦੇਸ਼ਕ : (ਸੋਗੀ ਜਿਹਾ) ਠੇਕੇ ਦੌੜ ਗਈ, ਘੁੱਟ ਲਾਉਣ ਲਈ ।

ਨਿਰਦੇਸ਼ਕ : ਚਲੋ ਦਫਾ ਕਰੋ ਉਹਨੂੰ (ਲੇਖਕ ਨੂੰ) ਪਿਆਰੇ ਜੀਓ ਇੰਨੇ ਵਿਚ ਤੁਸੀਂ ਹੀ ਅੰਤਰਰਾਸ਼ਟਰੀ ਲਾਸ਼ ਦੀ ਜਗ੍ਹਾ ਪੈ ਜਾਓ । ਕੋਈ ਨਹੀਂ, ਕੋਈ ਨਹੀਂ, ਲੇਟ ਜਾਓ !

ਲੇਖਕ : (ਕਮਲਾ ਜਿਹਾ ਹੋਇਆ) ਕੋਈ ਗੱਲ ਨਹੀਂ ।

[ਲੇਟ ਜਾਂਦਾ ਹੈ]

ਨਿਰਦੇਸ਼ਕ : ਬਈ ਵਾਹ, ਗੱਲ ਹੋਈ ਨਾ ; ਅੰਕੜਾ-ਵਿਗਿਆਨੀ ਸਟੇਜ ਤੇ ਆਉਣ ਦੀ ਖੇਚਲ ਕਰਨਾ । ਤੁਸੀਂ ਸਟੇਜ ਤੇ ਆਉਂਦੇ ਹੋ ਤੇ ਮਜ਼ਦੂਰਾਂ ਦਾ ਪੇਸ਼ਾਵਰੀ ਨਾਚ ਨੱਚਦੇ ਹੋ । ਕੁੜੀਆਂ ਹੱਥਾਂ ਵਿਚ ਦਾਤੀਆਂ ਲੈ ਕੇ ਤੇ ਆਦਮੀ ਹਥੌੜੇ ਲੈ ਕੇ ਸਾਜ਼ੀ ਸਾਹਿਬਾਨ, ਤੁਸੀ "ਮਾਤਲੋ" ਵਾਲੀ ਧੁਨ ਵਜਾਓ । ਨੱਚੋ, ਦਫਾ ਕਰੋ ਬੁਰਜੂਆਈ ਸੁਹਜਵਾਦ ਨੂੰ । ਕੰਮ ਕਰਦੇ ਹੋਇਆਂ ਦਾ ਸਾਂਗ ਬਣਾ ਕੇ ਨੱਚੋ । ਮੈਨੂੰ ਕਿਰਤੀਆਂ ਦੇ ਪਵਿੱਤਰ ਮੁੜ੍ਹਕੇ ਦੀ ਖੁਸ਼ਬੋ ਪੇਸ਼ ਕਰਕੇ ਦਿਖਾਓ ! ਹੋਰ ! ਹੋਰ ! ਹੋਰ !

[ਮੰਡਪ ਵਿਚੋਂ ਇਕ ਆਵਾਜ਼ ! ਸੁਣੋਂ ਜੀ, ਇਹ ਹੈ ਕੀ ?]

ਨਿਰਦੇਸ਼ਕ : ਇਹ ਹੈ ਅੰਤਰ-ਰਾਸ਼ਟਰੀ ਇਸਤ੍ਰੀ ਮਜ਼ਦੂਰ ਦਿਨ ਲਈ ਇਕ ਪ੍ਰਾਪੇਗੰਡਾ ਨਾਟਕ ।

ਆਵਾਜ਼ : ਤੁਹਾਨੂੰ ਇਸਦਾ ਪੱਕਾ ਯਕੀਨ ਹੈ ?

ਨਿਰਦੇਸ਼ਕ : ਬਿਲਕੁਲ ।

ਆਵਾਜ਼ : ਪਰ ਮੈਨੂੰ ਇਸ ਗੱਲ ਦਾ ਯਕੀਨ ਹੈ ਕਿ ਇਹ ਨਿਰਾ ਕੋੜਾਪਣ ਹੈ । ਰਾਜ-ਨੀਤਕ ਸਿੱਖਿਆ ਵਿਭਾਗ ਦੇ ਪ੍ਰਧਾਨ (ਜ਼ਾਪੋਲੀਤਪ੍ਰੋਸਵੇਇਤ) ਦੀ ਹੈਸੀਅਤ ਵਿਚ ਮੈਂ ਇਹ ਮੰਗ ਕਰਦਾ ਹਾਂ ਕਿ ਤੁਸੀਂ ਤੁਰੰਤ ਏਸ ਬਕਵਾਸ ਨੂੰ ਬੰਦ ਕਰ ਦਿਉ । ਕੱਲ੍ਹ ਸਵੇਰੇ ਮੇਰੇ ਸਾਮ੍ਹਣੇ ਪੇਸ਼ ਹੋਣ ਦਾ ਕਸ਼ਟ ਕਰਨਾ ।

[ਜ਼ਾਪੋਲੀਤਪ੍ਰੋਸਵੇਇਤ ਦਰਵਾਜ਼ੇ ਨੂੰ ਫੜੱਕ ਦੇਣੇ ਮਾਰਦਾ ਹੋਇਆ ਚਲਾ ਜਾਂਦਾ ਹੈ ।]

ਨਿਰਦੇਸ਼ਕ : ਦੇਖਿਆ, ਇਨ੍ਹਾਂ ਬਾਲਸ਼ਵਿਕਾਂ ਨੂੰ ਤੁਸੀਂ ਕਿਸੇ ਵੀ ਤਰ੍ਹਾਂ ਖੁਸ਼ ਨਹੀਂ ਕਰ ਸਕਦੇ ! ਤੁਸੀਂ ਇਨ੍ਹਾਂ ਵਾਸਤੇ ਆਪਣੀ ਪੂਰੀ ਵਾਹ ਲਾਉਂਦੇ ਹੋ ਪਰ ਇਨ੍ਹਾਂ ਨੂੰ ਖੁਦ ਪਤਾ ਨਹੀਂ ਕਿ ਇਹ ਚਾਹੁੰਦੇ ਕੀ ਨੇ ? ਚੁੱਕ ਲਏ ਰੱਬ ਇਨ੍ਹਾਂ ਨੂੰ !

—ਫੇਡ ਆਉਟ—

## ਕਤਲ ਦੀ ਸ਼ਾਮ

ਸਲੇਡਨ ਸਮਿੱਥ ਦਾ ਟੀ. ਵੀ. ਨਾਟਕ

ਰੂਪਾਂਤਰ : ਅਵਤਾਰ ਐਨਗਿੱਲ ਅਤੇ ਸਤੀਸ਼ ਵਿਨਾਇਕ

**ਪਾਤਰ :**

ਰਾਣੀ ਕਲਾਵਤੀ (ਵਿਧਵਾ ਜਗੀਰਦਾਰਨੀ, ਉਮਰ ਲਗਪਗ 40 ਸਾਲ), ਕਾਲੀਚਰਨ (ਰਾਜ ਜੋਤਸ਼ੀ, ਉਮਰ ਲਗਪਗ 45 ਸਾਲ) ਟਿੱਕਾ ਸ਼ਮਸ਼ੇਰ ਸਿੰਘ (ਜਗੀਰਦਾਰਨੀ ਦਾ ਪੁੱਤਰ, ਉਮਰ ਲਗਪਗ 22 ਵਰ੍ਹੇ), ਚੰਪਾ (ਟਿੱਕਾ ਸ਼ਮਸ਼ੇਰ ਸਿੰਘ ਦੀ ਪ੍ਰੇਮਿਕਾ ਉਮਰ ਕਰੀਬ 20 ਵਰ੍ਹੇ), ਠਾਕਰ ਚਤਰ ਸਿੰਘ (ਚੰਪਾ ਦਾ ਨਕਲੀ ਪਿਤਾ, ਉਮਰ 60 ਸਾਲ), ਅਮਲੀ (ਖਾਨਦਾਨੀ ਨੌਕਰ, ਉਮਰ 50 ਕੁ ਸਾਲ) ਅਤੇ ਦਰਬਾਨ (ਤਗੜਾ ਲਠੈਤ, ਉਮਰ 20-25, ਮੁੱਛਲ)।

[ਜਗੀਰਦਾਰਨੀ ਦੀ ਬੈਠਕ ਦਾ ਦ੍ਰਿਸ਼। ਦਰਸ਼ਕਾਂ ਦੇ ਸੱਜੇ ਹੱਥ ਵਾਲਾ ਬੂਹਾ ਹਵੇਲੀ ਦੇ ਬਾਹਰਵਾਰ ਖੁਲ੍ਹਦਾ ਹੈ। ਖੱਬਾ ਬੂਹਾ ਬੈਠਕ ਦੇ ਅੰਦਰਵਾਰ ਹਵੇਲੀ ਵਿਚ ਖੁਲ੍ਹਦਾ ਹੈ। ਦਰਸ਼ਕਾਂ ਦੇ ਬਿਲਕੁਲ ਸਾਹਮਣੀ ਕੰਧ ਵਿਚ ਇਕ ਬਾਰੀ ਹੈ ਜਿਹੜੀ ਕਿ ਬਾਹਰਵਾਰ ਬਗੀਚੇ ਵਿਚ ਖੁਲ੍ਹਦੀ ਹੈ। ਖੱਬੇ ਹੱਥ ਇਕ ਰੋਜ਼ਵੁਡ ਦੀ ਬਰੀਕ ਨਕਾਸ਼ੀਦਾਰ ਸਕਰੀਨ ਹੈ, ਜਿਹੜੀ ਕਿ ਜਗੀਰਦਾਰਨੀ ਦੀ ਬੈਠਕ ਵਿਚ ਓਹਲੇ ਦੀ ਸਿਰਜਨਾ ਕਰਦੀ ਹੈ। ਕਮਰੇ ਦੇ ਸੈਂਟਰ ਵਿਚ ਸਾਹਮਣੀ ਬਾਰੀ ਤੋਂ ਥੋੜਾ ਹਟਕੇ ਇਕ ਸ਼ਾਹੀ ਦੀਵਾਨ ਹੈ, ਜਿਹੜਾ ਰਾਣੀ ਕਲਾਵਤੀ ਦਾ ਹੈ। ਲੋੜ ਪੈਣ ਤੇ ਮੋਤੀ-ਝਾਲਰਾਂ ਖਿੱਚਕੇ ਦੀਵਾਨ ਓਹਲੇ ਪਰਦਾ ਕੀਤਾ ਜਾ ਸਕਦਾ ਹੈ। ਦੀਵਾਨ ਦੀ ਉਚਾਈ ਕਰੀਬ ਦੋ ਫੁੱਟ ਹੈ। ਦੀਵਾਨ ਤੋਂ ਉਰ੍ਹਾਂ (ਡਾਊਨ ਸਟੇਜ) ਇਕ ਸ਼ਾਹੀ ਸੈਂਟਰ ਟੇਬਲ ਹੈ, ਜਿਸਦੇ ਚੌਪਾਸੀਂ ਸ਼ਾਨਦਾਰ ਟੀਨ ਦੀਆਂ ਕੁਰਸੀਆਂ ਹਨ। ਇਸਤੋਂ ਬਿਨਾਂ ਆਦਮਕੱਦ ਸ਼ੀਸ਼ਾ, ਪੋਰਟ੍ਰੇਟ, ਫਰਨੀਚਰ।]

ਪਹਿਲਾ ਸ਼ਾਟ : ਕੈਮਰਾ ਸੈਂਟਰ ਟੇਬਲ ਤੇ ਰੱਖੀ ਕਲਾਕੰਦ ਦੀ ਇਕ ਟਰੇ ਤੇ ਕੇਂਦਰਿਤ ਹੁੰਦਾ ਹੈ। ਕਲਾਕੰਦ ਨੂੰ ਪੰਜਾਬੀ ਦੇ "ਕੱਕੇ" ਅੱਖਰ ਦੇ ਰੂਪ ਵਿਚ ਸਜਾਇਆ ਗਿਆ ਹੈ। ਉਪਰ ਪਿਸਤੇ-ਬਦਾਮਾਂ ਦਾ ਬੂਰ ਜਿਹਾ ਧੂੜਿਆ ਹੋਇਆ ਹੈ। ਕਲਾਕੰਦ ਦੀ ਹਰ ਟੁਕੜੀ ਤੇ ਇਕ ਇਕ ਚੀਰਵਾਂ ਕਾਜੂ ਸਜਿਆ ਹੈ।

ਦੂਜਾ ਸ਼ਾਟ : ਕੈਮਰਾ ਇਕ ਤ੍ਰੀਮਤ ਦੀਆਂ ਨੌਲਮਾਂ-ਜੜੀਆਂ ਅੰਗੂਠੀਆਂ ਵਾਲੇ ਹੱਥ ਤੇ ਕੇਂਦਰਿਤ ਹੁੰਦਾ ਹੈ। ਹੱਥ ਵਿਚ ਇਕ ਸ਼ੀਸ਼ੀ ਹੈ, ਜਿਸ ਵਿਚ ਮੂੰਗੀਆ



ਜਿਹੇ ਰੰਗ ਦਾ ਤਰਲ ਹੈ, ਜਿਸਦੀ ਇਕ-ਇਕ ਬੂੰਦ ਉਹ ਹੱਥ ਪੂਰੀ ਇਹਤਿਆਤ ਨਾਲ ਕਲਾਕੰਦ ਦੇ ਟੁਕੜਿਆਂ ਤੇ ਟਿਕਾਉਂਦਾ ਜਾਂਦਾ ਹੈ। ਇਸ ਸਮੇਂ ਪਿਛੋਕੜ ਵਿਚ ਰਹੱਸ ਅਤੇ ਦਹਿਸ਼ਤ ਭਰਿਆ ਸੰਗੀਤ ਵੱਜਦਾ ਹੈ।

ਸ਼ਾਟ ਤੀਜਾ : ਕੈਮਰਾ ਪੂਰੀ ਮੇਜ਼ ਤੇ ਫ਼ੋਕਸ ਹੁੰਦਾ ਹੈ। ਮੇਜ਼ ਤੇ ਦਰਸ਼ਕਾਂ ਦੇ ਖੱਬੇ ਹੱਥ ਇਕ ਪੱਛੀ ਦਿਸਦੀ ਹੈ ਜਿਸ ਵਿਚ ਉਸੇ ਤਰ੍ਹਾਂ ਦੀ ਹੋਰ ਕਲਾਕੰਦ ਹੈ। ਸਪਸ਼ਟ ਹੈ ਕਿ ਇਸੇ ਪੱਛੀ 'ਚੋਂ ਕੱਢਕੇ ਕਲਾਕੰਦ ਨਕਾਸ਼ੀਦਾਰ ਟਰੇ ਵਿਚ ਸਜਾਈ ਗਈ ਹੈ।

ਸ਼ਾਟ ਚੌਥਾ : ਹੁਣ ਉਹ ਨਾਰੀ ਹੱਥ ਪੱਛੀ ਵਿਚੋਂ ਦੋ ਹੋਰ ਟੁਕੜੇ ਚੁੱਕਕੇ 'ਕੱਕੇ' ਅੱਖਰ ਦੇ ਪੈਰ ਹੇਠ ਜੋੜ ਦਿੰਦਾ ਹੈ, ਜਿਸ ਕਾਰਨ ਅੱਖਰ ਦਾ ਪੈਰ ਅਨੁਪਾਤ ਦੇ ਹਿਸਾਬ ਨਾਲ ਕੁਝ ਬਹੁਤਾ ਹੀ ਲਮਕ ਜਾਂਦਾ ਹੈ।

ਸ਼ਾਟ 5 : ਕੈਮਰਾ ਬੈਠਕ ਵਿਚ ਸੈਂਟਰ ਟੇਬਲ ਲਾਗਲੀ ਕੁਰਸੀ ਤੇ ਹੀ ਬੈਠੀ ਜਗੀਰਦਾਰਨੀ ਰਾਣੀ ਕਲਾਵਤੀ ਦੇ ਸ਼ਾਹਾਨਾ ਲਿਬਾਸ ਤੋਂ ਹੁੰਦਾ ਹੋਇਆ ਉਸਦੇ ਚੇਹਰੇ ਤੇ ਰੁਕਦਾ ਹੈ। ਜਗੀਰਦਾਰਨੀ ਦੀਆਂ ਡਰਾਉਣੀਆਂ ਅੱਖਾਂ ਵਿਚ ਹਕੂਮਤ, ਠੰਡਕ ਤੇ ਸਖ਼ਤੀ ਹੈ।

ਕਲਾਵਤੀ : (ਆਪ ਮੁਹਾਰੀ ਬੋਲਦੀ ਹੈ) 'ਹੁਣ' ਬਣੇਗੀ ਗੱਲ ! 'ਕਲਾਕੰਦ' ਦੀ ਮਿਠਾਸ ਦਾ ਜਾਦੂ 'ਬੋਲੇਗਾ' ਸਿਰ ਚੜ੍ਹਕੇ। (ਫਿਰ ਆਦਮਕਦ ਸ਼ੀਸ਼ੇ ਸਾਹਮਣੇ ਖੜੀ ਹੋ ਕੇ ਆਪਣੇ ਆਪ ਨੂੰ ਸੰਬੋਧਿਤ ਹੁੰਦੀ ਹੈ।) ਤੇਰਾ ਵੀ ਜੁਆਬ ਨਹੀਂ ਕਲਾਵਤੀ। ਹੁਣ ਬੋਲੇਗੀ 'ਕਲਾ', ਕਲਾਕੰਦ ਦੀ ਮਿਠਾਸ ਦੀ ਕਲਾ (ਆਪਣੇ ਖਿਚੜੀ ਹੁੰਦੇ ਵਾਲਾਂ ਨੂੰ ਸੁਆਰਦੀ ਹੈ। ਇਕ ਚਿੱਟਾ ਵਾਲ ਖਿੱਚਦੀ ਹੈ ਅਤੇ ਮੁੜਕੇ ਦੀਵਾਨ ਤੇ ਅਧਲੇਟੀ ਜਿਹੀ ਬੈਠ ਜਾਂਦੀ ਹੈ)।...ਮੈਨੂੰ ਪਹਿਲਾਂ ਕਿਉਂ ਨਾ ਸੁਝਿਆ ਇਹ ਤਰੀਕਾ ?

[ਸੋਚਾਂ 'ਚੋਂ ਉਭਰਕੇ ਤਾੜੀ ਮਾਰਦੀ ਹੈ। ਦਰਬਾਨ ਅੰਦਰ ਆਉਂਦਾ ਹੈ।]

ਦਰਬਾਨ : (ਝੁਕਦੇ ਹੋਏ) ਜੀ, ਰਾਣੀ ਮਾਂ !

ਕਲਾਵਤੀ : ਰਾਜ-ਜੋਤਸ਼ੀ ਜੀ ਨੂੰ ਅੰਦਰ ਭੇਜ ਦਿਓ !

ਦਰਬਾਨ : (ਥੋੜਾ ਕੁ ਝੁੱਕ ਕੇ) ਜੀ, ਰਾਣੀ ਮਾਂ !

[ਬਾਹਰ ਜਾਂਦਾ ਹੈ।]

ਕਲਾਵਤੀ : (ਆਪਣੇ ਸੱਜੇ ਵੇਖਦੇ ਹੋਏ) ਅਮਲੀ, ਵੇ ਅਮਲੀ ! (ਅਮਲੀ ਅੰਦਰ ਆਉਂਦਾ ਹੈ) ਲੈ ਜਾ, ਇਹ ਪੱਛੀ!

[ਅਮਲੀ ਕਲਾਕੰਦ ਵਾਲੀ ਪੱਛੀ ਅੰਦਰ ਲੈ ਜਾਂਦਾ ਹੈ ਤੇ ਪੈਂਟਰੀ ਵਿਚ ਸੱਜੇ ਹੱਥ ਵਾਲੇ ਰੈਕ ਦੇ ਉਪਰ ਰੱਖ ਦੇਂਦਾ ਹੈ। ਬਾਹਰਲੇ ਬੂਹੇ ਵਿਚ ਰਾਜ ਜੋਤਸ਼ੀ ਕਾਲੀਚਰਨ ਪਰਗਟ ਹੁੰਦਾ ਹੈ। ਉਹ ਮੱਕਾਰ ਕਿਸਮ ਦਾ,

ਨਿੱਕੀਆਂ ਅੱਖਾਂ ਵਾਲਾ ਪਰ ਸੁਨੱਖਾ ਤੇ ਸੁਡੌਲ ਤੇ ਇਕਿਹਰੇ ਬਦਨ ਦਾ ਬੰਦਾ ਹੈ।

ਕਾਲੀਚਰਨ : ਅੱਜ ਚਿਰਾਂ ਪਿੱਛੋਂ ਜਗੀਰਦਾਰਨੀ ਨੂੰ ਸਾਡੀ ਯਾਦ ਆਈ ਏ ! (ਸ਼ਰਾਰਤ ਨਾਲ) ਗੱਲ ਕੀ ਏ ?

ਕਲਾਵਤੀ : ਗੱਲ ਤੇ ਖਾਸ ਈ ਏ ! ਪਹਿਲਾਂ ਬੂਹਾ ਢੋ ਦਿਓ !

ਕਾਲੀਚਰਨ : ਉਹ ਤੇ ਮੈਂ ਪਹਿਲਾਂ ਹੀ ਢੋ ਦਿੱਤਾ ਏ ਹਜ਼ੂਰ !

ਕਲਾਵਤੀ : ਤਾਂ ਫਿਰ ਕੁੰਡੀ.. (ਇਸ਼ਾਰਾ ਕਰਦੀ ਹੈ)...ਪਰ ਨਹੀਂ, ਕੁੰਡੀ ਨਹੀਂ ਲਾਣੀ... ਉਂਜ ਵੀ ਨਹੀਂ ਆਉਂਦਾ ਕੋਈ ਅੰਦਰ।

[ਜੋਤਸ਼ੀ ਜਗੀਰਦਾਰਨੀ ਵੱਲ ਵੱਧਦਾ ਹੈ ਉਹ ਇਸ਼ਾਰਾ ਕਰਕੇ ਉਸਨੂੰ ਆਪਣ ਲਾਗੇ ਦੀਵਾਨ ਤੇ ਬਿਠਾਉਂਦੀ ਹੈ। ਕਾਲੀਚਰਨ ਉਸਦੀ ਠੋਡੀ ਫੜ ਕੇ ਉੱਚੀ ਕਰਦਾ ਏ ਅਤੇ ਉਸਦੀਆਂ ਅੱਖਾਂ ਵਿਚ ਝਾਕਦਾ ਹੈ)।

ਕਾਲੀਚਰਨ : ਕੀ ਹੁਕਮ ਕਰਦੇ ਹੋ ਹਜ਼ੂਰ !

ਕਲਾਵਤੀ : (ਉਸਦਾ ਹੱਥ ਪਰ੍ਹਾਂ ਕਰਦੇ ਹੋਏ) ਇਹ ਮਖੌਲ ਦਾ ਵੇਲਾ ਨਹੀਂ। (ਗੰਭੀਰ ਹੋ ਕੇ ਦੂਰੀ ਸਿਰਜ ਲੈਂਦੀ ਹੈ) ਅੱਜ ਜਗੀਰਦਾਰਨੀ ਤੇ ਜਗੀਰ ਦੋਵੇਂ ਖਤਰਿਆਂ ਵਿਚ ਘਿਰੇ ਪਏ ਨੇ। (ਪਿੱਛੇ ਹੱਟਦਾ ਹੈ। ਫਿਰ ਉਸਦਾ ਧਿਆਨ ਸੈਂਟਰ ਟੇਬਲ ਤੇ ਪਈ ਟਰੇ ਵਲ ਜਾਂਦਾ ਹੈ। ਇਹ ਵੇਖਕੇ ਜਗੀਰਦਾਰਨੀ ਉਸਦੇ ਲਾਗੇ ਢੁੱਕ ਆਉਂਦੀ ਹੈ ਤੇ ਦੋਵੇਂ ਇਕ ਦੂਜੇ ਵੱਲ ਵੇਖਦੇ ਹਨ)। ਇਹ ਕਲਾਕੰਦ ਵੇਖ ਰਹੇ ਹੋ ਰਾਜ-ਜੋਤਸ਼ੀ ਜੀ ?

ਕਾਲੀਚਰਨ : ਵੇਖ ਕਿਉਂ ਨਹੀਂ ਰਿਹਾ ਸਰਕਾਰ ? ਭਲਾ ਤੁਹਾਡੀ ਮਨ-ਪਸੰਦ ਚੀਜ਼ ਤੁਹਾਡੇ ਇਸ ਨਾ-ਚੀਜ਼ ਨੂੰ ਨਾ ਦਿਸੇ !

ਕਲਾਵਤੀ : ਤਾਂ ਜੋਤਸ਼ੀ ਜੀ ਲਾਓ ਕਿਆਫਾ ! ਕੀ ਸਮਝੇ ?

ਕਾਲੀਚਰਨ : ਇਹੋ ਕਿ ਇਸ ਵੇਲੇ ਰਾਣੀ ਸਾਹਿਬਾ ਦੀ ਭੁੱਖ ਚਮਕੀ ਹੋਈ ਏ !

ਕਲਾਵਤੀ : (ਟਕੋਰ ਕਰਦੇ ਹੋਏ) ਨਹੀਂ ਰਾਜਾ ਸਾਹਿਬ ! ਸਗੋਂ ਇੱਡੀ ਸਾਰੀ ਕਲਾ-ਕੰਦ ਟ੍ਰੇ ਵਿਚ ਤਾਂਹੀਓਂ ਪਈ ਏ ਕਿ ਰਾਣੀ ਕਲਾਵਤੀ ਅੱਕੀ ਪਈ ਏ।

ਕਾਲੀਚਰਨ : (ਉਸਦੇ ਨੇੜੇ ਢੁੱਕਦੇ ਹੋਏ) ਕੀ ਗੱਲ ਹੋ ਸਕਦੀ ਏ ? (ਕਲਾਵਤੀ ਨੂੰ ਖ਼ਾਮੋਸ਼ ਵੇਖਦੇ ਹੋਏ) ਇਹ ਖ਼ਾਮੋਸ਼ੀ ! ਲਗਦੈ ਹਜ਼ੂਰ ਜਿਵੇਂ ਤੂਫ਼ਾਨ ਤੋਂ ਪਹਿਲਾਂ ਦੀ ਖ਼ਾਮੋਸ਼ੀ ਹੋਵੇ।.. ਸ਼ਾਇਦ ਕੋਈ ਹਨੇਰੀ ਝੁੱਲਣ ਵਾਲੀ ਏ !

ਕਲਾਵਤੀ : ਸ਼ਾਇਦ ਨਹੀਂ, ਬੇਸ਼ਕ ! ਬੇਸ਼ਕ ਹਨੇਰੀ ਝੁੱਲਣ ਵਾਲੀ ਏ !

ਕਾਲੀਚਰਨ : ਜਾਪਦਾ ਏ ਟਿੱਕਾ ਸਾਹਬ ਨੇ ਕੋਈ ਗੁੱਲ ਹੋਰ ਖਿਲਾਇਆ ਏ। ਗੱਭਰੂ ਵੀ ਤੇ ਹੋ ਗਏ ਨੇ, ਸੁੱਖ ਨਾਲ।

[ਆਖਦੇ ਹੋਏ ਫਿਰ ਜਗੀਰਦਾਰਨੀ ਨੂੰ ਕਲਾਵੇ ਵਿਚ ਲੈਣ ਦਾ ਯਤਨ ਕਰਦਾ ਹੈ]

ਕਲਾਵਤੀ : (ਬਿਨਾਂ ਉਸਦੀ ਕੋਸ਼ਿਸ਼ ਵੱਲ ਸਹਿਯੋਗ ਦਿਤਿਆਂ) ਸ਼ਮਸ਼ੇਰ ਨੇ ਤੇ ਮੇਰਾ



ਲਹੂ ਪੀ ਲਿਆ ਏ !

ਕਾਲੀਚਰਨ : (ਜਗੀਰਦਾਰਨੀ ਨੂੰ ਪੂਰੀਆਂ ਮਰਦ ਨਿਗਾਹਾਂ ਨਾਲ ਘੂਰਦੇ ਹੋਏ ਉਸਦੇ ਮੋਢਿਆਂ ਤੇ ਗਲੇ ਦੇ ਵਿਚ ਵਿਚਕਾਰ ਆਪਣੀਆਂ ਵਾਟੀਆਂ ਦਾ ਭਾਰ ਪਾਉਂਦੇ ਹੋਏ) ਲਗਦਾ ਤੇ ਨਹੀਂ ਰਾਣੀ ਸਾਹਿਬਾਂ !

ਕਲਾਵਤੀ : ਮਜ਼ਾਕ ਛੱਡੋ ! (ਫਿਰ ਨਿਹੋਰੇ ਨਾਲ) ਸ਼ਮਸ਼ੇਰ ਨੇ ਗੁੱਲ ਤੇ ਖਾਸਾ ਖਿਲਾ-ਇਆ ਏ। (ਚਾਤਰੀ ਨਾਲ) ਪਰ ਕਲਾਵਤੀ ਕੋਲ ਵੀ ਹਰ ਸੁਆਲ ਦਾ ਜੁਆਬ ਹੈ।

ਕਾਲੀਚਰਨ : ਜਦੋਂ-ਜਦੋਂ ਜਗੀਰਦਾਰਨੀ ਨੇ ਸੁਆਲਾਂ ਦੇ ਜੁਆਬ ਲੱਭੇ ਨੇ, ਦੁਸ਼ਮਣਾਂ ਨੂੰ ਜਾਨ ਤੋਂ ਹੱਥ ਧੋਣ ਪਏ ਨੇ।

ਕਲਾਵਤੀ : ਕੀ ਫਰਕ ਪੈਂਦਾ ਏ ਜੋਤਸ਼ੀ ਜੀ ! ਸੁੱਖਾਂ ਨਾਲ ਤੁਹਾਡੀਆਂ ਮਿਹਰਾਂ ਚਾਹੀਦੀਆਂ ਨੇ ! ਤੁਸੀਂ ਜਾਣਦੇ ਹੋ, ਜਗੀਰਦਾਰੀਆ ਐਵੇਂ ਤੇ ਨਹੀਂ ਸੰਭਾਲ ਹੁੰਦੀਆਂ। ਅੱਖਾਂ ਤੇ ਕੰਨ ਖੁਲ੍ਹੇ ਰੱਖਣੇ ਪੈਂਦੇ ਨੇ ...

ਕਾਲੀਚਰਨ : (ਵਿਚੋਂ ਟੋਕਦੇ ਹੋਏ) ਤੇ ਮੁੱਠੀ ਬਦ !

[ਸੱਜੀ ਮੁੱਠੀ ਵੱਟਦਾ ਹੈ।]

ਕਲਾਵਤੀ : ਬਿਲਕੁਲ ! ਸਾਰੀ ਬੰਦ ਮੁੱਠੀ ਦੀ ਖੇਡ ਹੈ, ਰਾਜ ਜੋਤਸ਼ੀ ਜੀ ! (ਫਿਰ ਉਸਦਾ ਧਿਆਨ ਟ੍ਰੇ ਵਿਚ ਪਈ ਕਲਾਕੰਦ ਵਲ ਖਿੱਚਦੇ ਹੋਏ ਅਤੇ ਆਪਣੀ ਬੰਦ ਮੁੱਠੀ ਵਾਲਾ ਹਿੱਸਾ ਟ੍ਰੇ ਤੇ ਤਾਣਦੇ ਹੋਏ) ਇਸ ਕਲਾਕੰਦ ਨੂੰ ਧਿਆਨ ਨਾਲ ਵੇਖੋ !

ਕਾਲੀਚਰਨ : (ਟ੍ਰੇ ਵਿਚਲੇ 'ਕੱਕੇ' ਅੱਖਰ ਵਲ ਧਿਆਨ ਨਾਲ ਵੇਖ ਹੋਏ) ਹੂੰ...ਅੰ... ਅੰ ਕੱਕਾ' ! ਕਲਾਕੰਦ ! ਕਲਾਵਤੀ !...ਤੇ ਕਤਲ !

[ਦੋਵੇਂ ਖਿੜ-ਖਿੜ ਹੱਸਦੇ ਹਨ। ਯਕਾਯਕ ਕਲਾਵਤੀ ਦੇ ਚਿਹਰੇ ਦਾ ਭਾਵ ਬਦਲਦਾ ਹੈ]।

ਕਲਾਵਤੀ : ਤੇ ਮਹਾਰਾਜ ਕਾਲੀਚਰਨ ! ਹਰ ਕਲਾਕੰਦ ਦੇ ਟੁਕੜੇ ਤੇ ਇਕ-ਇਕ ਕਾਜੂ ਸਜਿਆ ਏ ! ਤੇ ਇਸ ਕੱਕੇ ਦੇ ਹੇਠਲੇ (ਇਸ਼ਾਰੇ ਵਾਲੀ ਉਂਗਲੀ ਕਰਕੇ) ਇਹ ਦੋ ਕਲਾਕੰਦ ਛੱਡ ਕੇ, ਬਾਕੀ ਦੇ ਸਾਰਿਆਂ ਵਿਚ ਮੋਹਰਾ ਰੱਚਿਆ ਪਿਆ ਏ।

ਕਾਲੀਚਰਨ : ਪਰ ਇਹ ਸਾਰਾ ਪਸਾਰਾ ਕਿਸ ਲਈ ?

ਕਲਾਵਤੀ : (ਜਿਵੇਂ ਬੁਝਾਰਤ ਪਾਉਂਦੇ ਹੋਏ) ਇਨ੍ਹਾਂ ਵਿਚੋਂ ਇਕ ਕਲਾਕੰਦ ਤਾਂ ਹੈ ਤੁਹਾਡੇ ਲਈ ! (ਜੋਤਸ਼ੀ ਚੌਂਕਦਾ ਹੈ) ਮੇਰਾ ਮਤਲਬ ਹੈ, ਜਿਸ ਵਿਚ ਜ਼ਹਿਰ ਨਹੀਂ ! (ਕਾਲੀਚਰਨ ਸੁੱਖ ਦਾ ਸਾਹ ਲੈਂਦਾ ਹੈ)...ਤੇ ਦੂਜਾ ਸ਼ੁੱਧ ਕਲਾਕੰਦ ਹੈ ਰਾਣੀ ਕਲਾਵਤੀ ਲਈ !

ਕਾਲੀਚਰਨ : ਤੇ ਬਾਕੀ ?

ਕਲਾਵਤੀ : ਬਾਕੀ ਦੇ ਮੋਹਰੇ ਵਾਲੇ ਨੇ ਉਸ ਬਹੁਰੂਪੀਏ ਚਤਰ ਸਿੰਘ ਅਤੇ ਉਸਦੀ ਧੀ ਚੰਪਾ ਲਈ! 'ਹੁਣ' ਵੇਖਾਂਗੀ ਕਿਵੇਂ ਪਾਉਂਦੇ ਨੇ ਡੋਰੇ ਟਿੱਕਾ ਸ਼ਮਸ਼ੇਰ ਸਿੰਘ ਤੇ! (ਫਿਰ ਜਿਵੇਂ ਉਸਨੂੰ ਭਰੋਸੇ ਵਿਚ ਲੈਂਦੇ ਹੋਏ) ਸ਼ਮਸ਼ੇਰ ਦੀ ਤੇ ਮੱਤ ਮਾਰੀ ਗਈ ਏ! ਬਿੱਲੀਆਂ, ਬਾਜ਼ਾਂ ਤੇ ਖ਼ਰਗੋਸ਼ਾਂ ਨਾਲ ਖੇਡ-ਖੇਡਕੇ ਇਹ ਵੀ ਭੁੱਲ ਗਿਆ ਏ ਕਿ ਉਸਨੇ ਜਗੀਰਦਾਰਨੀ ਦਾ ਦੁੱਧ ਪੀਤਾ ਏ।

ਕਾਲੀਚਰਨ : (ਕੁੱਝ ਸ਼ਰਾਰਤ ਨਾਲ) ਦੁੱਧ ਤੇ ਜਗੀਰਦਾਰਨੀ ਨੇ ਉਸ ਨੂੰ ਪਿਲਾਇਆ ਹੀ ਨਹੀਂ। ਦਾਈ ਨੇ ਭਾਵੇਂ ਪਿਲਾ ਦਿੱਤਾ ਹੋਵੇ।

ਕਲਾਵਤੀ : (ਗੱਲ ਟੁੱਕਦੇ ਹੋਏ) ਫਿਰ ਵੀ ਉਹ 'ਮੇਰਾ' ਪੁੱਤ ਏ! (ਭਾਵ ਬਦਲਕੇ) ਅੱਜ ਜਗੀਰਦਾਰਨੀ ਦੇ ਟਿੱਕੇ ਨੂੰ ਗੰਢਕੇ ਚਤਰ ਸਿੰਘ ਤੇ ਉਸਦੀ ਧੀ, ਇਸ ਜਗੀਰਦਾਰੀ ਨੂੰ ਹੜੱਪ ਜਾਣਾ ਚਾਹੁੰਦੇ ਨੇ! ਸ਼ਮਸ਼ੇਰ ਤੇ ਹੁਣੇ ਹੀ ਉਸ ਡੈਣ ਮਗਰ ਪਾਗਲ ਹੋਇਆ ਫਿਰਦਾ ਏ।... ਜੇਕਰ ਚੰਪਾ ਏਸ ਹਵੇਲੀ ਵਿਚ ਨੂੰਹ ਬਣਕੇ ਆ ਗਈ ਤਾਂ ਰਾਣੀ ਕਲਾਵਤੀ ਨੂੰ ਸੰਨਿਆਸ ਲੈ ਕੇ ਆਸ਼ਰਮ ਹੀ ਜਾਣਾ ਪੈਣਾ ਏ।

ਕਾਲੀਚਰਨ : (ਛੇੜਕੇ) ਜੇ ਤੁਸੀਂ ਆਸ਼ਰਮ ਚਲੇ ਗਏ ਤਾਂ ਸਮਝੋ ਆਸ਼ਰਮ ਵੀ ਜਗੀਰ ਬਣ ਗਿਆ!

ਕਲਾਵਤੀ : (ਭਾਵ ਸਮਝਕੇ ਤੇ ਖਿੜਕੇ ਦਬਕਾ ਮਾਰਦੇ ਹੋਏ) ਵਾਧੂ ਗੱਲਾਂ ਛੱਡੋ!

ਕਾਲੀਚਰਨ : ਤਾਂ ਫਿਰ ਦਸੋ ਵੀ! ਮੇਰੇ ਲਈ ਕੀ ਹੁਕਮ ਹੈ? ਕਰਨਾ ਕੀ ਏ?

ਕਲਾਵਤੀ : ਕਰਨਾ ਕੀ ਏ? (ਜਿਵੇਂ ਜਾਗ ਕੇ) ਠਾਕਰ ਚਤਰ ਸਿੰਘ ਤੇ ਚੰਪਾ ਨੂੰ ਸੱਦਾ ਭੇਜਣਾ ਏ। (ਉਸਦੀਆਂ ਅੱਖਾਂ ਵਿਚ ਅੱਖਾਂ ਪਾ ਕੇ) ਤੇ ਜੋਤਸ਼ੀ ਜੀ, ਇਹ ਕਾਰਜ ਤੁਸੀਂਓ ਕਰਨਾ ਏ

ਕਾਲੀਚਰਨ : (ਗੱਲ ਸਮਝਦੇ ਹੋਏ) ਤੇ ਜਗੀਰਦਾਰਨੀ ਦਾ ਸੱਦਾ ਮਿਲਦਿਆਂ ਹੀ ਪਿਓ-ਧੀ ਨੇ, ਸਿਰ ਦੇ ਭਾਰ ਚੱਲ ਕੇ...ਨਹੀਂ ਸਗੋਂ ਬੱਘੀ ਵਿਚ ਬੈਠਕੇ ਆਉਣਾ ਏ।

ਕਲਾਵਤੀ : ਫਿਰ ਦੇਰੀ ਕਾਸਦੀ ਏ ਰਾਜ-ਜੋਤਸ਼ੀ ਜੀ! (ਚੁੱਟਕੀ ਵਜਾਕੇ) ਤੁਸੀਂ ਇੰਜ ਜਾਓ! ...ਤੇ ਹੋਣ ਵਾਲੀ ਜਗੀਰਦਾਰਨੀ (ਵਿਅੰਗ ਨਾਲ) ਨੂੰ ਇੰਜ (ਚੁੱਟਕੀ) ਲੈ ਕੇ ਆਓ!

ਕਾਲੀਚਰਨ : (ਕੁੱਝ ਸ਼ੱਕ ਨਾਲ) ਪਰ ਰਾਣੀ ਸਾਹਿਬਾ! ਇਹ ਤੇ ਪੱਕ ਏ ਨਾ ਕਿ...

ਕਲਾਵਤੀ : .. ਕਿ ਇਹ ਦੋ ਕਲਾਕੰਦ ਮੋਹਰੇ ਵਾਲੇ ਨਹੀਂ! (ਨੇੜੇ ਹੋਕੇ ਆਪਣੀਆਂ ਵੀਣੀਆਂ ਵਿਚ ਉਸਦੇ ਲੱਕ ਨੂੰ ਵਲਦੇ ਹੋਏ, ਸ਼ਿਕਵੇ ਨਾਲ) ਮੇਰੀ ਸਰਕਾਰ! ਕਲਾਵਤੀ ਤੇ ਯਕੀਨ ਨਹੀਂ?

ਕਾਲੀਚਰਨ : ਹੈ ਕਿਉਂ ਨਹੀਂ ਜਗੀਰਦਾਰਨੀ (ਫਿਦਾ ਹੋ ਕੇ ਉਸਨੂੰ ਘੂਰਦਾ ਹੈ) ਜੇ ਯਕੀਨ ਨਾ ਹੁੰਦਾ ਤਾਂ...(ਦੋਵੇਂ ਹੱਸਦੇ ਹਨ)...ਫਿਰ ਇੰਜ ਕਰਾਂਗੇ ਕਿ ਜਦੋਂ ਚੰਪਾ ਤੇ ਚਤਰ ਸਿੰਘ ਆ ਕੇ ਸਜ ਜਾਣਗੇ ਤਾਂ ਪਹਿਲਾਂ ਅਦਬ ਵਜੋਂ ਮੈਂ ਕਲਾਕੰਦ ਤੁਹਾਨੂੰ ਪੇਸ਼ ਕਰਾਂਗਾ।

[ਰਿਹਰਸਲ ਵਜੋਂ ਟ੍ਰੇ ਚੁਕਕੇ ਕਲਾਵਤੀ ਨੂੰ ਪੇਸ਼ ਕਰਦਾ ਹੈ। ਉਹ 'ਕੱਕੇ' ਦੇ ਪੈਰ ਵਾਲਾ ਹੇਠਲਾ ਸ਼ੁੱਧ ਕਲਾਕੰਦ ਚੁੱਕਣ ਦਾ ਐਕਸ਼ਨ ਕਰਦੀ ਹੈ।]

ਕਲਾਵਤੀ : ਤੇ ਫਿਰ ਰਾਣੀ ਕਲਾਵਤੀ ਕਲਾਕੰਦ ਰਾਜ ਜੋਤਸ਼ੀ ਹੁਰਾਂ ਨੂੰ ਪੇਸ਼ ਕਰੇਗੀ।

[ਰਿਹਰਸਲ ਵਜੋਂ ਐਤਕੀਂ ਕਲਾਵਤੀ ਟ੍ਰੇ ਉਸਨੂੰ ਪੇਸ਼ ਕਰਦੀ ਹੈ। ਰਾਜ ਜੋਤਸ਼ੀ ਦੂਜਾ ਸ਼ੁੱਧ ਕਲਾਕੰਦ ਚੁੱਕਣ ਦਾ ਐਕਸ਼ਨ ਕਰਦਾ ਹੈ।]

ਕਾਲੀਚਰਨ : ਫਿਰ ਬੰਦਾ ਬਾਕੀ ਦੀ ਕਲਾਕੰਦ ਚਤਰ ਸਿੰਘ ਤੇ ਚੰਪਾ ਨੂੰ ਪੇਸ਼ ਕਰੇਗਾ।

[ਦੋਵੇਂ ਇਕ ਦੂਜੇ ਦੇ ਨੇੜੇ ਹੁੰਦੇ ਹਨ]

ਕਲਾਵਤੀ : ਤੇ ਉਹ 'ਕਲਾਕੰਦ' ਦਾ ਸੁਆਦ ਚਖਣਗੇ।

[ਐਤਕੀਂ ਕਾਲੀਚਰਨ ਕਲਾਵਤੀ ਨੂੰ ਬਾਹਾਂ ਵਿਚ ਬੋਚ ਲੈਂਦਾ ਹੈ।... ਬਾਹਰੋਂ ਟਿੱਕਾ ਸ਼ਮਸ਼ੇਰ ਸਿੰਘ ਦੀ ਆਵਾਜ਼ ਆਉਂਦੀ ਹੈ।]

ਟਿੱਕਾ : ਪੁੱਚ...ਪੁੱਚ (ਜਗੀਰਦਾਰਨੀ ਤੇ ਜੋਤਸ਼ੀ ਨਿਖੜਦੇ ਹਨ)! ਓਏ ਮੇਰਿਆ ਸ਼ੇਰਾ! ਚੱਲ, ਰਾਣੀ ਮਾਂ ਦਾ ਹਾਲ-ਚਾਲ ਪੁੱਛਕੇ ਆਈਏ।

[ਜੋਤਸ਼ੀ ਕੁਰਸੀ 'ਤੇ ਤੇ ਰਾਣੀ ਕਲਾਵਤੀ ਦੀਵਾਨ ਤੇ ਬੈਠਦੇ ਹਨ। ਸ਼ਮਸ਼ੇਰ ਸਿੰਘ ਅੰਦਰ ਪੁੱਜ ਜਾਂਦਾ ਹੈ]

ਕਲਾਵਤੀ : (ਗੁੱਸੇ ਨਾਲ) ਸ਼ਮਸ਼ੇਰ! ਮੈਂ ਜੁ ਤੈਨੂੰ ਕਿਹਾ ਸੀ ਪਈ ਅਜ ਤੂੰ ਰਾਜਾ ਜਗਤ ਸਿੰਘ ਵਲ ਜਾਣਾ ਏ ਤੇ ਆਪਣੇ ਪਿੰਡ ਵਾਲੀ ਸ਼ਾਮਲਾਟ ਦੀ ਜ਼ਮੀਨ ਦੀ ਗੱਲ ਦਾ ਨਿਬੇੜਾ ਕਰਕੇ ਆਣਾ ਏ। ਤੇ ਤੂੰ ਗਿਆ ਨਹੀਂ?

ਟਿੱਕਾ : ਬੱਸ! ਨਹੀਂ ਗਿਆ। ਟਿੱਕਾ ਸਾਹਬ ਨੇ ਇਰਾਦਾ ਬਦਲ ਦਿੱਤਾ। (ਅਚਾਨਕ ਕਾਲੀਚਰਨ ਨੂੰ ਵੇਖਕੇ) ਆਹ! ਤੇ ਜੋਤਸ਼ੀ ਜੀ ਵੀ ਆਏ ਬੈਠੇ ਨੇ! ਰੱਬ ਸੁੱਖ ਕਰੇ! (ਹੱਸਦਾ ਹੈ।...ਅਚਾਨਕ ਉਸਦੀ ਨਿਗਾਹ ਟ੍ਰੇ ਵਲ ਜਾਂਦੀ ਏ ਤੇ ਉਹ ਮਾਂ ਵਲੋਂ ਹੱਟ ਕੇ ਟ੍ਰੇ ਵਲ ਵਧਦਾ ਹੈ..) ਵਾਹ! ਵਾਹ! ਕਲਾਕੰਦ!

ਕਲਾਵਤੀ : (ਘਬਰਾ ਕੇ) ਸ਼ਮਸ਼ੇਰ! ਹੱਥ ਨਾ ਲਾਈਂ ਕਲਾਕੰਦ ਨੂੰ!

ਸ਼ਮਸ਼ੇਰ : ਪਰ ਮੈਨੂੰ ਚੰਗੀਓ ਬਾਹਲੀ ਲਗਦੀ ਏ, ਰਾਣੀ ਮਾਂ! ਇਕੋ ਹੀ ਤੇ ਸ਼ੌਕ ਮੇਰਾ ਤੁਹਾਡੇ ਨਾਲ ਮਿਲਦਾ ਏ

ਕਲਾਵਤੀ : ਤੇਰਾ ਕੋਈ ਸ਼ੌਕ ਨਹੀਂ ਮਿਲਦਾ ਮੇਰੇ ਨਾਲ! ਤੂੰ ਤੇ ਨਿਰਪੂਰਾ ਆਪਣੇ ਪਿਓ ਤੇ ਗਿਆ ਏਂ!

ਟਿੱਕਾ : ਪਿਤਾ ਜੀ! ਆਹਾ! ਕਿਆ ਬਾਤ ਸੀ ਉਨ੍ਹਾਂ ਦੀ! ਕਮਾਲ ਦੇ ਇਨਸਾਨ ਸਨ ਉਹ! (ਭਾਵੁਕ ਹੋ ਕੇ ਪਿਤਾ ਦੇ ਪੋਰਟ੍ਰੇਟ ਸਾਹਮਣੇ ਜਾ ਖੜਦਾ ਹੈ) ਹੈਵਾਨਾਂ ਨੂੰ ਵੀ ਕਿੱਡਾ ਪਿਆਰ ਕਰਦੇ ਸਨ। (ਅਚਾਨਕ ਮੁੜਕੇ) ਅੱਛਾ! ਇਹ ਤੇ ਦੱਸੋ ਰਾਣੀ ਮਾਂ ਕਿ ਇਹ ਪਾਲਤੂ 'ਜਾਨਵਰ' ਇੱਡੇ

ਸੱਚੇ ਕਿਉਂ ਹੁੰਦੇ ਨੇ ? ਅੱਛਾ, ਰਾਣੀ ਮਾਂ ! ਇਹੀ ਦਸ ਦਿਓ ਪਈ ਪਿਤਾ ਜੀ ਕਿਵੇਂ ਸੁਰਗਵਾਸ ਹੋਏ ?

ਕਲਾਵਤੀ : (ਛਿਥੀ ਪੈ ਕੇ) ਤੂੰ ਹਮੇਸ਼ਾ ਊਟ-ਪਟਾਂਗ ਸੁਆਲ ਹੀ ਪੁੱਛਦਾ ਰਿਹਾ ਕਰ। [ਬਾਰੀ 'ਚੋਂ ਬਾਹਰ ਵੇਖਦੀ ਹੈ]

ਟਿੱਕਾ : ਜਦ ਵੀ ਮੈਂ ਪਿਤਾ ਜੀ ਬਾਰੇ ਕੁਝ ਪੁੱਛਦਾ ਹਾਂ, ਤੁਸੀਂ ਖਿਝਕੇ ਕਿਉਂ ਪੈਂਦੇ ਹੋ ਰਾਣੀ ਮਾਂ ?

ਕਾਲੀਚਰਨ : (ਵਿਚ ਪੈ ਕੇ ਹੁਸ਼ਿਆਰੀ ਨਾਲ) ਟਿੱਕਾ ਸਾਹਿਬ ! ਰਾਣੀ ਸਾਹਿਬਾ ਜਗੀਰ ਦੇ ਬਖੇੜਿਆਂ ਵਿਚ ਬਹੁਤ ਰੁੱਝੇ ਹੋਏ ਨੇ ! ਪਰੇਸ਼ਾਨ ਵੀ ਨੇ । ਉਧਰ ਜਗਤ ਸਿੰਘ ਨੇ ਵੀ ਮੌਕਾ ਵੇਖਕੇ ਸਾਡੀ ਜਗੀਰ ਦੀ ਸ਼ਾਮਲਾਟ ਤੇ ਹੱਕ ਜਤਾ ਦਿਤਾ ਏ । ਤੁਸੀਂ ਅੱਜ ਵੀ ਨਹੀਂ ਗਏ । ਹੁਣ ਤੁਸੀਂ ਇੰਜ ਕਰੋ ਪਈ ਉਨ੍ਹਾਂ ਨੂੰ ਬੇਅਰਾਮੀ ਨਾ ਹੋਵੇ !

ਟਿੱਕਾ : (ਜੋਤਸ਼ੀ ਵੱਲ ਹਿਕਾਰਤ ਨਾਲ ਵੇਖਕੇ) ਬੇਅਰਾਮ ਤੇ ਤੁਸੀਂ ਬਹੁਤੇ ਜਾਪਦੇ ਹੋ ਜੋਤਸ਼ੀ ਜੀ ! ਹਾਲ ਦੀ ਘੜੀ ਤਾਂ ਇਹ ਨਸੀਅਤਾਂ ਸਾਂਭ ਕੇ ਰੱਖੋ । ਮੈਨੂੰ ਇਸ ਵੇਲੇ ਡਾਢੀ ਭੁੱਖ ਲਗੀ ਹੋਈ ਏ ਤੇ ਕਲਾਕੰਦ ਵੇਖਕੇ ਇਹ ਹੋਰ ਵੀ ਚਮਕ ਗਈ ਏ

ਕਲਾਵਤੀ : ਖਬਰਦਾਰ, ਸ਼ਮਸ਼ੇਰ ! ਜੇ ਕਲਾਕੰਦ ਨੂੰ ਛੇੜਿਆ !

ਕਾਲੀਚਰਨ : (ਉਸਦੇ ਮੋਢੇ ਤੇ ਹੱਥ ਧਰਕੇ ਉਸਨੂੰ ਅੰਦਰਲੇ ਬੂਹੇ ਵਲ ਲਿਜਾਂਦੇ ਹੋਏ) ਟਿੱਕਾ ਸਾਹਬ ! ਪਹਿਲਾਂ ਤੁਸੀਂ ਅੰਦਰ ਜਾਕੇ ਹੱਥ-ਮੂੰਹ ਧੋ ਆਓ !

ਕਲਾਵਤੀ : ਤੇ ਗੱਲ ਸੁਣ ਸ਼ਮਸ਼ੇਰ ! ਇਹ ਜੇਬਾਂ ਵਿਚ ਕੀ ਭਰਿਐ ?

ਟਿੱਕਾ : (ਕੁਝ ਲਾਡ ਨਾਲ) ਨਹੀਂ ਦਸਦਾ !

ਕਲਾਵਤੀ : (ਉਹਦੇ ਨੇੜੇ ਹੋਕੇ) ਦੱਸ ਤਾਂ ਸਹੀ !

ਟਿੱਕਾ : ਚੰਗਾ ਫਿਰ ! ਵੇਖ ਲਓ ! (ਆਪਣੇ ਮੋਕਲੇ ਚੋਗੇ ਦੇ ਜੇਬ ਵਿਚ ਹੱਥ ਪਾ ਕੇ) ਇਹ ਹੈਗਾ ਜੇ, ਇਕ ਡੱਡੂ ! ਵਿਚਾਰਾ ਮਰ ਗਿਆ ! [ਡੱਡੂ ਚੁੱਕ ਕੇ ਰਾਣੀ ਕਲਾਵਤੀ ਲਾਗੇ ਕਰਦਾ ਹੈ।]

ਕਲਾਵਤੀ : (ਪਿੱਛੇ ਹੱਟਦੇ ਹੋਏ) ਹਾਏ ਓ ਮੇਰਿਆ ਰੱਬਾ ! ਪਰਾਂ ਕਰ ! ਪਰਾਂ ਕਰ ਇਸ ਮੁਰਦੇ ਨੂੰ !

ਟਿੱਕਾ : ਪਰ ਰਾਣੀ ਮਾਂ ! ਇਹ ਵਿਚਾਰਾ ਤਾਂ ਆਪਣੀ ਕੁਦਰਤੀ ਮੌਤ ਮਰਿਆ ਏ !

ਕਲਾਵਤੀ : (ਗੁੱਸੇ ਨਾਲ) ਸ਼ਮਸ਼ੇਰ !

ਕਾਲੀਚਰਨ : (ਚਾਤਰੀ ਨਾਲ ਮੌਕਾ ਸੰਭਾਲਦੇ ਹੋਏ) ਟਿੱਕਾ ਸਾਹਬ ! ਆਹ ਦੂਜੀ ਜੇਬ ਵਿਚ ਕੀ ਭਰਿਆ ਜੇ ?

ਟਿੱਕਾ : (ਆਪਣੀ ਜੇਬ ਨੂੰ ਬਾਹਰੋਂ ਪਿਆਰਦੇ ਹੋਏ) ਇਸ ਵਿਚ ਹੈ ਮੇਰਾ ਸ਼ੇਰੂ ! ਮੇਰਾ ਪਿਆਰਾ ਖਰਗੋਸ਼ ! (ਮਾਂ ਵਲ ਵੇਖਦੇ ਹੋਏ) ਸੁੱਖ ਨਾਲ ਅਜੇ ਤਕ ਜੀਊਂਦਾ-ਜਾਗਦਾ ਏ ।



ਕਲਾਵਤੀ : (ਕਚੀਚੀ ਲੈਂਦੇ ਹੋਏ) ਕਿਡੀ ਨਮੋਸ਼ੀ ਦੀ ਗੱਲ ਏ, ਪਈ ਇੱਡੀ ਵੱਡੀ ਜਗੀਰ ਦਾ ਵਾਰਸ ਜੇਬਾਂ ਵਿਚ ਖਰਗੋਸ਼ ਤੇ ਡੱਡੂ ਚੁੱਕੀ ਫਿਰਦਾ ਏ !

ਟਿੱਕਾ : (ਜੇਬ 'ਚੋਂ ਖਰਗੋਸ਼ ਕੱਢਕੇ) ਏਡ ਵੱਡੇ ਜਗੀਰਦਾਰ ਦਾ ਫਰਜ਼ੰਦ ਬਾਜ਼ ਜਾਂ ਖਰਗੋਸ਼ ਹੀ ਪਾਲੇਗਾ । (ਜੋਤਸ਼ੀ ਵਲ ਵੇਖਕੇ) ਸੱਪ ਨਹੀਂ । (ਖਰਗੋਸ਼ ਨੂੰ ਪਲੋਸਕੇ) ਕਿਡਾ ਭੋਲਾ-ਭਾਲਾ ਤੇ ਪਿਆਰਾ ਏ, ਮੇਰਾ ਸ਼ੇਰੂ । [ਬਾਹਰ ਘੜਿਆਲ ਤੇ ਛੇ ਵੱਜਦੇ ਹਨ]

ਕਲਾਵਤੀ : (ਚੁਕੰਨੀ ਹੋਕੇ) ਰਾਜ-ਜੋਤਸ਼ੀ ਜੀ ! (ਅੱਖਾਂ ਹੀ ਅੱਖਾਂ ਵਿਚ ਇਸ਼ਾਰਾ ਵੀ ਕਰਕੇ) ਤੁਸੀਂ ਫਿਰ ਹੋ ਆਓ !

ਕਾਲੀਚਰਨ : (ਛਾਤੀ ਤੇ ਹੱਥ ਧਰਕੇ, ਸਿਰ ਝੁਕਾਕੇ) ਜੋ ਆਗਿਆ, ਰਾਣੀ ਸਾਹਿਬਾ ! [ਬਾਹਰ ਜਾਂਦਾ ਹੈ]

ਟਿੱਕਾ : ਰਾਣੀ ਮਾਂ ! ਕਿੱਥੇ ਭੇਜਿਐ ਇਸ ਬੁੱਢੇ ਨੂੰ ?

ਕਲਾਵਤੀ : ਕਿਤੇ ਨਹੀਂ ! ਤੂੰ ਕੀ ਲੈਣੈ ? ...ਤੇ ਹੁਣ ਡੱਡੂਆਂ-ਖਰਗੋਸ਼ਾਂ ਨਾਲ ਖੇਡਣਾ ਬੰਦ ਕਰ ! (ਕੁਝ ਨਰਮ ਪੈਕੇ) ਤੂੰ ਬੱਚਿਆ, ਕਲ ਨੂੰ ਜਗੀਰਦਾਰੀ ਸੰਭਾਲਣੀ ਏਂ । ਲਿਆ ਕਰ ਉਰਾਂ ਇਸ ਨਿਕੰਮੇ ਖਰਗੋਸ਼ ਨੂੰ ! ਅਮਲੀ ਇਸਨੂੰ ਬੀੜ ਵਿਚ ਛੱਡ ਆਏਗਾ ।

ਟਿੱਕਾ : (ਅੜ ਕੇ) ਬਿਲਕੁਲ ਨਹੀਂ ! (ਖਰਗੋਸ਼ ਨੂੰ ਕੋਮਲਤਾ ਨਾਲ ਘੁੱਟਕੇ) ਕੀ ਪਤਾ, ਕਦੇ ਇਹ ਬੇਜ਼ੁਬਾਨ ਹੀ ਕੰਮ ਆ ਜਾਏ ।

ਕਲਾਵਤੀ : (ਬੇਸਬਰੀ ਨਾਲ ਬਾਹਰ ਝਾਕਦੇ ਹੋਏ) ਇਸ ਮਰੇ ਖਰਗੋਸ਼ ਨੇ ਸੁਆਹ ਕੰਮ ਆਉਣਾ ਏ !

ਟਿੱਕਾ : ਕੀ ਪਤਾ ਰਾਣੀ ਮਾਂ !

ਜਗੀਰਦਾਰਨੀ : (ਬੱਘੀ ਵਿਚ ਕਾਲੀਚਰਨ ਨੂੰ ਜਾਂਦੇ ਵੇਖਕੇ) ਝੱਟ ਘੜੀ ਨੂੰ ਉਨ੍ਹਾਂ ਨੇ ਆ ਪੁਜਣਾ ਏ ।

ਟਿੱਕਾ : ਉਹ ਕੌਣ ਰਾਣੀ ਮਾਂ ?

ਕਲਾਵਤੀ : (ਖਿਝਕੇ) ਮੈਂ ਤੈਨੂੰ ਰਾਜਾ ਜਗਤ ਸਿੰਘ ਵਲ ਘੱਲਿਆ ਸੀ ।

ਟਿੱਕਾ : ਪਰ ਆ ਕੌਣ ਰਿਹੈ ਰਾਣੀ ਮਾਂ ?

ਕਲਾਵਤੀ : ਕੋਈ ਨਹੀਂ ! ਪਹਿਲਾਂ ਤੂੰ ਅਮਲੀ ਨੂੰ ਬੁਲਾਕੇ ਇਸ ਖਰਗੋਸ਼ ਨੂੰ ਦਫਾ ਕਰ ! ਐਵੇਂ ਖੜੋਤੇ ਵਾਧੂ ਗੱਲਾਂ ਕਰੀ ਜਾਂਦੈਂ !

ਟਿਕਾ : ਰਾਣੀ ਮਾਂ ! ਖ਼ਰਗੋਸ਼ ਤੇ ਮੇਰੇ ਕੋਲ ਹੀ ਰਹੇਗਾ । ਮੇਰੇ ਨਾਲ ਹੀ ਸੌਂਵੇਗਾ ।

ਕਲਾਵਤੀ : (ਝੱਪਟਾ ਮਾਰਨ ਲਗਦੀ ਹੈ) । ਮੈਂ ਵੇਖਦੀ ਹਾਂ, ਤੂੰ ਕਿਵੇਂ ਇਸ ਨੂੰ ਆਪਣੇ ਕੋਲ ਰੱਖਦੈਂ !

ਟਿੱਕਾ : ਚੰਗਾ ! ਚੰਗਾ ! ਮੈਂ ਆਪ ਹੀ ਇਸਨੂੰ ਬਾਹਰ ਛੱਡ ਆਉਂਦਾ ਹਾਂ । (ਸ਼ਮਸ਼ੇਰ ਹਵੇਲੀ 'ਚੋਂ ਬਾਹਰ ਜਾਣ ਲਈ ਮੁੜਦਾ ਹੈ, ਪਰ ਇਹ ਵੇਖਕੇ ਕਿ ਉਹ ਬਾਹਰਵਾਰ ਬਗੀਚੇ ਵਿਚ ਝਾਕੀ ਜਾਂਦੀ ਹੈ, ਹਵੇਲੀ ਦੇ

ਅੰਦਰ ਵਾਲੇ ਬੂਹੇ ਵਲ ਖਿਸਕ ਕੇ ਇਲਤ ਨਾਲ ਖ਼ਰਗੋਸ਼ ਨੂੰ ਹਵੇਲੀ ਦੇ ਅੰਦਰਵਾਰ ਭਜਾ ਦੇਂਦਾ ਹੈ। ਕਲਾਵਤੀ ਅਜੇ ਵੀ ਬੇਸਬਰੀ ਨਾਲ ਬਾਰੀ 'ਚੋਂ ਬਾਹਰ ਝਾਕ ਰਹੀ ਹੈ। ਟਿੱਕਾ ਕਲਾਕੰਦ ਦੀ ਟ੍ਰੇ ਕੋਲ ਜਾ ਅਪੜਦਾ ਹੈ ) ਇਹ ਕਲਾਕੰਦ ਕਿਵੇਂ ਸਜਾਈ ਏ...ਦਿਹ ਤੇ ਜਿਵੇਂ 'ਕੱਕਾ' ਅੱਖਰ ਹੀ ਬਣ ਗਿਆ ਹੋਵੇ !

ਕਲਾਵਤੀ : ਛੇੜੀਂ ਨਾ ! ਇਹ 'ਕੱਕਾ' ਜਗੀਰਦਾਰਨੀ ਦੇ ਨਾਂਅ ਵੱਲ ਹੀ ਇਸ਼ਾਰਾ ਕਰਦਾ ਏ।

[ਫਿਰ ਬਾਹਰ ਝਾਕਦੀ ਏ]

ਟਿੱਕਾ : (ਟ੍ਰੇ ਲਾਗੇ ਪੁੱਜ ਕੇ).. ਪਰ ਇਹ 'ਕੱਕਾ' ਕੁੱਝ ਬਾਹਲਾ ਹੀ ਬੇਢਬਾ ਹੈ...(ਹੇਠਲੀ ਬਿਨਾਂ ਜ਼ਹਿਰ ਵਾਲੀ ਇਕ ਟੁਕੜੀ ਚੁੱਕ ਕੇ) ਆਹ... ਹੁਣ ਬੇਹਤਰ ਹੈ...(ਖਾ ਜਾਂਦਾ ਹੈ) ਹਾਲਾਂ ਵੀ ਗੱਲ ਬਣੀ ਨਹੀਂ। (ਦੂਜੀ ਹੇਠਲੀ ਕਲਾਕੰਦ ਵੀ ਚੁੱਕ ਕੇ ਖਾ ਜਾਂਦਾ ਹੈ) ਹੁਣ ਠੀਕ ਹੈ।

ਕਲਾਵਤੀ : (ਬੇਧਿਆਨੀ ਜਿਹੀ) ਕੀ ਠੀਕ ਏ ?

ਟਿੱਕਾ : (ਤ੍ਰਬਕ ਕੇ) ਕੁੱਝ ਨਹੀਂ ਰਾਣੀ ਮਾਂ !

[ਫਿਰ ਮੇਜ਼ ਲਾਗੇ ਢੁੱਕ ਜਾਂਦਾ ਹੈ ਤੇ ਮਨ ਵਿਚ ਸੋਚਦਾ ਏ; ਕਿਤਨੀ ਸੁਆਦੀ ਏ ! ਤੀਜਾ ਟੁਕੜਾ ਵੀ ਚੱਖਣ ਲਗਦਾ ਹੈ ਤਾਂ ਮੇਜ਼ ਨਾਲ ਟਕਰਾ ਜਾਂਦਾ ਏ]

ਕਲਾਵਤੀ : (ਇਕਦੱਮ ਮੁੜਦੇ ਹੋਏ) ਤੂੰ ਅਜੇ- ਹੱਥ ਮੂੰਹ ਨਹੀਂ ਧੋਣ ਗਿਆ ਸ਼ਮਸ਼ੇਰ ! ਤੈਨੂੰ ਕਹਿ ਜੁ ਦਿਤੈ ਪਈ ਕਲਾਕੰਦ ਨੂੰ ਹੱਥ ਨਹੀਂ ਲਾਣਾ। ...(ਨੌਕਰ ਲਈ ਆਵਾਜ਼ ਦਿੰਦੀ ਹੈ) ਅਮਲੀ ! ਵੇ ਅਮਲੀ

ਅਮਲੀ : (ਹਵੇਲੀ ਦੇ ਅੰਦਰਵਾਰੋਂ ਆਉਂਦੇ ਹੋਏ) ਕੀ ਹੁਕਮ ਰਾਣੀ ਮਾਂ

ਕਲਾਵਤੀ : ਇਹ ਕਲਾਕੰਦ ਲੈ ਜਾ ਤੇ ਅੰਦਰ ਰੱਖ ਦੇ ! ਖਬਰਦਾਰ ! ਕੋਈ ਇਸ ਟ੍ਰੇ ਨੂੰ ਨਾ ਛੇੜੇ ! (ਸ਼ਮਸ਼ੇਰ ਵੱਲ ਮੁੜਕੇ, ਸਖ਼ਤੀ ਨਾਲ) ਤੇ ਸ਼ਮਸ਼ੇਰ ! ਤੂੰ ਉਹ ਖ਼ਰਗੋਸ਼ ਬਾਹਰ ਭੇਜ ਦਿੱਤਾ ਨਾ ?

ਟਿੱਕਾ : ਨਹੀਂ ਦ-ਸ-ਦਾ !

ਕਲਾਵਤੀ : ਤੂੰ ਮੈਨੂੰ ਪਾਗਲ ਕਰ ਕੇ ਛੱਡੇਂਗਾ।

ਟਿੱਕਾ : ਭਲਾ ਮੈਂ ਕਿਉਂ ਕਰਾਂਗਾ ਤੁਹਾਨੂੰ ਪਾਗਲ ? ਅੱਛਾ ਰਾਣੀ ਮਾਂ ! ਇਹ ਤੇ ਦਸੋ ਪਈ ਇਹ ਕਲਾਕੰਦ ਕਿਸਦੇ ਲਈ ਏ ?

ਕਲਾਵਤੀ : ਤੈਨੂੰ ਕੀ ? ਕਢਿਐ ਕਿ ਨਹੀਂ ਉਹ ਖ਼ਰਗੋਸ਼ ?

ਟਿੱਕਾ : ਮੈਂ ਵੀ ਨਹੀਂ ਦਸਦਾ !

ਕਲਾਵਤੀ : ਚੰਗਾ ਫਿਰ ! ਦਸ ਕਿੰਨੀ ਆਂ ਇਹ ਰਾਜ ਜੋਤਸ਼ੀ ਜੀ ਤੇ ਤੇਰੀ ਰਾਣੀ ਮਾਂ ਲਈ ਹੈ...ਤੇ ਤੈਨੂੰ ਇਸ ਚੋਂ ਇਕ ਟੁਕੜੀ ਵੀ ਨਹੀਂ ਮਿਲਣੀ।



ਟਿੱਕਾ : ਜਦੋਂ ਰਾਜ-ਜੋਤਸ਼ੀ ਜੀ ਤੇ ਰਾਣੀ ਮਾਂ ਰਲ ਜਾਣ ਕਿਸੇ ਨੂੰ ਮਿਲ ਵੀ ਕੀ ਸਕਦਾ ਏ ਸਿਵਾ...

ਕਲਾਵਤੀ : (ਗੱਲ ਟਾਲ ਕੇ) ਤੂੰ ਦੱਸਿਆ ਨਹੀਂ ਅਜੇ ! ਕਿਥੇ ਹੈ ਤੇਰਾ ਖਰਗੋਸ਼ ?

ਟਿੱਕਾ : ਮੇਰਾ ਪਿਆਰਾ ਸ਼ੇਰੂ, ਹਵੇਲੀ ਵਿਚ ਮਟਰਗਸ਼ਤੀ ਕਰ ਰਿਹਾ ਏ !

ਕਲਾਵਤੀ : ਓਏ ਰੱਬਾ ਮੇਰਿਆ ! ਖ਼ਰਗੋਸ਼ ਨੇ ਤੇ ਸਾਰੀ ਹਵੇਲੀ ਵਿਚ ਗੰਦਗੀ ਫੈਲਾ ਦੇਣੀ ਏ !...ਵੇ ਅਮਲੀ ! ਵੇ ਗੱਲ ਸੁਣ ! ਵੇਖਿਆ ਏ, ਕਿਤੇ ਤੂੰ ਸ਼ਮਸ਼ੇਰ ਦਾ ਖ਼ਰਗੋਸ਼ ?

ਅਮਲੀ : (ਅੰਦਰ ਆਉਂਦੇ ਹੋਏ) ਕਿਹੜਾ ਵਾਲਾ ਖ਼ਰਗੋਸ਼ ? (ਖੱਚਰੀ ਹਾਸੀ ਹੱਸਕੇ) ਵੱਡੇ ਲੋਕਾਂ ਦੇ ਤੇ ਖਰਗੋਸ਼ ਹੀ ਬੜੇ ਹੁੰਦੇ ਨੇ, ਰਾਣੀ ਮਾਂ ! (ਹੱਥ ਜੋੜ ਕੇ ਜਾਨ-ਬਖ਼ਸ਼ੀ ਮੁਦਰਾ ਵਿਚ) ਤੁਹਾਡਾ ਮਤਲਬ ਕਿਤੇ ਬੀਬਾ ਚੰਪਾਵਤੀ ਹੋਰਾਂ ਤੋਂ ਤੇ ਨਹੀਂ ?

ਟਿੱਕਾ : (ਨੌਕਰ ਦੀ ਇਸ ਮਜ਼ਕਰੀ ਤੇ ਖਿੜ-ਖਿੜ ਹਸਦੇ ਹੋਏ) ਹਾ ! ਹਾ ! ਹਾ ! ਚੰਪਾਵਤੀ ਖ਼ਰਗੋਸ਼ !

ਕਲਾਵਤੀ : (ਡਾਂਟਦੇ ਹੋਏ) ਸ਼ਮਸ਼ੇਰ ! (ਫਿਰ ਅਮਲੀ ਨੂੰ ਮੁਖਾਤਬ ਹੋ ਕੇ) ਬੇਵਕੂਫਾ ! ਮੈਂ ਸ਼ੇਰੂ ਖ਼ਰਗੋਸ਼ ਬਾਰੇ ਪੁੱਛ ਰਹੀ ਹਾਂ ! ਸ਼ਮਸ਼ੇਰ ਦੀ ਖਗ੍ਹੀ ਬਾਰੇ ਨਹੀਂ। ਖਰਗੋਸ਼ ! ਸ਼ੇਰੂ ਖਰਗੋਸ਼ ! ਵੇਖਿਐ ?

ਅਮਲੀ : ਨਹੀਂ ਰਾਣੀ ਮਾਂ ! ਮੈਂ ਨਹੀਂ ਵੇਖਿਆ ਸ਼ੇਰੂ ਨੂੰ !

ਕਲਾਵਤੀ : ਤਾਂ ਫਿਰ ਸ਼ਮਸ਼ੇਰ ! ਤੂੰ ਕਲਾਵਤੀ ਨਾਲ ਜਾ ! ਤੇ ਆਪਣੇ ਉਸ .. ਖਰਗੋਸ਼ ਨੂੰ ਲੱਭ। ਕਿਤੇ ਗੰਦ ਪਾਉਂਦਾ ਹੋਵੇਗਾ।

ਅਮਲੀ : (ਡਰਦੇ-ਡਰਦੇ)...ਤੇ ਰਾਣੀ ਮਾਂ, ਉਹ ਕਲਾਕੰਦ ?

ਕਲਾਵਤੀ : ਓਹੋ, ਅਮਲੀਆ ! ਤੂੰ ਖਰਗੋਸ਼ ਨੂੰ ਛੱਡ ਤੇ ਰਸੋਈ ਵਿਚ ਜਾ ! (ਅਮਲੀ ਅੰਦਰਵਾਰ ਚਲਿਆ ਜਾਂਦਾ ਹੈ। ਰਾਣੀ ਮਾਂ ਇਕੇਰੀ ਫਿਰ ਬਾਹਰ ਝਾਕਦੀ ਹੈ ਤੇ ਆਪ ਮੁਹਾਰੀ ਬੋਲਦੀ ਹੈ) ਉਹੋ ! ਉਹ ਤੇ ਆਣ ਵੀ ਪੁੱਜੇ ਨੇ ! (ਬਾਹਰ ਬੱਘੀ ਦਿਸਦੀ ਹੈ) ਸ਼ਮਸ਼ੇਰ ! ਤੂੰ ਅੰਦਰ ਜਾਵੇਂਗਾ ਕਿ ਨਹੀਂ ?

ਸ਼ਮਸ਼ੇਰ : ਹੁਣ ਮੈਂ ਬੱਚਾ ਨਹੀਂ ਰਾਣੀ ਮਾਂ ! ਜੇ ਮੈਂ ਨਾ ਜਾਵਾਂ ਤਾਂ ?

ਕਲਾਵਤੀ : ਮੈਂ ਦਸਨੀਂ ਆਂ ਤੈਨੂੰ ! ਜਾਂਦਾ ਕਿੱਦਾਂ ਨਹੀਂ ?

[ਉਸਨੂੰ ਕੰਨੋਂ ਫੜਦੀ ਹੈ]

ਸ਼ਮਸ਼ੇਰ : (ਕੰਨ ਛੁਡਾਉਂਦੇ ਹੋਏ) ਅੱਛਾ, ਅੱਛਾ ਰਾਣੀ ਮਾਂ ! ਜਾ ਰਿਹਾਂ ! ਜਾ ਰਿਹਾਂ।

[ਸ਼ਮਸ਼ੇਰ ਹਵੇਲੀ ਦੇ ਅੰਦਰਲੇ ਬੂਹੇ ਵਲ ਵੱਧਦਾ ਹੈ। ਜਦ ਤਕ ਪੁੱਜਦਾ ਹੈ, ਜਗੀਰਦਾਰਨੀ ਢਾਕਾਂ ਤੇ ਹੱਥ ਧਰਕੇ ਉਸਨੂੰ ਵੇਖਦੀ ਰਹਿੰਦੀ ਹੈ। ਫਿਰ ਉਹ ਬਿੜਕ ਸੁਣਕੇ ਬਾਹਰਲੇ ਬੂਹੇ ਵੱਲ ਵੇਖਦੀ ਹੈ।...ਬਾਹਰਲਾ ਬੂਹਾ ਖੁਲ੍ਹਦਾ ਹੈ। ਇਸ ਵੇਲੇ ਟਿੱਕਾ ਸ਼ਮਸ਼ੇਰ ਇਕ ਦਮ ਮੌਕਾ ਵੇਖਕੇ

ਸਕਰੀਨ ਉਹਲੇ ਲੁਕ ਜਾਂਦਾ ਹੈ । ਦਰਬਾਨ ਅੰਦਰ ਪੁੱਜਦਾ ਹੈ ।]

ਦਰਬਾਨ : ਰਾਣੀ ਮਾਂ ! ਰਾਜ-ਜੋਤਸ਼ੀ ਜੀ ਮਹਿਮਾਨਾਂ ਨਾਲ ਆਏ ਨੇ ।

ਕਲਾਵਤੀ : ਠੀਕ ਏ ! ਅੰਦਰ ਲੈ ਆਓ !

[ਦਰਬਾਨ ਝੁਕਕੇ ਬਾਹਰ ਜਾਂਦਾ ਹੈ ! ਕਲਾਵਤੀ ਮਹਿਮਾਨਾਂ ਦੇ ਸੁਆਗਤ ਲਈ ਅੱਗੇ ਵੱਧਦੀ ਹੈ । ਸਭ ਤੋਂ ਪਹਿਲਾਂ ਚਤਰ ਸਿੰਘ, ਉਸਦੇ ਮਗਰ ਚੰਪਾ ਤੇ ਫਿਰ ਰਾਜ-ਜੋਤਸ਼ੀ ਜੀ ਅੰਦਰ ਆਉਂਦੇ ਹਨ । ਚਤਰ ਸਿੰਘ ਹੱਥ ਜੋੜਕੇ ਕਲਾਵਤੀ ਨੂੰ ਨਮਸ਼ਕਾਰ ਕਰਦਾ ਹੈ । ਫਿਰ ਚੰਪਾ ਸਾਹਮਣੇ ਹੁੰਦੀ ਹੈ ।]

ਚੰਪਾਰਾਣੀ : ਪੈਰੀਂ ਪੈਂਦੀ, ਰਾਣੀ ਮਾਂ !

ਕਲਾਵਤੀ : (ਚੰਪਾ ਨੂੰ ਕਲਾਵੇ ਵਿਚ ਘੇਰਦੇ ਹੋਏ) ਆ, ਧੀਏ ! ਜੀ ਆਇਆਂ ਨੂੰ (ਏਥੇ ਜਗੀਰਦਾਰਨੀ ਦਾ ਹੱਥ ਚੰਪਾ ਦੇ ਸਿਰ ਤੇ ਰੁਕ ਜਾਂਦਾ ਹੈ—ਸਟਿਲ-ਅਤੇ ਉਸਦੇ ਮਨ ਦੀ ਆਵਾਜ਼ ਬੋਲਦੀ ਹੈ : 'ਜਾਣ ਨੂੰ ਤਿਆਰ ਹੋ ਜਾ ਤਿਆਰ ਹੋ ਜਾ, ਚੁੜੇਲੇ' ! ਚਤਰ ਸਿੰਘ ਵੱਲ ਮੁੜਕੇ) ਆਓ, ਠਾਕੁਰ ਸਾਹਿਬ ! ਬੈਠੋ ! (ਏਥੇ ਫਿਰ ਉਸਦੇ ਮਨ ਦੀ ਆਵਾਜ਼ ਬੋਲਦੀ ਹੈ : ਤੇ ਮੁੜ ਕੇ ਨਾ ਉਠੋ ! ਜੋਤਸ਼ੀ ਨੂੰ) ਤੁਸੀਂ ਵੀ ਕਿਉਂ ਖੜੋਤੇ ਹੋ ? (ਉਹ ਬੈਠਦਾ ਹੈ । ਚਤਰ ਸਿੰਘ ਨੂੰ) ਤੁਸੀਂ ਏਨੀ ਖੇਚਲ ਕੀਤੀ !

ਚਤਰ ਸਿੰਘ : ਖੇਚਲ ਕਾਹਦੀ, ਰਾਣੀ ਸਾਹਿਬਾ ! ਤੁਸੀਂ ਮੇਰੇ ਵਰਗੇ ਨਾਚੀਜ਼ ਨੂੰ ਇੱਡਾ ਮਾਣ ਦਿੱਤਾ ਏ । ਤੇ ਨਾਲੇ...(ਆਪਣੇ ਇਕ ਹੱਥ ਤੇ ਦੂਜਾ ਹੱਥ ਫੇਰਦਾ ਹੈ, ਜਿਵੇਂ ਹੱਥ ਧੋ ਰਿਹਾ ਹੋਵੇ)...ਮੈਂ ਤੇ ਰਾਣੀ ਸਾਹਿਬਾ ਦਾ ਸ਼ੁਕਰ-ਗੁਜ਼ਾਰ ਹਾਂ । ਉਂਜ ਤੇ ਭਾਵੇਂ ਪਿਛਲੀ ਵਾਰ ਜਦੋਂ ਰਾਜਾ ਧਿਆਨ ਸਿੰਘ ਨਾਲ ਸ਼ਿਕਾਰ ਤੇ ਗਿਆ ਸਾਂ ਤਾਂ...

[ਚੰਪਾ ਉਸਦਾ ਪੈਰ ਦੱਬਦੀ ਹੈ]

ਕਲਾਵਤੀ : (ਵੇਖਕੇ, ਪਰ ਅਣਡਿੱਠ ਕਰਕੇ) ਉਂਜ ਤੇ ਕਿੱਡੇ ਚਿਰ ਤੋਂ ਮੈਂ ਤੁਹਾਨੂੰ ਮਿਲਣ ਲਈ ਸੋਚ ਰਹੀ ਸਾਂ, ਪਰ ਤੁਹਾਨੂੰ ਪਤਾ ਹੀ ਹੈ ਕਿ ਰਾਜਾ ਸਾਹਿਬ ਦੇ ਸੁਰਗਵਾਸ ਹੋਣ ਤੋਂ ਬਾਅਦ ਜਗੀਰ ਦਾ ਸਾਰਾ ਭਾਰ ਆਣ ਪਿਆ ਏ । ਏਧਰ ਮੇਰੀ ਸਿਹਤ ਵੀ ਠੀਕ ਨਹੀਂ ਚਲ ਰਹੀ । ਸੋਚਦੀ ਆਂ ਸ਼ਮਸ਼ੇਰ ਨੂੰ ਇਹ ਜ਼ਿੰਮੇਵਾਰੀਆਂ ਸੌਂਪਕੇ ਸੁਰਖਰੂ ਹੋ ਜਾਵਾਂ ਤੇ ਬਦਰੀਨਾਥ ਚਲੀ ਜਾਵਾਂ ।

[ਜਦੋਂ ਜਗੀਰਦਾਰਨੀ ਇਹ ਗੱਲ ਆਖਦੀ ਹੈ, ਚੰਪਾ ਕਲਪਨਾ ਕਰਦੀ ਹੈ ਕਿ ਉਹ ਜਗੀਰਦਾਰਨੀ ਬਣੀ ਦੀਵਾਨ ਤੇ ਲੇਟੀ ਹੈ । ਫਿਰ ਉਹ ਉੱਠਕੇ ਟਿੱਕੇ ਦੀਆਂ ਬਾਹਾਂ ਤੋਂ ਵੱਖਰੀ ਹੁੰਦੀ ਹੈ ਤੇ ਹਵੇਲੀ ਦੇ ਬੂਹੇ ਤੱਕ ਸੰਨਿਆਸਣ ਬਣੀ ਕਲਾਵਤੀ ਨੂੰ ਅਲਵਿਦਾ ਆਖਣ ਜਾਂਦੀ ਹੈ !... ਚੰਪਾ ਤੇ ਟਿੱਕਾ ਇਕ ਦੂਜੇ ਦੀਆਂ ਬਾਹਾਂ ਵਿਚ ਕਲਾਵਤੀ ਦੇ ਦੀਵਾਨ ਤੇ ਡਿਗਦੇ ਹਨ । ਝਾਲਰਾਂ ਦੀਵਾਨ ਦੁਆਲੇ ਘੁੰਮ ਰਹੀਆਂ ਹਨ । ਫੈਂਟੇਸੀ ਖਤਮ...ਚੰਪਾ ਦੀ ਨਿਗਾਹ ਚਤਰ ਸਿੰਘ ਨਾਲ ਟਕਰਾਉਂਦੀ ਹੈ ।]

ਕਾਲੀਚਰਨ : ਸ਼ੁੱਭ-ਸ਼ੁੱਭ ਬੋਲੋ ਰਾਣੀ ਸਾਹਿਬਾ ! ਸੁੱਖ ਨਾਲ ਅਜੇ ਤੁਹਾਡੀ ਉਮਰ ਹੀ ਕੀ ਹੈ, ਜੁ ਤੁਸੀਂ ਸੰਨਿਆਸ ਦੀਆਂ ਗੱਲਾਂ ਕਰਨ ਲਗ ਪਏ ਓ !

ਚਤਰ ਸਿੰਘ : ਰਾਜ-ਜੋਤਸ਼ੀ ਜੀ ਠੀਕ ਆਖਦੇ ਨੇ ਜਿਵੇਂ ਕਿ ਰਸਤੇ ਵਿਚ ਮੈਂ ਵੀ ਇਨ੍ਹਾਂ ਨੂੰ ਆਖ ਰਿਹਾ ਸਾਂ ; ਸਾਡੀ ਚੰਪਾ ਸੁੱਖ ਨਾਲ ਲੱਖਾਂ 'ਚੋਂ ਇਕ ਹੈ । ਬਣਤ-ਫੱਬਤ ਵਿਚ ਇਹ ਚੰਗੀਆਂ ਖਾਨਦਾਨੀ ਕੁੜੀਆਂ ਨੂੰ ਮਾਤ ਕਰਦੀ ਹੈ, ਸਿਆਣੀ ਵੀ ਪੁੱਜ ਕੇ ਹੈ । (ਫਿਰ ਜੋਤਸ਼ੀ ਨੂੰ)...ਤੇ ਜੇ ਸਿਆਣਪ ਦੀ ਗੱਲ ਚਲ ਹੀ ਪਈ ਏ ਤਾਂ ਰਾਜ-ਜੋਤਸ਼ੀ ਜੀ ! ਮੈਂ ਤੁਹਾਨੂੰ ਦਸ ਹੀ ਦਿਆਂ ਕਿ ਤੁਹਾਡਾ ਇਹ ਸੇਵਕ ਐਸੀਆਂ-ਐਸੀਆਂ ਮੁਸੀਬਤਾਂ 'ਚੋਂ ਲੰਘਿਆ ਹੈ, ਕਿ ਜੇ ਤੁਹਾਨੂੰ ਪੈ ਜਾਣ ਤਾਂ ਤੁਹਾਡੇ ਤੇ ਤੋਤੇ ਹੀ ਉੱਡ ਜਾਣ । ਤੇ ਜਿੱਥੇ ਤਕ ਜ਼ਨਾਨੀਆਂ ਦਾ ਸੁਆਲ ਹੈ .

ਚੰਪਾ : (ਗੱਲ ਟੁੱਕਕੇ) ਪਿਤਾ ਜੀ, ਤੁਸੀਂ ਫਿਰ ਸ਼ੁਰੂ ਹੋ ਗਏ...(ਚਤਰ ਸਿੰਘ ਚੁੱਪ ਹੋ ਜਾਂਦਾ ਹੈ । ਕਲਾਵਤੀ ਵੱਲ ਮੁੜ ਕੇ ਉਹ ਆਖਦੀ ਹੈ) ਕਿੱਡੀ ਸ਼ਾਨਦਾਰ ਹੈ ਤੁਹਾਡੀ ਹਵੇਲੀ ! ਜੇ ਇਹ ਬੈਠਕ ਕਿੱਡੇ ਸਲੀਕੇ ਨਾਲ ਸਜਾਈ ਹੈ । ਟਿੱਕਾ ਸਾਹਿਬ ਤੇ ਉਂਜ ਵੀ ਤੁਹਾਡੀ ਚੋਣ ਦੀ ਤਾਰੀਫ਼ ਕਰਦੇ ਨੇ ।

ਟਿੱਕਾ : (ਸਕਰੀਨ ਉਹਲੇ, ਦੰਦ ਪੀਂਹਦੇ ਹੋਏ, ਖ਼ਾਮੋਸ਼ ਡਾਇਲਾਗ) ਬਿਲਕੁਲ ਝੂਠ ! ਚੰਪਾ ! ਤੂੰ ਵੀ ਸ਼ਾਮਲ ਹੋ ਗਈ ਇਸ ਨੁਮਾਇਸ਼ ਵਿਚ !

ਕਲਾਵਤੀ : ਅੱਛਾ ! (ਅਣਜਾਣ ਬਣਕੇ) ਤਾਂ ਤੂੰ ਸ਼ਮਸ਼ੇਰ ਨੂੰ ਜਾਣਦੀ ਹੈਂ ?

ਚੰਪਾ : ਕਿਉਂ ਨਹੀਂ ਰਾਣੀ ਮਾਂ ! ਉਹ ਵਿਸਾਖੀ ਦੇ ਮੇਲੇ ਤੇ ਕੁੱਕੜਾਂ ਦੀ ਲੜਾਈ ਵੇਖ ਰਹੇ ਸਨ । ਮੈਂ ਲਾਗੇ ਖੜੀ ਸਾਂ । ਅਚਾਨਕ ਮੈਂ ਉਨ੍ਹਾਂ ਦੀ ਜੇਬ 'ਚੋਂ ਖ਼ਰਗੋਸ਼ ਸਿਰੀ ਕੱਢਦਾ ਵੇਖਿਆ ! ਮੇਰੀ ਤਾਂ ਹਾਸੀ ਨਾ ਰੁਕੇ ।... ਟਿੱਕੇ ਹੋਰੀਂ ਮੇਰੀ ਵੱਲ ਬਿਟਰ-ਬਿਟਰ ਝਾਕੀ ਜਾਣ ! ਫਿਰ ਲਾਗੇ ਝੁਕ ਕੇ ਪੁੱਛਣ ਲੱਗੇ—ਨੀ ਕੁੜੀਏ ! ਹੱਸੀ ਕਿਉਂ ਜਾਨੀ ਏਂ ?...ਤੇ ਬਸ ਓਦਣ ਤੋਂ...।

ਕਲਾਵਤੀ : ਫਿਰ ?

ਚੰਪਾ : (ਹੱਸਦੀ ਹੈ) ਫਿਰ ਕੀ !

ਕਲਾਵਤੀ : ਧੀਏ ! ਮੇਰਾ ਸ਼ਮਸ਼ੇਰ ਤੇ ਬਹੁਤ ਹੀ ਭੋਲਾ ਏ । ਭੋਲਾ ਕੀ ਏ ਨਿਰਾ ਭੋਲੇਨਾਥ ਏ । ਉਹਨੂੰ ਤੇ ਬਸ (ਚੰਪਾ ਵੱਲ ਵੇਖਕੇ) ਜਾਂ ਤੇ 'ਜਨੌਰਾਂ' ਨਾਲ ਖੇਡਣ ਦਾ ਸ਼ੌਕ ਏ ਤੇ ਜਾਂ ਫਿਰ ਖਾਣ-ਪੀਣ ਦਾ ।

(ਜਿਵੇਂ ਕੁਝ ਯਾਦ ਕਰਕੇ) ਹਾਂ, ਤੁਸੀਂ ਵੀ ਤੇ ਧੁੱਪੇ ਆਏ ਹੋ ! ਕੀ ਲਓਗੇ ? (ਬਿਨਾਂ ਜੁਆਬ ਉਡੀਕੇ) ਅਮਲੀ ! ਵੇ ਅਮਲੀਆ ! ਲਿਆਈਂ ਜ਼ਰਾ ਕੁਝ ਖਾਣ-ਪੀਣ ਨੂੰ !

[ਅਮਲੀ ਇਕ ਵੱਡੇ ਗੋਲ ਚਾਂਦੀ ਦੇ ਥਾਲ ਵਿਚ ਕਲਾਕੰਦ ਦੀ ਟ੍ਰੇ ਤੇ ਸ਼ਰਬਤ ਦੇ ਚਾਰ ਗਲਾਸ ਚੁੱਕੀ ਆਉਂਦਾ ਹੈ। ਸੈਂਟਰ ਟੇਬਲ ਤੇ ਰੱਖ ਕੇ ਝੁਕਦਾ ਹੈ ਤੇ ਮੁੜ ਜਾਂਦਾ ਹੈ, ਟਿੱਕਾ ਸਕਰੀਨ ਓਹਲੇ ਬੁੱਲ੍ਹਾਂ 'ਤੇ ਜੀਭ ਫੇਰਦਾ ਹੈ।]

ਚਤਰ ਸਿੰਘ : (ਚੰਪਾ ਦੇ ਕੰਨ ਵਿਚ) ਠੀਕ ਹੈ ਨਾ !

ਚੰਪਾ : (ਹੌਲੀ ਦੇਣੀ) ਠੀਕ ਏ ਬੁੜ੍ਹਿਆ ! ਪਰ ਤੂੰ ਐਂਵੇ ਝੱਲ ਨਾ ਖਲਾਰੀਂ !

ਚਤਰ ਸਿੰਘ : ਤੂੰ ਵੀ ਗੱਲ ਚੱਜ ਨਾਲ ਕਰੀਂ !

ਚੰਪਾ : ਹੌਲੀ ਬੋਲ ! ਤਮੀਜ਼ ਨਾਲ ! ਮੈਂ ਵੀ ਜਗੀਰਦਾਰਨੀ ਬਣਨ ਵਾਲੀ ਹਾਂ।

ਚਤਰ ਸਿੰਘ : ਹੂੰ ! ਵੱਡੀ ਜਗੀਰਦਾਰਨੀ ! (ਹੌਲੀ ਦੇਣੀ) ਮੰਗ-ਖਾਣੀ !

[ਇਸ ਵਿਚ ਲੇ ਰਾਜ-ਜੋਤਸ਼ੀ ਤੇ ਜਗੀਰਦਾਰਨੀ ਅੱਖਾਂ ਵਿਚ ਇਸ਼ਾਰਾ ਕਰਦੇ ਹਨ ...ਦੂਜੇ ਪਾਸੇ ਚਤਰ ਸਿੰਘ ਸ਼ਰਬਤ ਚੁਕਣ ਲਗਦਾ ਹੈ, ਪਰ ਚੰਪਾ ਉਸਨੂੰ ਰੁਕਣ ਦਾ ਇਸ਼ਾਰਾ ਕਰਦੀ ਹੈ]

ਕਾਲੀਚਰਨ : (ਭਾਂਪਕੇ, ਟ੍ਰੇ ਚੁੱਕਦਾ ਹੈ) ਲਓ, ਰਾਣੀ ਸਾਹਿਬਾ !

[ਜਗੀਰਦਾਰਨੀ 'ਕੱਕੇ' ਦੇ ਪੈਰ ਵਾਲਾ ਕਲਾਕੰਦ ਚੁੱਕਦੀ ਹੈ। ਫਿਰ ਉਸਦੇ ਹੱਥੋਂ ਟ੍ਰੇ ਲੈ ਕੇ ਉਸੇ ਅੱਗੇ ਕਰਦੀ ਹੈ।]

ਕਲਾਵਤੀ : ਪਰ ਰਾਜ-ਜੋਤਸ਼ੀ ਹੋਣ ਦੇ ਨਾਤੇ ਤੁਹਾਡਾ ਹੱਕ ਤੇ ਪਹਿਲਾਂ ਬਣਦਾ ਏ, ਪੰਡਤ ਜੀ ! ਲਓ ! (ਕਾਲੀਚਰਨ 'ਕੱਕੇ' ਦੇ ਪੈਰ ਹੇਠੋਂ ਦੂਜੀ ਕਲਾ-ਕੰਦ ਚੁੱਕਦਾ ਹੈ। ਤੇ ਟ੍ਰੇ ਮਹਿਮਾਨਾਂ ਅੱਗੇ ਖਿਸਕਾ ਦੇਂਦਾ ਹੈ।) ਤੁਸੀਂ ਵੀ ਲਓ ਠਾਕੁਰ ਸਾਹਿਬ ! ਚੰਪਾ, ਧੀਏ ! ਤੂੰ ਵੀ ਲੈ ! ਸ਼ਰਮਾ ਨਾ। ਇਹ ਸ਼ਰਬਤ ਵੀ ਚੁੱਕੋ ਨਾ ! ਅਸੀਂ ਵੀ ਲੈਂਦੇ ਹਾਂ। (ਸਾਰੇ ਸ਼ਰਬਤ ਚੁੱਕਦੇ ਹਨ, ਚੰਪਾ ਚਤਰ ਸਿੰਘ ਕਲਾਕੰਦ ਵੀ ਚੁੱਕਦੇ ਹਨ। ਹੌਲੀ-ਹੌਲੀ ਕਲਾਕੰਦ ਕੁਤਰਦੇ ਤੇ ਸ਼ਰਬਤ ਦੇ ਘੁੱਟ ਭਰਦੇ ਨੇ।)

ਚਤਰ ਸਿੰਘ : ਰਾਜ ਜੋਤਸ਼ੀ ਜੀ ! ਟਿੱਕਾ ਸਾਹਬ ਨਹੀਂ ਦਿਸ ਰਹੇ ?

ਕਾਲੀਚਰਨ : (ਕਲਾਵਤੀ ਵੱਲ ਵੇਖਦੇ ਹੋਏ) ਕਿਤੇ ਕੰਮ ਗਏ ਹੋਣੇ ਨੇ। ਸ਼ਾਇਦ ਕਿਤੇ ਵਸੂਲੀ ਕਰਨ ਗਏ ਹੋਣ !

ਕਾਲੀਚਰਨ : (ਮਹਿਮਾਨਾਂ ਨੂੰ ਖਾਣ-ਪੀਣ ਵਿਚ ਰੁੱਝੇ ਵੇਖਦੇ ਹੋਏ) ਕੁਝ ਜ਼ਿਆਦਾ ਹੀ ਢੀਠ ਨੇ ! (ਜਗੀਰਦਾਰਨੀ ਨੂੰ ਹੌਲੀ ਦੇਣੀ) ਵੇਖੋ ਨਾ, ਅਸਰ ਹੀ ਕੋਈ ਨਹੀਂ !

ਕਲਾਵਤੀ : ਹੈਰਾਨੀ ਦੀ ਗੱਲ ਏ ! ਪਰ ਡਿੱਗੇ ਹੀ ਸਮਝੋ ! (ਚਤਰ ਸਿੰਘ ਨੂੰ) ਠੀਕ-ਠਾਕ ਹੋ ਨਾ ਠਾਕੁਰ ਸਾਹਬ !

ਚਤਰ ਸਿੰਘ : ਚੜ੍ਹਦੀਆਂ ਕਲਾਂ ਨੇ ਰਾਣੀ ਸਾਹਿਬਾ ! ਤੁਹਾਡੀ ਦਇਆ ਨਾਲ।

[ਕਲਾਕੰਦ ਉਸਦੇ ਗਲੇ ਵਿਚ ਜਿਵੇਂ ਅਟਕਦੀ ਹੈ ਤੇ ਉਹ ਉਸਨੂੰ ਲੰਘਾਣ ਲਈ ਸ਼ਰਬਤ ਪੀਂਦਾ ਹੈ]

ਕਲਾਵਤੀ : ਲੈ ! ਇਕ ਹੋਰ ਲੈ। (ਚੰਪਾ ਅਖੀਰਲੀ ਟੁਕੜੀ ਵੀ ਚੁੱਕ ਲੈਂਦੀ ਹੈ) ਤੂੰ ਠੀਕ ਏਂ ਨਾ ਧੀਏ ?

ਚੰਪਾ : ਰਾਣੀ ਮਾਂ, ਤੁਸੀਂ ਘੜੀ-ਮੁੜੀ ਸਾਡੀ ਤਬੀਅਤ ਬਾਰੇ ਕਿਉਂ ਪੁੱਛੀ ਜਾ ਰਹੇ ਹੋ ?

ਕਲਾਵਤੀ : (ਆਪਣੇ ਆਪ ਨੂੰ) ਕਮਾਲ ਈ ਏ !

ਚਤਰ ਸਿੰਘ : ਕੀ ਕਮਾਲ ਹੋ ਗਿਆ ਰਾਣੀ ਮਾਂ ?

ਕਲਾਵਤੀ : ਤੁਹਾਡੀ ਸਿਹਤ ਬਾਰੇ ਸੋਚ ਰਹੀ ਸਾਂ।

ਚਤਰ ਸਿੰਘ : ਸਿਹਤ ਤੇ ਹਜ਼ੂਰ ਸਾਹਿਬਾ, ਸਾਡੇ ਖਾਨਦਾਨ ਦੀ ਹੀ ਵਾਹਵਾ ਰਹੀ ਏ ! ਤੇ ਜਿਵੇਂ ਮੈਂ ਕਹਿ ਰਿਹਾ ਸੀ...

ਕਲਾਵਤੀ : (ਕੁੜ੍ਹ ਕੇ) ਤੇ ਜਿਵੇਂ (ਨਕਲ ਉਤਾਰਕੇ) ਮੈਂ ਕਹਿ ਰਿਹਾ ਸੀ ! ਹੁਣ ਕਹਿਣ ਜੋਗਾ ਕੁਝ ਨਹੀਂ ਰਹਿ ਗਿਆ ਚਤਰ ਸਿੰਘ ! (ਰਾਜ-ਜੋਤਸ਼ੀ ਵੱਲ ਵੇਖਕੇ) ਮੇਰਾ ਖਿਆਲ ਏ, ਹੁਣ ਇਨ੍ਹਾਂ ਨੂੰ ਦੱਸ ਹੀ ਦੇਈਏ !

ਚੰਪਾ : (ਕੁਝ ਹੈਰਾਨ ਹੋ ਕੇ ਤੇ ਕੁਝ ਸ਼ੰਕਾ ਕਰਦੇ ਹੋਏ) ਕੀ ਦੱਸਣਾ ਚਾਹੁੰਦੇ ਹੋ ਰਾਣੀ ਮਾਂ ਤੁਸੀਂ ?

ਕਲਾਵਤੀ : (ਉਨ੍ਹਾਂ ਵੱਲੋਂ ਅਵੇਸਲੀ ਤੇ ਕਾਲੀਚਰਨ ਨੂੰ ਮੁਖਾਤਬ ਹੁੰਦੇ ਹੋਏ) ਤੁਸੀਂ ਸ਼ਮਸ਼ਾਨ ਤੇ ਸੰਦੇਸ਼ਾ ਘੱਲ ਦਿੱਤਾ ਏ ਨਾ ?

ਚਤਰ ਸਿੰਘ ਅਤੇ ਚੰਪਾ : ਸ਼ਮਸ਼ਾਨ ?

ਕਲਾਵਤੀ : ਬੇਸ਼ਕ ਸ਼ਮਸ਼ਾਨ ! ਤੁਹਾਡੀਆਂ ਲੋਥਾਂ ਜੁ ਘੱਲਣੀਆਂ ਨੇ।

ਚਤਰ-ਚੰਪਾ : ਸਾਡੀਆਂ ?

ਕਲਾਵਤੀ : ਹਾਂ, ਤੁਹਾਡੀਆਂ ! ਤੇ ਜੇ ਤੁਸੀਂ ਬਿਲਕੁਲ ਜਾਹਲ ਤੇ ਗਵਾਰ ਨਾ ਹੁੰਦੇ ਤਾਂ ਹੁਣ ਤਕ ਢੇਰੀ ਹੋ ਗਏ ਹੁੰਦੇ।

ਕਾਲੀਚਰਨ : ...ਉਹ ਦੋ ਕਲਾਕੰਦ, ਜਿਹੜੇ ਰਾਣੀ ਮਾਂ ਰਾਜ-ਜੋਤਸ਼ੀ ਜੀ ਨੇ ਚੁਕੇ ਸਨ, ਉਹੀਓ ਅੰਮ੍ਰਿਤ ਸਨ। ਬਾਕੀ ਸਾਰੀ ਕਲਾਕੰਦ ਵਿਚ ਮੋਹਰਾ ਸੀ। ...(ਘ੍ਰਿਣਾ ਨਾਲ) ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ। ਜ਼ਰਾ...ਜ਼ਰਾ ਇਨ੍ਹਾਂ ਆਇਨਿਆਂ ਵਿਚ ਆਪਣੇ ਮੂੰਹ ਤਾਂ ਵੇਖੋ !

[ਸਕਰੀਨ ਉਹਲੇ ਟਿੱਕਾ ਹੈਰਾਨ ਹੈ।]

ਚੰਪਾ : (ਚੀਖਦੇ ਹੋਏ) ਮਰ ਗਏ। ਅਸੀਂ ਤੇ ਕੁੱਤੇ ਦੀ ਮੌਤ ਮਾਰੇ ਗਏ। (ਚਤਰ ਸਿੰਘ ਦੇ ਕੁੜਤੇ ਨੂੰ ਫੜ ਕੇ ਉਸਦੇ ਗਲਮੇਂ ਨੂੰ ਮਰੋੜਦੇ ਹੋਏ) ਪਾਗਲ

ਬੁੜ੍ਹਿਆ ! ਤੈਨੂੰ ਵੀ ਸਮਝ ਨਾ ਆਈ ।

ਕਲਾਵਤੀ : (ਮਜ਼ਾਕ ਉਡਾ ਕੇ) ਸਮਝਦਾ ਕਿਵੇਂ ? ਬੁੱਢੇ ਸਠਿਆ ਜੁ ਜਾਂਦੇ ਨੇ !

ਚਤਰ ਸਿੰਘ : ਸਠਿਆਇਆ ਨਹੀਂ ਮੈਂ ! ਇਤਬਾਰ 'ਚ ਮਾਰਿਆ ਗਿਆ ।...(ਕਾਲੀਚਰਨ ਵੱਲ ਵੇਖਕੇ) ਪਰ ਯਕੀਨ ਨਹੀਂ ਆਉਂਦਾ ।

ਕਲਾਵਤੀ : ਇਨ੍ਹਾਂ ਨੂੰ ਯਕੀਨ ਦੁਆਓ ਰਾਜ-ਜੋਤਸ਼ੀ ਜੀ !

ਕਾਲੀਚਰਨ : ਗੱਲ ਬਿਲਕੁਲ ਸਿੱਧੀ-ਪੱਧਰੀ ਏ ! ਰਾਣੀ ਕਲਾਵਤੀ ਨੇ ਜਿਹੜੀ ਕਲਾਕੰਦ ਦਾ 'ਕੱਕਾ' ਬਣਾਇਆ ਸੀ, ਉਸਦੀਆਂ ਹੇਠਲੀਆਂ ਦੋ ਟੁਕੜੀਆਂ ਵਿਚ ਜ਼ਹਿਰ ਨਹੀਂ ਸੀ – ਉਹੀ ਜਿਹੜੀਆਂ ਪਹਿਲਾਂ ਅਸੀਂ ਚੁੱਕੀਆਂ !...ਤੇ ਬਾਕੀ ...

ਟਿੱਕਾ : (ਘਬਰਾ ਕੇ ਸਕਰੀਨ ਓਹਲਿਉਂ ਨਿਕਲਦੇ ਹੋਏ) ਪਰ ..ਪਰ...ਉਹ ਦੋ ਕਲਾਕੰਦ ਤਾਂ (ਆਪਣੇ ਵੱਲ ਇਸ਼ਾਰਾ ਕਰਦੇ ਹੋਏ) ਟਿੱਕਾ ਸ਼ਮਸ਼ੇਰ ਨੇ ਖਾ ਲਏ ਸਨ । ਜਦੋਂ ਰਾਣੀ ਮਾਂ, ਤੁਸੀਂ ਬਾਰੀ 'ਚੋਂ ਬਾਹਰ ਵੇਖ ਰਹੇ ਸੋ ! ਮੈਨੂੰ ਕੀ ਪਤਾ ਸੀ ?

[ਕਮਰੇ ਵਿਚ ਘੋਰ ਸੰਨਾਟਾ ਹੈ]

ਕਾਲੀਚਰਨ : ਤਾਂ ਫਿਰ...ਅਸਾਂ ਸਾਰਿਆਂ ਨੇ (ਅਵਿਸ਼ਵਾਸ ਨਾਲ) ਮੋਹਰਾ ਖਾ ਲਿਆ ਏ ?

ਚੰਪਾਵਤੀ : ਇੱਡੀ ਖੇਹ ਖਾ ਕੇ ਵੀ ਇਸ ਟਿੱਕੇ ਲਈ ਮੈਂ ਕੀ ਕੁਝ ਨਾ ਕੀਤਾ ? (ਸ਼ਮਸ਼ੇਰ ਵੱਲ ਮੁਖਾਤਬ ਹੋ ਕੇ) ਤੇਰੇ ਘਿਸੇ-ਪਿਟੇ ਲਤੀਫ਼ੇ ਸੁਣ-ਸੁਣਕੇ ਮੇਰੇ ਕੰਨ ਪਕ ਗਏ । ਤੇਰੇ ਗੰਦੇ ਡੱਡੂਆਂ ਤੇ ਖ਼ਰਗੋਸ਼ਾਂ ਨੂੰ ਬਰਦਾਸ਼ਤ ਕੀਤਾ । ਤੇ ਇਹ ਸਿਲਾ ! (ਟਿੱਕਾ ਜਿਵੇਂ ਹੈਰਾਨ ਹੋ ਕੇ ਪਹਿਲੀ ਵਾਰ ਚੰਪਾ ਨੂੰ ਪਛਾਣਦਾ ਹੈ, ਪਰ ਉਹ ਬੋਲੀ ਜਾ ਰਹੀ ਹੈ) ਕੀ ਕੁਝ ਨਹੀਂ ਸੀ ਸੋਚਿਆ ਮੈਂ ? ਤੇ ਇਸ ਬੁੜ੍ਹੀ ਨੇ...ਪਹਿਲਾਂ ਤਾਂ ਇਸਨੇ ਆਪਣੇ ਜਗੀਰਦਾਰ ਨੂੰ ਖਾਧਾ ! ਉਸਨੂੰ ਜ਼ਹਿਰ ਦਿਤੀ !...ਅੱਜ ਪੂਰੀ ਜਗੀਰ ਦੀ ਪਰਜਾ ਦੁੱਖੀ ਏ । ਹਰ ਕੋਈ ਮੂੰਹ ਤੇ ਡਰਦਾ ਤੇ ਪਿੱਠ ਪਿੱਛੇ ਥੂ-ਥੂ ਕਰਦਾ ਏ ।...ਤੇ ਹੁਣ ਇਹ ਡੈਣ ਸਾਨੂੰ ਵੀ ਖਾ ਗਈ !

ਚਤਰ ਸਿੰਘ : ਮੈਂ ਕਿਹੜੀ ਧੂਣੀ ਵਿਚ ਹੱਥ ਪਾ ਬੈਠਾ ! ਤੇ ਉਹ ਵੀ ਇਕ ਗੰਦੀ ਵਹਿਣੀ 'ਚੋਂ ਚੁਕ ਕੇ ਲਿਆਂਦੀ ਗਈ ਇਕ ਕੁੜੀ ਮਗਰ ,ਲੱਗ ਕੇ । ਚੋਰੀ-ਚਕਾਰੀ ਕਰਕੇ ਡੰਗ ਟੱਪੀ ਜਾਂਦਾ ਸੀ ...ਤੇ ਹੁਣ...

ਕਾਲੀਚਰਨ : ਮੈਂ ਤੇ (ਰੁੱਕ ਕੇ) ਨਾ ਘਰ ਦਾ ਰਿਹਾ, ਨਾ ਘਾਟ ਦਾ ! ਕਲਾਵਤੀ ਤੇਰੇ ਪਾਪਾਂ ਦੀ ਬੇੜੀ ਵਿਚ ਬੈਠਕੇ ਮੈਂ ਵੀ ਡੁੱਬ ਗਿਆ ।

ਕਲਾਵਤੀ : ਓਏ ਕਾਲੀਚਰਨਾਂ, ਕਲਜੀਭਿਆ ! ਤੇਰੀ ਵੀ ਔਕਾਤ ਸਾਹਮਣੇ ਆ ਗਈ । ਪਰ ਕੋਈ ਨਹੀਂ ਹੁਣ ਤਾਂ ਅਸੀਂ ਸਾਰੇ ਇਕੋ ਬੇੜੀ ਵਿਚ ਸਵਾਰ ਹਾਂ । (ਕਲਪ ਕੇ) ਪਰ ਇਸ ਬੇਵਕੂਫ ਦਾ ਕੀ ਬਣੇਗਾ ਮੇਰੇ ਬਗੈਰ ?



ਸ਼ਮਸ਼ੇਰ : (ਦੁੱਖੀ ਪਰ ਦਾਰਸ਼ਨਿਕ ਹੋ ਕੇ) ਰਾਣੀ ਮਾਂ ! ਅੱਜ ਤੁਹਾਡੇ ਆਪਣੇ ਪਾਪਾਂ ਦੀ ਬੇੜੀ ਭਰ ਗਈ ਏ । ਮੈਨੂੰ ਤੇ ਇਸ ਜਗੀਰ ਨੇ ਨਾ ਬੰਨ੍ਹਿਆ ਤੇ ਨਾ ਹੀ ਬੰਨ੍ਹਣ ਲਗੀ ਏ । ਮੈਂ ਤਾਂ ਬੱਸ ਆਪਣੇ ਬੇਜ਼ੁਬਾਨ ਤੇ ਭੋਲੇ-ਭਾਲੇ ਖ਼ਰਗੋਸ਼ਾਂ ਨਾਲ ਹੀ ਖੇਡਾਂਗਾ...ਕਮਜ਼ਕਮ ਇਹ (ਚੰਪਾ ਵੱਲ ਵੇਖਕੇ) ਮਨੁੱਖਾਂ ਨਾਲੋਂ ਤੇ ਚੰਗੇ ਨੇ । ਅੰਦਰੋਂ-ਬਾਹਰੋਂ ਇਕ ਨੇ ! ਦਰਅਸਲ ਤੁਸੀਂ ਸਾਰੇ ਮੁਰਦੇ ਹੋ । ਮੁਰਦਿਆਂ ਦੀ ਇਸ ਜਗੀਰ ਵਿਚ ਬਸ ਮੇਰੇ ਖ਼ਰਗੋਸ਼ ਹੀ ਜੀਉਂਦੇ ਨੇ ।

[ਅਚਾਨਕ ਬਾਹਰੋਂ ਅਮਲੀ ਦੀ ਚੀਕ ਸੁਣਦੀ ਹੈ । ਫਿਰ ਉਹ ਘਾਬਰਿਆ ਹੋਇਆ ਅੰਦਰ ਆਉਂਦਾ ਹੈ । ਉਸਨੇ ਟਿੱਕੇ ਦੇ ਖ਼ਰਗੋਸ਼ ਦੀ ਲੋਥ ਚੁੱਕੀ ਹੋਈ ਹੈ]

ਅਮਲੀ : ਟਿੱਕਾ ਸਾਹਬ ਦਾ ਖ਼ਰਗੋਸ਼ ਰਾਣੀ ਮਾਂ !

ਟਿੱਕਾ : ਓਏ ਕੰਬਖ਼ਤ ! ਕੀ ਹੋਇਆ ਮੇਰੇ ਸ਼ੇਰੂ ਨੂੰ ?

ਅਮਲੀ : ਹਜ਼ੂਰ ਸਾਹਿਬ ! ਜਦੋਂ ਰਾਣੀ ਮਾਂ ਨੇ ਮੈਨੂੰ ਏਧਰ ਬੁਲਾਇਆ ਸੀ...

[ਫ਼ਲੈਸ਼ ਬੈਕ : ਅਮਲੀ ਰਸੋਈ ਵਿਚ ਵਾਪਸ ਪੁੱਜਦਾ ਹੈ । ਵੇਖਦਾ ਹੈ ਕਿ ਖ਼ਰਗੋਸ਼ ਟ੍ਰੇ ਦੇ 'ਕੱਕੇ' ਅੱਖਰ ਤੇ ਟੁੱਟਕੇ ਪਿਆ ਹੈ ਤੇ ਦਬਾਦਬ ਕਲਾਕੰਦ ਖਾਈ ਜਾ ਰਿਹਾ ਹੈ ਤੇ ਬਾਕੀ ਦੀ ਉਸਦੇ ਪੈਰਾਂ ਹੇਠ ਮਧੋਲੀ ਜਾ ਕੇ ਏਧਰ-ਓਧਰ ਡਿੱਗ ਰਹੀ ਹੈ । ਖ਼ਰਗੋਸ਼ ਅਮਲੀ ਵੱਲ ਵੇਖਕੇ ਮੁੱਛਾਂ ਹਿਲਾ ਰਿਹਾ ਹੈ । ਫਿਰ ਡਰ ਕੇ ਭੱਜਦਾ ਹੈ । ਅਮਲੀ ਖਿੱਝਕੇ ਉਸਨੂੰ ਮਾਰਨ ਨੂੰ ਪੈਂਦਾ ਹੈ । ਫ਼ਲੈਸ਼ ਬੈਕ ਖ਼ਤਮ]

ਕਲਾਵਤੀ : ਪਰ ਤੂੰ ਤਾਂ ਕਲਾਕੰਦ ਲੈ ਕੇ ਆਇਆ ਸੀ !

ਅਮਲੀ : ਜੀ ਰਾਣੀ ਮਾਂ ! ਮੈਂ ਫਿਰ ਝਟ-ਪਟ...

[ਫਲੈਸ਼ ਬੈਕ : ਅਮਲੀ ਪੱਛੀ ਵਾਲੀ ਕਲਾਕੰਦ ਨੂੰ ਉਂਜ ਹੀ 'ਕੱਕੇ' ਅੱਖਰ ਦਾ ਰੂਪ ਦੇ ਕੇ ਜੋੜਦਾ ਦਿਸਦਾ ਹੈ ।...ਫਿਰ ਖ਼ੁਸ਼ ਹੋ ਕੇ ਹੱਥ ਮਲਦਾ ਹੈ... 'ਜਾਨ' ਬਚੀ । ਹੁਣ ਠੀਕ ਏ ! ਟ੍ਰੇ ਚੁਕ ਕੇ ਬੈਠਕ ਵੱਲ ਵਧਦਾ ਹੈ । ਫਲੈਸ਼ ਬੈਕ ਖ਼ਤਮ ]

[ਸਾਰੀ ਚੰਡਾਲ ਚੌਕੜੀ ਸੁਖ ਦਾ ਸਾਹ ਲੈਂਦੀ ਹੈ । ਇਸ ਵੇਲੇ ਇਨ੍ਹਾਂ ਚਾਰਾਂ ਪਾਤਰਾਂ ਦੇ ਚਿਹਰੇ ਤੇ ਆਪਣੇ-ਆਪਣੇ ਚਰਿੱਤਰ ਦੇ ਪ੍ਰਤਿਨਿਧ ਭਾਵ ਹਨ.. ਖ਼ੁਸ਼ ਨੇ, ਕੈਮਰਾ ਮਰੇ ਹੋਏ 'ਸ਼ੇਰੂ' ਤੇ ਕੇਂਦਰਿਤ ਹੁੰਦਾ ਹੈ । ਟਿੱਕਾ ਮਰੇ ਹੋਏ 'ਸ਼ੇਰੂ' ਨੂੰ ਚੁੱਕਦਾ ਹੈ ।]

ਟਿੱਕਾ : (ਸ਼ਾਨਦਾਰ ਆਈਨੇ ਵਿਚ ਆਪਣੇ ਆਪ ਨੂੰ ਦੇਖਕੇ)ਤੂੰ ਗਲਤ ਕਿਹਾ ਸੀ ਕਿ ਮੁਰਦਿਆਂ ਦੀ ਇਸ ਜਗੀਰ ਵਿਚ ਮੇਰੇ ਖਰਗੋਸ਼ ਹੀ ਜੀਉਂਦੇ ਨੇ । ਇਹ ਕੈਸੀ ਕਤਲ ਦੀ ਸ਼ਾਮ ਏ ? ਸਾਰੇ ਕਾਤਲ ਜੀਉਂਦੇ ਨੇ । (ਸ਼ੀਸ਼ੇ ਵਿਚ ਚਾਰੇ ਪਾਤਰ ਖ਼ੁਸ਼ੀ ਮਨਾਂਦੇ ਦੂਰ ਹੁੰਦੇ ਜਾਂਦੇ ਦਿਸਦੇ ਨੇ), ਤੇ ਇਹ ਨਿਰਦੋਸ਼...ਬੇਜ਼ੁਬਾਨ । □

[ਸਮਿੱਥ ਦੇ ਨਾਟਕ ਦਾ ਪੰਆਇਜ਼ਨ ਪਾਰਟੀ ਤੇ ਆਧਾਰਿਤ]

# ਮੱਕੜੀ ਨਾਟਕ

ਰਵਿੰਦਰ ਰਵੀ

## ਪਾਤਰ

ਮਜ਼ਦੂਰ, ਕਿਰਸਾਣ, ਕਾਮਰੇਡ, ਕਾਲਾ, ਚਿੱਟਾ, ਸੁਨਹਿਰੀ, ਫ਼ਲਸਫ਼ੀ, ਅਤੇ ਲੋਕ

[ਮੰਚ ਉੱਤੇ ਪਿਛੋਕੜ ਵਿਚ ਕਾਰਲ ਮਾਰਕਸ ਦੀ ਵੱਡੀ ਤਸਵੀਰ ਲਟਕ ਰਹੀ ਹੈ ! ਸਪਾਟ ਲਾਈਟ ਕਾਮਰੇਡ ਉੱਤੇ ਪੈਂਦੀ ਹੈ ! ਉਸ ਨੇ ਲਾਲ ਰੰਗ ਦਾ ਚੋਲਾ ਪਹਿਨਿਆਂ ਹੋਇਆ ਹੈ ! ਚੋਲੇ ਉੱਤੇ ਕਾਲੇ ਰੰਗ ਵਿਚ ਹੱਦਾਂ ਵਰਗੀਆਂ ਮੋਟੀਆਂ-ਮੋਟੀਆਂ ਤ੍ਰੇੜਾ ਨਜ਼ਰ ਆ ਰਹੀਆਂ ਹਨ । ਤ੍ਰੇੜਾਂ ਵਿਚਕਾਰ ਕਾਲੇ ਰੰਗ ਵਿਚ ਦਾਤੀਆਂ ਤੇ ਥੋੜਿਆਂ ਦੇ ਨਿਸ਼ਾਨ ਹਨ । ਇਕ ਭਾਗ ਵਿਚ "ਸੀ. ਪੀ. ਆਈ", ਦੂਜੇ ਵਿਚ "ਸੀ. ਪੀ. ਆਈ. (ਐਮ.)" ਤੇ ਤੀਜੇ ਵਿਚ "ਨਕਸਲਵਾਦੀ" ਲਿਖਿਆ ਹੋਇਆ ਹੈ । ਮੋਟੇ-ਮੋਟੇ ਅੱਖਰਾਂ ਅਤੇ ਕਾਲੇ ਰੰਗ ਵਿਚ ਕਾਮਰੇਡ ਦੀ ਪਿੱਠ ਉੱਤੇ ਉੱਪਰਲੇ ਅੱਧ ਵਿਚ "ਨਵ-ਕ੍ਰਾਂਤੀਕਾਰੀ" ਅਤੇ ਹੇਠਲੇ ਅੱਧ ਵਿਚ ਮਾਰਕ-ਸਿਸਟ ਲੈਨਿਨਿਸਟ" ਉੱਕਰਿਆ ਹੋਇਆ ਹੈ ।

ਮੰਚ ਉੱਤੇ ਕਾਮਰੇਡ ਇਕ ਪਾਸੇ ਤੋਂ ਦੂਜੇ ਵਲ ਜਾਂਦਾ, ਦਾਇਰੇ ਵਿਚ ਘੁੰਮਦਾ, ਦਰਸ਼ਕਾਂ ਵੱਲ ਪਹਿਲਾਂ ਮੂੰਹ ਤੇ ਫਿਰ ਪਿੱਠ ਕਰਕੇ ਖਲੋ ਜਾਂਦਾ ਹੈ । ਇਸ ਕਾਰਜ ਦੌਰਾਨ ਸਪਾਟ ਲਾਈਟ ਉਸਦਾ ਪਿੱਛਾ ਕਰਦੀ ਰਹਿੰਦੀ ਹੈ । ਇਸ ਸਮੇਂ ਸਪਾਟ ਲਾਈਟ ਕਾਰਲ ਮਾਰਕਸ ਦੀ ਤਸਵੀਰ ਉੱਤੇ ਟਿਕ ਜਾਂਦੀ ਅਤੇ ਵਕਫ਼ੇ ਬਾਅਦ 'ਨ੍ਹੇਰੇ ਵਿਚ ਡੁੱਬ ਜਾਂਦੀ ਹੈ । ਨੀਮ-ਚਾਨਣੇ ਵਿਚ ਮੰਚ ਦੇ ਸੱਜੇ ਪਾਸਿਓਂ ਇਕ ਕਿਰਸਾਣ ਅਤੇ ਖੱਬੇ ਪਾਸਿਓਂ ਇਕ ਮਜ਼ਦੂਰ ਪਰਵੇਸ਼ ਕਰਦਾ ਹੈ । ਉਨ੍ਹਾਂ ਦੀ ਵੇਸਭੂਸ਼ਾ ਉਨ੍ਹਾਂ ਦੇ ਜਮਾਤੀ ਕਿਰਦਾਰਾਂ ਨੂੰ ਉਭਾਰਦੀ ਹੈ । ਇਸ ਸਮੇਂ ਨੀਮ-ਚਾਨਣਾ ਪੂਰੇ ਚਾਨਣ ਵਿਚ ਬਦਲ ਜਾਂਦਾ ਹੈ । ਮਜ਼ਦੂਰ ਦੇ ਹੱਥ ਵਿਚ ਹਥੌੜਾ ਹੈ ਅਤੇ ਕਿਰਸਾਨ ਦੇ ਹੱਥ ਵਿਚ ਦਾਤੀ । ਮਜ਼ਦੂਰ ਪਹਿਲਾਂ ਕਿਰਸਾਣ ਵਲਾਂ ਵੇਖਦਾ ਹੈ ਤੇ ਫੇਰ ਬੁੱਤ ਬਣੇ ਕਾਮਰੇਡ ਵੱਲ]

ਮਜ਼ਦੂਰ : ਕਾਮਰੇਡ ਕੀ ਸੋਚ ਰਹੇ ਹੋ ? ਕੀ ਕੀ ਬਣਨਾ ਲੋਚ ਰਹੇ ਹੋ ?
ਆਪਣੇ ਆਪ 'ਚ ਵੰਡੇ ਗਏ ਹੋ, ਆਪਣਾ ਆਪਾ ਨੋਚ ਰਹੇ ਹੋ !
[ਕਾਮਰੇਡ ਮਜ਼ਦੂਰ ਵਲਾਂ ਇਕ ਨਜ਼ਰ ਵੇਖਦਾ, ਅੰਦਰੂਨੀ ਕਸ਼ਮਕਸ਼



ਵਿਚ ਜ਼ਾਹਰਾ ਤੌਰ 'ਤੇ ਖਿੱਚ-ਧੂਹ ਹੁੰਦਾ, ਹਉਕਾ ਭਰਕੇ ਬੇਬਸ ਹੋ ਜਾਂਦਾ ਹੈ । ਉਸਦਾ ਜਿਸਮਾਨੀ ਕਾਰਜ ਅੰਦਰੂਨੀ ਖਿੱਚ-ਧੂਹ ਨੂੰ ਪ੍ਰਗਟ ਕਰਦਾ ਤੇ ਪਿਛੋਕੜ 'ਚੋਂ ਸੰਗੀਤ ਦੀਆਂ ਸ਼ੋਰ-ਨੁਮਾ ਵਿਰੋਧ-ਸੁਰਾਂ ਉਭਰਦੀਆਂ ਹਨ । ਵਕਫ਼ੇ ਬਾਅਦ ਖ਼ਾਮੋਸ਼ ਹੋ ਜਾਂਦੀਆਂ ਹਨ । ਕਿਰਸਾਣ ਆਪਣੇ ਆਪ ਨੂੰ, ਮਜ਼ਦੂਰ ਤੇ ਕਾਮਰੇਡ ਸਭ ਨੂੰ ਮੁਖਾਤਬ ਹੁੰਦਾ ਹੈ ।]

ਕਿਰਸਾਣ : ਕੌਣ ਜਿਹਨੇ ਪਾੜ ਪਾਏ ? ਦਿਲਾਂ ਵਿਚ ਸਾੜ ਪਾਏ ?
ਸੂਰਜਾਂ ਨੂੰ ਡੋਬਿਆ ? (ਵਕਫ਼ਾ)
ਕੰਧਾਂ 'ਚ ਦਰਾੜਾਂ ਪਈਆਂ ਖੇਤਾਂ ਨੂੰ ਹੀ ਵਾੜਾਂ ਪਈਆਂ,
ਸਿਰਾਂ ਉੱਤੇ ਛੱਤਾਂ ਢਹੀਆਂ, ਕਿਸੇ ਨੇ ਨਾ ਰੋਕਿਆ !

ਮਜ਼ਦੂਰ : ਮਿੱਲਾਂ ਵਿਚ ਘੁੱਗੂ ਵੱਜੇ, ਫਟ ਗਏ ਖੱਬੇ, ਸੱਜੇ,
ਤੱਜੇ ਹੋਏ ਹੋਰ ਰੱਜੇ, ਕਿਸੇ ਨੇ ਨਾ ਟੋਕਿਆਂ ! (ਵਕਫ਼ਾ)
ਦਿਸ਼ਾ-ਦੇਣੇ, ਬੇਦਿਸ਼ਾ, ਰਾਹਾਂ ਵਿਚੋਂ ਪਾਟੇ ਰਾਹ,
ਡੋਰ-ਭੌਰ, ਗੁਮਰਾਹ, ਭੱਠ ਵਿਚ ਝੋਕਿਆ !
[ਉਪਰੋਕਤ ਵਾਰਤਾਲਾਪ ਨਾਲ ਕਿਰਸਾਣ ਡੋਰ-ਭੌਰ, ਗੁਮਰਾਹ ਹੋਣ, ਅਤੇ ਭੱਠ ਵਿਚ ਝੋਕੇ ਜਾਣ ਦਾ ਅਭਿਨਯ ਕਰਦਾ ਹੈ]

ਮਜ਼ਦੂਰ : ਦਾਤੀਆਂ ਹਥੌੜਿਆਂ ਨੂੰ ਕਿੰਜ, ਕਿਹਨੇ ਪਾੜਿਆ ?
ਨਜ਼ਰਾਂ ਤੇ ਧੁੰਦ ਵਾਂਗੂੰ, ਸ਼ੱਕ ਕਿਹਨੇ ਚਾੜ੍ਹਿਆ ?
ਇੱਛਾਂ, ਆਸਾਂ, ਏਕਤਾ ਨੂੰ ਪੈਰਾਂ 'ਚ ਲਿਤਾੜਿਆ ।
ਫ਼ਲਸਫ਼ੇ ਨੂੰ ਨੀਤੀਆਂ ਨੇ ਕਿਵੇਂ ਹੈ ਪਛਾੜਿਆ ?
[ਵਕਫ਼ਾ—ਪਿਛੋਕੜ 'ਚੋਂ ਉਦਾਸ ਜਿਹੀਆਂ ਧੁਨਾਂ ਉੱਭਰਦੀਆਂ ਹਨ । ਕਾਮਰੇਡ ਦੇ ਹੇਠ ਲਿਖੇ ਵਾਰਤਾਲਾਪ ਦੇ ਆਰੰਭ ਨਾਲ ਨੀਮ-ਚਾਨਣਾ ਅਨ੍ਹੇਰੇ ਵਿਚ ਬਦਲਣਾ ਸ਼ੁਰੂ ਹੋ ਜਾਂਦਾ ਹੈ ਤੇ ਅੰਤ ਨਾਲ ਮੰਚ ਮੁਕੰਮਲ ਅਨ੍ਹੇਰੇ ਵਿਚ ਡੁੱਬ ਜਾਂਦਾ ਹੈ ।]

ਕਾਨਰੇਡ : ਨੀਤੀਆਂ 'ਚ ਟੁੱਟੀ ਜਾਪੇ, ਏਕਤਾ ਦੀ ਵਾਰਤਾ ।
ਝੱਲ ਤੇ ਸ਼ੁਦਾ ਨੇ ਹੈ, ਚੇਤਨਾ ਨੂੰ ਮਾਰ 'ਤਾ !
[ਕਾਰਲ ਮਾਰਕਸ ਦੀ ਤਸਵੀਰ ਵੱਲ ਨੀਝ ਨਾਲ ਵੇਖਦਾ ਹੈ । ਮਜ਼ਦੂਰ ਤੇ ਕਿਰਸਾਣ ਨੂੰ ਕਾਰਲ ਮਾਰਕਸ ਦੀ ਤਸਵੀਰ ਵਲਾਂ ਇਸ਼ਾਰਾ ਕਰਦਾ ਹੋਇਆ ਸੰਬੋਧਤ ਹੁੰਦਾ ਹੈ ।]

ਮਜ਼ਦੂਰ : ਰੂਹ ਅਤੇ ਬੁੱਤ ਉਹਦਾ ਸਾਡੇ ਵਿਚ ਪਾੜ 'ਤਾ !
ਧਰਮ ਦਾ ਜਨੂੰਨ ਹਰ ਸੋਚ ਉੱਤੇ ਚਾੜ੍ਹ 'ਤਾ !
[ਹਨੇਰਾ : ਪਿੱਠ-ਭੂਮੀ ਦੇ ਪਰਦੇ ਉੱਤੇ ਘਰਾਂ ਨੂੰ ਅੱਗਾਂ ਲੱਗਣ, ਲਾਂਬੂ ਤੇ ਧੂੰਆਂ ਉੱਠਣ ਦੇ ਪ੍ਰਭਾਵ ਉੱਭਰਦੇ ਹਨ, ਸ਼ੋਰ ਉੱਠਦਾ ਤੇ ਹਾਹਾ-

ਕਾਰ ਮਚ ਜਾਂਦੀ ਹੈ। ਵਿਸਫ਼ੋਟ ਹੁੰਦੇ ਹਨ। ਗੋਲੀਆਂ ਚਲਦੀਆਂ ਹਨ। ਕਿਰਪਾਨ ਅਤੇ ਤ੍ਰਿਸ਼ੂਲ ਚਮਕਦੇ ਹਨ। ਤੜਪ ਰਹੇ ਘਾਇਲ ਅਤੇ ਮੁਰਦਾ ਇਨਸਾਨਾਂ ਦੇ ਬਿੰਬ ਉੱਭਰਦੇ ਹਨ। ਕੁੱਤਿਆਂ ਦੇ ਰੋਣ, ਪੰਛੀਆਂ ਦੇ ਫੜਫੜਾਉਣ ਅਤੇ ਜਾਨਵਰਾਂ (ਚੌਪਾਇਆਂ) ਦੀ ਹਫੜਾ-ਦਫੜੀ ਤੇ ਨੱਸ-ਭੱਜ ਦੇ ਪ੍ਰਭਾਵ ਉੱਭਰਦੇ ਹਨ।...ਤੇ ਫਿਰ ਜਿਵੇਂ ਇਹ ਸਭ ਕੁਝ ਇਕ ਧੁੰਦ-ਧੂਏ ਵਿਚ ਸਿਮਟਦਾ-ਸਿਮਟਦਾ ਅਨ੍ਹੇਰ ਵਿਚ ਡੁੱਬ ਜਾਂਦਾ ਹੈ। ਪਿਛੋਕੜ 'ਚੋਂ ਸਮੂਹ-ਗਾਨ ਦੇ ਬੋਲ ਉੱਭਰਦੇ ਹਨ।]

ਕਿੱਥੇ ਹਨ ਅੱਜ ਦੇਸ਼ ਦੇ ਨੇਤਾ ? ਕਿੱਥੇ ਹੈ ਇਨਸਾਨ ?
ਕਿੱਥੇ ਪੀਰ-ਪੈਗੰਬਰ ਤੁਰ ਗਏ ? ਕਿੱਥੇ ਹੈ ਭਗਵਾਨ ?
ਪਾਗਲਪਨ ਨੂੰ ਸਿਰ 'ਤੇ ਚੁੱਕੀ, ਅਗਦ ਪੜ੍ਹੇ ਸ਼ੈਤਾਨ।
ਕਿਰਨ-ਕਿਰਨ ਕਰ ਖ਼ੁੱਸੀ ਸਾਥੋਂ, ਚਾਨਣ ਦੀ ਪਹਿਚਾਣ।
ਕਾਲਖ ਵਿਚੋਂ ਕਾਲਖ ਵਿਗਸੇ, ਢੱਠ ਪਿਆ ਅਸਮਾਨ !
ਅੱਗਾਂ, ਬਲਵੇ, ਕਤਲੋ-ਗਾਰਤ, ਫ਼ੈਸ਼ਨ ਬਣਦੇ ਜਾਣ।
ਬੰਬਾਂ ਵਾਂਗੂੰ ਫਟਣ ਤੁਰੇ ਹਨ, ਘਰ-ਘਰ ਵੱਲ ਇਨਸਾਨ।
ਤ੍ਰਿਸ਼ੂਲ ਅਤੇ ਕਿਰਪਾਨ ਵੀ ਆਪੇ, ਆਪੇ ਰਣ-ਮੈਦਾਨ !
ਚੁੱਲ੍ਹਿਆਂ ਵਿਚ ਸਿਵਿਆਂ ਦਾ ਧੂਣਾ, ਵਿਹੜੇ ਹਨ ਸ਼ਮਸ਼ਾਨ।
ਨ੍ਹੇਰਾ, ਧੂੰਆਂ, ਲਹੂ ਦੇ ਛਿੱਟੇ, ਕੈਸਾ ਚਿਤਰ ਬਨਾਣ !
ਉਲਝ ਗਈ ਹੈ ਸੋਚ ਸਭਸ ਦੀ, ਊਲ ਜਲੂਲ ਮਹਾਨ !
ਦਰਸ਼ਨ ਉਲਝੇ, ਨੀਤੀ ਉਲਝੀ, ਕਿੱਥੇ ਹੈ ਇਨਸਾਨ ?

[ਵਕਫ਼ਾ—ਸਪਾਟ ਲਾਈਟ ਜਾਲੀਦਾਰ ਕਾਲੀਆਂ ਐਨਕਾਂ ਲਾਈ, ਕਾਲੀ ਗਾਂਧੀ ਟੋਪੀ, ਤੇ ਕਾਲਾ ਚੋਲਾ ਪਾਈ 'ਕਾਲਾ' ਪਾਤਰ ਉੱਤੇ ਕੇਂਦ੍ਰਿਤ ਹੁੰਦੀ ਹੈ ! ਟੋਪੀ ਤੇ ਚੋਲਾ ਦੋਵੇਂ ਧਾਗਿਆਂ ਤੋਂ ਬੁਣੇ ਜਾਲ ਦੇ ਬਣੇ ਹੋਏ ਹਨ ਤੇ ਮੱਕੜੀ ਦੇ ਜਾਲੇ ਦਾ ਪ੍ਰਭਾਵ ਦਿੰਦੇ ਹਨ। ਹੇਠ ਲਿਖੇ ਬੋਲ 'ਕਾਲਾ' ਪਾਤਰ ਸਭ ਨੂੰ ਸੰਬੋਧਨ ਕਰਕੇ ਉੱਚੀ-ਉੱਚੀ ਬੋਲਦਾ ਹੈ ]

ਕਾਲਾ : ਕਿੱਥੇ ਹੈ ਇਨਸਾਨ ? ਕਿੱਥੇ ਹੈ ਇਨਸਾਨ ?

[ਇਸ ਸਮੇਂ 'ਚਿੱਟਾ' ਪਾਤਰ ਜਾਲੀਦਾਰ ਚਿੱਟੀਆਂ ਐਨਕਾਂ ਲਾਈ, ਚਿੱਟੀ ਗਾਂਧੀ ਟੋਪੀ ਤੇ ਚਿੱਟਾ ਚੋਲਾ ਪਾਈ ਮੰਚ ਉੱਤੇ ਪਰਵੇਸ਼ ਕਰਦਾ ਹੈ। ਟੋਪੀ ਤੇ ਚੋਲਾ ਦੋਵੇਂ ਧਾਗਿਆਂ ਤੋਂ ਬੁਣੇ ਹੋਏ ਜਾਲ ਦੇ ਬਣੇ ਹੋਏ ਹਨ ਤੇ ਮੱਕੜੀ ਦੇ ਜਾਲ ਦਾ ਪ੍ਰਭਾਵ ਦਿੰਦੇ ਹਨ।]

ਚਿੱਟਾ : ਤੇਰੀ ਮੇਰੀ ਪਾਹ ਕੀ ਲੱਗੀ, ਪਾਟ ਗਿਆ ਇਨਸਾਨ।

ਕਾਲਾ : ਪਾਟ ਗਿਆ ਇਨਸਾਨ !

ਚਿੱਟਾ : ਕਿੱਥੇ ਹੈ ਇਨਸਾਨ ?

ਕਾਲਾ : ਪਾਟ ਗਿਆ ਇਨਸਾਨ !



[ਵਕਫ਼ਾ—ਇਸ ਸਮੇਂ ਸੁਨਹਿਰੀ ਰੰਗ ਦੀਆਂ ਜਾਲੀਦਾਰ ਐਨਕਾਂ ਲਾਈ, ਸੁਨਹਿਰੀ ਰੰਗ ਦੀ ਗਾਂਧੀ ਟੋਪੀ ਤੇ ਨਹਿਰੂ ਜੈਕਟ, ਤੇ ਸੁਨਹਿਰੀ ਰੰਗ ਦਾ ਕੁਰਤਾ ਪਜਾਮਾ ਪਾਈ 'ਸੁਨਹਿਰੀ' ਪਾਤਰ ਪਰਵੇਸ਼ ਕਰਦਾ ਹੈ। ਉਸਦੀ ਪੁਸ਼ਾਕ ਤੇ ਟੋਪੀ ਸਭ ਧਾਗਿਆਂ ਤੋਂ ਬੁਣੇ ਹੋਏ ਜਾਲ ਦੇ ਬਣੇ ਹੋਏ ਹਨ ਤੇ ਮੱਕੜੀ ਦੇ ਜਾਲ ਦਾ ਪ੍ਰਭਾਵ ਦਿੰਦੇ ਹਨ। ਉਹ 'ਚਿੱਟਾ' ਤੇ ਕਾਲਾ' ਨੂੰ ਸੰਬੋਧਨ ਹੁੰਦਾ ਹੈ]

ਸੁਨਹਿਰੀ : ਆਓ ਮੇਰਿਓ ਮੋਹਰਿਓ ਆਓ, ਫਿਰ ਮੇਰੀ ਸ਼ਤਰੰਜ ਵਿਛਾਓ ! (ਵਕਫ਼ਾ)
ਮੇਰਾ ਸਿੰਘਾਸਨ ਨਾ ਡੋਲੇ, ਸਭ ਨੂੰ ਏਥੋਂ ਤੀਕ ਡੁਲਾਓ ! (ਵਕਫ਼ਾ)
ਉੱਠਦੇ ਧੂੰਏਂ, ਡੁੱਲ੍ਹਦੇ ਲਹੂ ਚੋਂ, ਸਬਜ਼ ਜਿਹੇ ਸਭ ਬਾਗ਼ ਵਿਖਾਓ ! (ਵਕਫ਼ਾ)
[ਇਧਰ-ਉਧਰ ਘੁੰਮਦਾ ; 'ਚਿੱਟਾ', 'ਕਾਲਾ' ਤੇ ਦਰਸ਼ਕਾਂ ਵੱਲ ਵੇਖਦਾ ਹੈ।]
ਹਰ ਕਾਰਜ ਨੂੰ ਕਾਰਨ ਦੇਵੋ, ਸੁਪਨੇ ਵਿਚ ਸੋਨਾ ਦਿਖਲਾਓ !
ਸੱਚ ਵਾਂਗ ਹਰ ਮਨ ਵਿਚ ਵੱਸੇ, ਭਰਮ ਤਾਈਂ ਉਹ ਰੰਗ ਚੜ੍ਹਾਓ।
ਕੁਝ 'ਪਾਵਣ' ਲਈ ਕੁਝ 'ਦੇਵਣ' ਸਭ, ਸਭ ਨੂੰ 'ਦੇਣ' ਦੇ ਰਸਤੇ ਪਾਓ !
ਲੈਣ ਲਈ ਸੁਫ਼ਨੇ ਹੀ ਕਾਫ਼ੀ ਹਰ ਸੁਫ਼ਨੇ ਦਾ ਮੁੱਲ ਵਧਾਓ !
(ਸਭ ਤੋਂ ਬੇਖਬਰ 'ਸੁਨਹਿਰੀ' ਡੂੰਘੀ ਮਨ-ਚਚਨੀ ਵਿਚ ਲੱਥ ਜਾਂਦਾ ਹੈ।)
ਸੁਫਨਾ ਹੈ ਸੰਸਾਰ ਕਹੋ ਸਭ, ਸੁਫਨੇ ਬੀਜੋ ਸੁਫਨੇ ਖਾਓ !
ਸੁਫਨਾ ਕਾਦਰ, ਕੁਦਰਤ ਸੁਫਨਾ, ਸੁਫਨੇ ਦਾ ਹੀ ਸਭ ਪਾਸਾਓ।
ਸੁਫਨਾ ਅੰਦਰ, ਬਾਹਰ ਸੁਫਨਾ, ਸੁਫਨੇ ਦਾ ਹਰ ਤਰਫ਼ ਘਿਰਾਓ !
ਸੁਫਨਿਓਂ, ਸੁਫਨੇ ਨਿਕਲੀ ਆਵਣ, ਸੁਫਨੇ ਜੰਮ ਸੁਫਨੇ ਮਰਵਾਓ !
ਸੁਫਨ-ਸੱਚ ਤੱਕ ਪਹੁੰਚੇ ਨਾ ਕੋਈ, ਸੁਫਨ-ਸੱਚ ਨੂੰ ਖਿਤਿਜ ਬਣਾਓ !
[ਸੁਨਹਿਰੀ ਪਾਤਰ ਖ਼ਾਮੋਸ਼ ਹੋ ਜਾਂਦਾ ਹੈ। ਉਸ ਉੱਤੇ ਅਜੀਬ ਜਿਹੀ ਸੁਫ਼ਨਈ ਕੈਫੀਅਤ ਤਾਰੀ ਹੈ। 'ਚਿੱਟਾ' ਤੇ 'ਕਾਲਾ' 'ਸੁਨਹਿਰੀ' ਨੂੰ ਸੰਬੋਧਨ ਕਰਦੇ ਹਨ ]

ਕਾਲਾ : ਤੈਥੋਂ ਬਾਹਰ ਮੈਂ ਕਾਲਾ ਹਾਂ !

ਚਿੱਟਾ : ਤੇ ਮੈਂ ਨਿਰਾ ਉਜਾਲਾ ਹਾਂ !

ਕਾਲਾ : ਸਿੱਧ-ਪੁੱਠ ਦੇ ਵਿਚ ਵਿਚਰਨ ਵਾਲੇ,

ਚਿੱਟਾ : ਧੁੱਪ-ਛਾਵਾਂ ਵਿਚ ਵਿਚਰਨ ਵਾਲੇ,

ਚਿੱਟਾ ਤੇ ਕਾਲਾ : ਠਰ ਰਹੇ ਲੋਕੀਂ ਆਪਣੇ ਪਾਲੇ, ਆਪੇ ਮੱਕੜੀ, ਆਪੇ ਜਾਲੇ !

ਸੁਨਹਿਰੀ : ਤੁਸੀਂ ਹੀ, ਮੇਰਾ ਜਾਲ ਫੈਲਾਓ,
ਮੱਕੜੀ ਵਾਂਗ ਸਭ ਲੋਕ ਫਸਾਓ ! (ਵਕਫ਼ਾ)
ਸ਼ਕਤੀ ਹੀ, ਸ਼ਕਤੀ ਦਾ ਮਨੋਰਥ
ਸੱਤਾ ਹੀ ਸੱਤਾ ਦੀ ਲੋਚਾ।

ਸ਼ਕਤੀ ਹੀ ਸਾਹ, ਜੀਵਨ, ਸ਼ਕਤੀ,
ਸ਼ਕਤੀ ਬਿਨ ਸਭ ਕੂੜ ਹੈ ਧੋਖਾ !
[ਪਿਛੋਕੜ 'ਚੋਂ ਉਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉਭਰਦੀਆਂ ਹਨ]

ਚਿੱਟਾ : ਸਭ ਨੂੰ ਸਬਜ਼ ਬਾਗ ਵਿਖਾਵਾਂ,

ਕਾਲਾ : ਥੱਕਣ ਤਕ ਮੈਂ ਤੋਰੀ ਜਾਵਾਂ,
ਖਿਤਿਜੋਂ-ਖਿਤਿਜੀ ਸੁਫ਼ਨੇ ਵੰਡਾਂ,
ਖਿਤਿਜੋਂ-ਖਿਤਿਜੀ ਤੋੜੀ ਜਾਵਾਂ ।

ਚਿੱਟਾ-ਸੁਨਹਿਰੀ : ਸ਼ਕਤੀ ਤੇਰੀ ਤੈਥੋਂ ਲੈ ਕੇ, ਸਭ ਦੀ ਸ਼ਕਤੀ ਤੋੜੀ ਜਾਵਾਂ ।

ਕਾਲਾ : ਮੈਂ ਮੁਜਰਮ, ਮੈਂ ਜੁਰਮ ਕਰਾਵਾਂ

ਚਿੱਟਾ : ਮੈਂ ਮੁਨਸਫ਼, ਇਨਸਾਫ਼ ਵਿਖਾਵਾਂ, ਖੱਚੀ ਜਿਹੇ ਕਮਿਸ਼ਨ ਬਿਠਾਵਾਂ ।
ਨਾ ਏਧਰ, ਨਾ ਓਧਰ ਲਾਵਾਂ !

ਸੁਨਹਿਰੀ : ਤੁਹਾਡਾ, ਮੇਰਾ ਇਹ ਸੰਬੰਧ, ਏਕਣ ਚੱਲਦਾ ਹੈ ਪ੍ਰਬੰਧ ! (ਵਕਫ਼ਾ)

ਕਾਲਾ : ਨਜ਼ਰਾਂ ਉੱਤੇ ਧਰਮ ਚੜ੍ਹਾਏ, ਲੋਕੀਂ ਆਪੋ ਵਿਚ ਫਸਾਏ !

ਚਿੱਟਾ : ਧਰਮ-ਯੁੱਧ ਦਾ ਭਰਮ ਵੰਡੇਂਦਾ,
ਕਿਵੇਂ ਮੁਜਾਹਿਦ, ਸੁਪਨ ਵਿਖਾਏ ! (ਵਕਫ਼ਾ)

ਕਾਲਾ : ਨਗਰ, ਨਗਰ ਦੇ ਲੋਕ ਜਿਵੇਂ ਬੀਮਾਰ ਨੇ,
'ਕਾਲੀ ਗਰਜ', 'ਮੰਡ' ਤੇ 'ਨੀਲਾ ਤਾਰਾ'
ਤੇਰੇ ਹਰ ਅਪਰੇਸ਼ਨ ਲਈ ਤਿਆਰ ਨੇ ।
[ਦਰਸ਼ਕਾਂ ਵਲ ਇਸ਼ਾਰਾ ਕਰਦੇ ਹੋਏ "ਸੁਨਹਿਰੀ" ਨੂੰ ਸੰਬੋਧਤ ਹੁੰਦੇ ਹਨ ]

ਚਿੱਟਾ ਤੇ ਕਾਲਾ : ਆਪਣੇ ਅੰਦਰ ਪਾਟੇ ਲੋਕੀਂ, ਤੈਨੂੰ ਕਦੇ ਪਹਿਚਾਣ ਨਾ ਸਕਣ !
ਤੇਰੇ ਪਿੱਛੇ-ਪਿੱਛੇ ਤੁਰਦੇ, ਤੈਨੂੰ ਕਦੇ ਵੀ ਜਾਣ ਨਾ ਸਕਣ । (ਵਕਫ਼ਾ)
ਭੁੱਲੇ ਰਹਿਣ ਜਮਾਤੀ ਘੋਲ !
ਖੁੱਲ੍ਹੇ ਕਦੇ ਨਾ ਤੇਰਾ ਪੋਲ !
[ਪਿਛੋਕੜ 'ਚੋਂ ਉਪਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ ]

ਸੁਨਹਿਰੀ : ਮੇਰੇ ਮੋਹਰੇ, ਮੇਰੀ ਸ਼ਕਤੀ ! ਸ਼ਕਤੀ ਹੀ ਹੈ ਮੇਰੀ ਭਗਤੀ !

ਕਾਲਾ-ਸੁਨਹਿਰੀ : ਤੇਰੇ ਬਿਨ ਮੈਂ ਸ਼ਕਤੀ-ਹੀਣਾ,

ਚਿੱਟਾ : ਤੇਰੇ ਬਾਝੋਂ ਕਾਹਦਾ ਜੀਣਾ ?

ਕਾਲਾ ਤੇ ਚਿੱਟਾ : ਤੇਰੇ ਵਿਚ ਸੁਨਹਿਰੀ ਬਣੀਏਂ,
ਸ਼ਕਤੀ ਜੀਵੀਏ, ਸ਼ਕਤੀ ਜਣੀਏਂ ! (ਵਕਫ਼ਾ)
ਤੇਰੇ ਵਿਚ ਸਮਾ ਜਾਣਾ ਹੈ ; ਸਗਲਾ ਸੱਚ ਵਿਖਾ ਜਾਣਾ ਹੈ ।

ਸੁਨਹਿਰੀ : ਨਹੀਂ-ਨਹੀਂ, ਨਹੀਂ-ਨਹੀਂ (ਵਕਫ਼ਾ)



ਅਜੇ ਮੈਂ ਚਾਹਾਂ, ਮੈਥੋਂ ਬਾਹਰ, ਕੱਲੇ-ਕੱਲੇ ਇੰਜ ਹੀ ਵਿਚਰੋ ।
(ਕਾਲੇ ਨੂੰ) ਤੂੰ ਲਾ ਅੱਗਾਂ (ਚਿੱਟੇ ਨੂੰ) ਇਹ ਬੁਝਾਵੇ ।
ਇੰਜ ਕਹਾਣੀ ਤੁਰਦੀ ਜਾਵੇ ! ਨਾ ਭੜਕੇ, ਨਾ ਬੁਝੇ ਇਹ ਪੂਰਾ ।
ਜੰਗਲ ਵਿਚ ਲੰਬਾਂ ਵੀ ਉੱਠਣ, ਫਿਰ ਵੀ ਕੁਝ-ਕੁਝ ਬੱਚਦਾ ਜਾਵ !

ਚਿੱਟਾ : ਸਤਿ ਬਚਨ !

ਕਾਲਾ : ਸਤਿ ਬਚਨ !

ਸੁਨਹਿਰੀ : ਮੇਰਾ ਧਿਆਨ-ਸਮਾਧੀ ਵੇਲਾ, ਜਾਵੋ ਦੋਵੇਂ, ਲੋਕ ਸੰਭਾਲੋ
ਸੱਚ-ਸੁਫਨੇ ਜਿਹੀ ਰੰਗਕੇ ਨਫ਼ਰਤ,
ਹਰ ਘਰ ਵੰਡੋ, ਹਰ ਘਰ ਪਾਲੋ !
[ਹੌਲੀ ਹੌਲੀ ਅਨ੍ਹੇਰ ਵੱਲ ਵਧ ਰਹੇ ਨੀਮ-ਚਾਨਣੇ ਵਿਚ ਚਿੱਟਾ ਤੇ ਕਾਲਾ ਮੰਚ ਦੇ ਵਿਰੋਧੀ ਕੋਨਿਆਂ ਵਿਚ ਗਾਇਬ ਹੋ ਜਾਂਦੇ ਹਨ । ਸਪਾਟ ਲਾਈਟ ਸੁਨਹਿਰੀ ਉੱਤੇ ਫੋਕਸ ਹੁੰਦੀ ਹੈ, ਜੁ ਸਮਾਧੀ ਲਾਈ ਮੰਚ ਉੱਤੇ ਬੈਠਾ ਹੈ ! ਪਿਛੋਕੜ 'ਚੋਂ ਪ੍ਰਤੀਧੁਨੀਆਂ ਉਭਰਦੀਆਂ ਹਨ]

ਪ੍ਰਤੀਧੁਨੀਆਂ : ਓਮ ਸ਼ਾਂਤੀ ! ਓਮ ਸ਼ਾਂਤੀ !
[ਫੇਡ ਆਊਟ, ਪਿਛੋਕੜ ਵਿਚ ਪੰਜ ਕੁੜੀਆਂ ਤੇ ਪੰਜ ਮੁੰਡੇ ਪੰਜਾਬ ਦੇ ਪੰਜ ਦਰਿਆਵਾਂ ਪੰਜ ਫਿਰਕਿਆਂ (ਹਿੰਦੂ, ਸਿੱਖ, ਮੁਸਲਮਾਨ, ਈਸਾਈ, ਮਾਨਵਵਾਦੀ) ਦੇ ਪ੍ਰਤੀਕ, ਮੂਕ ਅਭਿਨਯ ਕਰਦੇ ਹਨ । (ਵਧੇਰੇ ਪਾਤਰ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ ਇਹ ਨਾਟਕੀ ਐਕਸ਼ਨ-ਗੀਤ ਕੇਵਲ ਦੋ ਮੁੱਖ ਪਾਤਰਾਂ ਨਾਲ ਵੀ ਖੇਡਿਆ ਜਾ ਸਕਦਾ ਹੈ । ਬਾਕੀ ਦੇ ਦਸਾਂ ਪਾਤਰਾਂ ਦਾ ਪ੍ਰਭਾਵ ਪੇਂਟਿੰਗ, ਰੋਟੇਟਿੰਗ ਚਿਤਰ-ਪੱਟ ਤੇ ਜਾਂ ਸਿਨਮੈਟਿਕ ਤਕਨੀਕ ਨਾਲ ਸਿਰਜਿਆ ਜਾ ਸਕਦਾ ਹੈ ! ਪਿਛੋਕੜ 'ਚੋਂ ਧੁਨੀ-ਪ੍ਰਭਾਵ ਵੀ ਦਿਤੇ ਜਾ ਸਕਦੇ ਹਨ ! ਅੱਗਰਭੂਮੀ ਵਿਚ ਮੁੰਡਾ ਤੇ ਕੁੜੀ ਐਕਸ਼ਨ-ਦੁਗਾਣੇ ਨੂੰ ਨਾਟਕੀ ਮੁਦ੍ਰਾਵਾਂ ਵਿਚ ਪ੍ਰਸਤੁਤ ਕਰਦੇ ਹਨ । ਟੱਪਿਆਂ ਦੇ ਬੋਲ ਜਦੋਂ ਖ਼ਤਮ ਹੁੰਦੇ ਹਨ, ਤਾਂ ਉਨ੍ਹਾਂ ਦੀਆਂ ਸੰਗੀਤਕ ਧੁਨਾਂ ਉਤੇ ਨਾਟਕੀ ਮੁਦ੍ਰਾਵਾਂ ਵਿਚ ਮੁੰਡਾ ਤੇ ਕੁੜੀ ਪਿੱਠ-ਭੂਮੀ ਵਿਚ ਚਲੇ ਜਾਂਦੇ ਹਨ ਅਤੇ ਪਿੱਠ-ਭੂਮੀ ਦੇ ਦੱਸੇ ਪਾਤਰ ਇਸੇ ਤਰ੍ਹਾਂ ਅੱਗਰਭੂਮੀ ਵਿਚ ਆ ਜਾਂਦੇ ਹਨ ! ਵਿਚ ਵਿਚ ਇਹ ਬਾਰਾਂ ਪਾਤਰ ਮੰਚ ਦੇ ਵਿਚਕਾਰ ਅਭਿਨਯ ਦੁਆਰਾ ਗੀਤ ਦੇ ਪ੍ਰਤੀਕਾਂ ਨੂੰ, ਇਕੱਠਿਆਂ, ਵਸਤੂ-ਪੱਧਰ 'ਤੇ ਸਮੂਰਤ ਕਰ ਵਿਖਾਉਂਦੇ ਹਨ । ਇਕੱਠਿਆਂ, ਜੁਦਾ-ਜੁਦਾ ਤੇ ਟੋਲੀਆਂ ਵਿਚ ਗਾਉਂਦੇ ਹਨ । ਦੁਗਾਣੇ ਵਾਲੇ ਮੁੰਡਾ ਅਤੇ ਕੁੜੀ ਵੇਸਭੂਸ਼ਾ ਪੱਖੋਂ ਬਾਕੀ ਦਸਾਂ ਪਾਤਰਾਂ ਤੋਂ ਵੱਖਰੇ ਦਿੱਸਣੇ ਚਾਹੀਦੇ ਹਨ । ਬਾਕੀ ਦੇ ਦਸਾਂ ਪਾਤਰਾਂ ਦੀ ਵੇਸ ਭੂਸ਼ਾ ਵਿਚ ਸਾਂਝ ਤੇ ਵਿਖੇਵਾਂ, ਦੋਵੇਂ ਬਣੇ ਰਹਿਣੇ ਚਾਹੀਦੇ ਹਨ । ਹਰ ਨਵੇਂ

ਟੱਪੇ ਦੇ ਆਰੰਭ ਸਮੇਂ ਮੁੰਡਾ ਅਤੇ ਕੁੜੀ ਅੱਗਰਭੂਮੀ ਵਿਚ ਹੁੰਦੇ ਹਨ]

ਕੁੜੀ : ਬਾਗਾਂ ਵਿਚ ਹੱਦਾਂ ਕਿਸ ਖਿੱਚੀਆਂ ਨੇ ਹਾਣੀਆਂ ਵੇ ?
ਮਹਿਕਾਂ ਨੂੰ ਪਈ ਵੰਡਦੀ ਹਵਾ
ਘਰਾਂ ਦਿਆਂ ਨ੍ਹੇਰਿਆਂ 'ਚ ਕੈਦ ਹੋਏ ਲੋਕਾਂ ਤਾਂਈਂ
ਸੁਣੇ ਕਿਉਂ ਨਾ ਪੌਣ ਦੀ ਸਦਾ ?

ਮੁੰਡਾ : ਘਰਾਂ 'ਚ ਸਿਆਸਤੀ ਦੀਵਾਰਾਂ ਤਣ ਬੈਠੀਆਂ ਤੇ
ਵਿਹੜਿਆਂ 'ਚ ਵਾੜਾਂ ਦਾ ਦਬਾ
ਪੌਣਾਂ ਅਤੇ ਮਹਿਕਾਂ ਦੇ ਲੰਗਾਰ ਲਾਹੁਣ ਨੀਤੀਆਂ
ਤੇ ਸੋਚ ਨੂੰ ਹੈ ਸੂਲੀ ਦੀ ਸਜ਼ਾ

ਕੁੜੀ : ਬਾਰੀਆਂ ਤੇ ਮੋਘ ਖੁੱਲ੍ਹੇ, ਦਰ ਤੇ ਝਰੋਖੇ ਸਾਰੇ
ਦਿਸੇ ਕਿਉਂ ਨਾ ਦਿਨ ਦਾ ਚੜ੍ਹਾ ?
ਕਾਲਖਾਂ ਤੇ ਠੰਡਿਆਂ 'ਚ ਭਟਕੇ ਮਨੁੱਖਤਾ ਕਿਉਂ ?
ਪਲਕਾਂ 'ਚ ਬੰਦੀ ਕਿਉਂ ਨਿਗਾਹ ?

ਮੁੰਡਾ : ਨਜ਼ਰਾਂ 'ਚ ਮੋਤੀਆ ਤੇ ਦਰਾਂ 'ਚ ਸਲਾਖਾਂ ਅੱਜ
ਧਰਮਾਂ ਨੂੰ ਚੜ੍ਹਿਆ ਜੁਦਾ
ਸਾਂਝ ਦੀਆਂ ਵਾਣੀਆਂ ਨੇ ਚੱਟਿਆ ਹੈ ਮਹੁਰਾ ਜਿਵੇਂ
ਅਰਥਾਂ 'ਚ ਜ਼ਹਿਰ ਦੀ ਦੁਆ

ਕੁੜੀ : ਨਦੀਆਂ ਸਰੋਵਰਾਂ ਦੇ, ਪੀਂਘਾਂ ਅਤੇ ਫਸਲਾਂ ਦੇ
ਗੀਤ ਕਿਉਂ ਲਾਸ਼ਾਂ ਦੀ ਤਰ੍ਹਾਂ ?
ਦਿਲਾਂ 'ਚ ਮੁਹੱਬਤਾਂ ਤੇ ਅੱਖਾਂ 'ਚ ਲਗਾਓ ਨਹੀਂ
ਬੰਬਾਂ ਵਾਂਗੂੰ ਫਟੀਆਂ ਧਿਰਾਂ ।
[ਵਕਫ਼ਾ—ਮੁੰਡਾ ਚੁੱਪ, ਏਧਰ-ਓਧਰ ਵੇਖਦਾ—ਸੋਚਦਾ ਹੈ ! ਅਭਿਨਯ ਕਰਦਾ ਹੈ । ਉਪਰੋਕਤ ਬੋਲਾਂ ਦੀਆਂ ਧੁਨਾਂ ਪਿਛੋਕੜ 'ਚੋਂ, ਇਸ ਸਮੇਂ ਦੌਰਾਨ ਉੱਭਰਦੀਆਂ ਰਹਿੰਦੀਆਂ ਹਨ । ਸੱਭੇ ਪਾਤਰ ਫ਼ਰੀਜ਼ ਹੋਏ ਖੜ੍ਹੇ ਹਨ । ਵਕਫ਼ਾ]

ਕੁੜੀ : ਪੰਖੀਆਂ ਨੂੰ ਭੁੱਲਿਆ ਹੈ ਉੱਡਣਾ ਤੇ ਚਹਿਕਣਾ ਕਿਉਂ ?
ਵੱਗੀ ਅੱਜ ਕਿਹੋ ਜਿਹੀ ਵਾ ?
ਆਲ੍ਹਣੇ ਦੇ ਤੀਲ੍ਹਿਆਂ 'ਚ ਧਰੀ ਅੱਗ ਕਿਸ ਨੇ ਹੈ ?
ਹਰ ਪਾਸੇ ਧੂੰਆਂ ਤੇ ਖਲਾਅ

ਮੁੰਡਾ : ਪਾਣੀਆਂ 'ਚ ਕੰਧ ਪਾਵੇ, ਬੋਲੀਆਂ 'ਚ ਵੰਡ ਪਾਵੇ
ਧਰਤੀ 'ਚ ਹੱਦਾਂ ਦੀ ਦਰਾੜ
ਵੱਖ-ਵੱਖ ਨਾਵਾਂ ਹੇਠ ਮਾਂਦਰੀ ਹੈ ਇਕੋ ਹੀ ਇਹ
ਵੰਡ ਸਾਨੂੰ ਰਿਹਾ ਹੈ ਪਛਾੜ



ਕੁੜੀ : ਹੋਰ ਹੁਣ ਕਿੰਨਾਂ ਚਿਰ ਥਲਾਂ ਦੇ ਵਰੋਲਿਆਂ ਦੀ
ਲੋਕਤਾ ਨੇ ਝੱਲਣੀ ਸਜ਼ਾ ?
ਕੱਚ ਜਿਹੇ ਰੇਤ ਦਿਆਂ ਜ਼ੱਰਿਆਂ ਤੇ ਕਦੋਂ ਤਾਂਈਂ
ਘੁੰਮਣੀ ਹੈ ਸਾਡੀ ਇਹ ਨਿਗਾਹ ?

ਮੁੰਡਾ : ਜਦੋਂ ਤਾਂਈਂ ਟੁੱਟਣੇ ਨਾ ਬੰਦੀਖਾਨੇ ਨਫ਼ਰਤਾਂ ਦੇ
ਖੁੱਲ੍ਹਣੇ ਨਾ ਸੂਝ ਦੇ ਕਿਵਾੜ—
ਚੇਤਨਾ ਦੀ ਕਾਂਗ ਜਦੋਂ ਬੂੰਦਾਂ ਨੂੰ ਬਣਾਇਆ ਹੜ੍ਹ,
ਸਭ ਕੁਝ ਦਿਆਂਗੇ ਪਛਾੜ

ਮੁੰਡਾ ਤੇ ਕੁੜੀ : (ਦੋਵੇਂ ਇਕੱਠੇ)—ਜੜ੍ਹਾਂ ਨੂੰ ਸਿਆਣੀਏਂ ਜੇ ਆਪ ਨੂੰ ਪਛਾਣੀਏਂ ਜੇ,
ਰਹੇਗੀ ਨਾ ਕੋਈ ਵੀ ਦੀਵਾਰ
ਨ੍ਹੇਰਿਆਂ ਤੇ ਕੰਡਿਆਂ ਦੇ ਟੂਣਿਆਂ ਨੂੰ ਤੋੜਨੇ ਲਈ,
ਢੁੱਕਣਾ ਹੈ ਸੂਰਜਾਂ ਦੁਆਰ ।
[ਬਾਕੀ ਪਾਤਰ ਵੀ ਨਾਲ ਸ਼ਾਮਲ ਹੁੰਦੇ ਹਨ—ਫੇਡ ਆਉਟ]
[ਰੌਸ਼ਨੀ ਹੁੰਦਿਆਂ ਹੀ ਮੰਚ ਉੱਤੇ 'ਫਲਸਫ਼ੀ' ਪਾਤਰ ਡੂੰਘੀ ਸੋਚ ਵਿਚ ਪਿਆ ਨਜ਼ਰੀਂ ਆਉਂਦਾ ਹੈ ! ਉਸਦੇ ਵਾਲ ਖੁੱਲ੍ਹੇ ਹਨ ਅਤੇ ਦਾੜ੍ਹੀ ਲੰਮੀ ਹੈ ! ਉਸਦਾ ਚੋਲਾ ਲਾਲ, ਚਿੱਟੀਆਂ, ਹਰੀਆਂ, ਨੀਲੀਆਂ, ਕਾਲੀਆਂ ਅਤੇ ਸੁਨਹਿਰੀ ਆਦਿ ਧਾਰੀਆਂ ਵਾਲਾ, ਬਹੁ-ਰੰਗਾ ਹੈ ! ਪਿੱਠ-ਭੂਮੀ ਦੇ ਪਰਦੇ ਉਤੇ ਗਲੋਬ ਦਾ ਸਿਨਮੈਟਿਕ ਪ੍ਰਭਾਵ ਉਭਰਦਾ ਹੈ ਤੇ ਕਈ ਦੇਸ਼ਾਂ ਤੇ ਵੱਡੀਆਂ ਸ਼ਕਤੀਆਂ ਦੇ ਝੰਡੇ ਛਿਣ ਦੀ ਛਿਣ ਲਹਿਰਾਉਂਦੇ ਤੇ ਫਿਰ ਗ਼ਾਇਬ ਹੋ ਜਾਂਦੇ ਹਨ । ਫਲਸਫੀ ਡੂੰਘੀ ਮਨਬਚਨੀ ਵਿਚ ਪਿਆ ਜਾਪਦਾ ਹੈ ।]

ਫਲਸਫੀ : ਜੰਗ ਦਾ ਭੈ ਕੁਝ ਘੱਟ ਹੋਇਆ, ਜ਼ਿੰਦਗੀ ਲਈ ਮੋਹ ਜਾਗ ਰਿਹਾ !
ਸਿਖਰ-ਸਮੇਲਨ, ਹੱਥ ਮਿਲੇ, ਸੰਧੀਆਂ ਚੋਂ ਉਭਰੇ ਵਾਅਦੇ ।
ਘੁੱਗੀਆਂ ਨੇ ਖੰਭ ਫੜਕਾਏ, 'ਗੁਟ ਘੂੰ' ਕਰਨ ਕਬੂਤਰ ਆਏ ।
[ਇਸ ਸਮੇਂ ਪਿਛੋਕੜ ਚੋਂ ਘੁੱਗੀਆਂ ਦੇ ਖੰਭਾਂ ਦੀ ਫੜਫੜਾਹਟ ਤੇ ਕਬੂਤਰਾਂ ਦੀ 'ਗੁੱਟ ਘੂੰ' ਦੇ ਧੁਨੀ-ਪ੍ਰਭਾਵ ਉਭਰਦੇ ਹਨ ।—ਵਕਫ਼ਾ]
'ਗਲਾਸਨੋਸਟ', 'ਪੇਰੀਸਤ੍ਰਾਇਕਾ'
ਢੱਠ ਰਿਹਾ ਹੈ ਲੋਹ-ਪਰਦਾ । ਇਕ ਦੂਜੇ ਦੇ ਸ਼ੀਸ਼ੇ ਸਾਹਵੇਂ,
ਮਾਨਵ ਕੀਕੂੰ ਨਿੱਖਰ ਰਿਹਾ ! ਧਰਤੀ ਹੋਰ ਵਿਸ਼ਾਲ ਹੋ ਰਹੀ,
ਅੰਬਰ ਵੀ ਹੈ ਖੁੱਲ੍ਹ ਰਿਹਾ ! (ਵਕਫ਼ਾ) ਪੋਲੈਂਡ ਅੰਦਰ ਸੌਲੀਡੈਰੇਟੀ
ਮਜ਼ਦੂਰਾਂ ਦਾ ਤਾਣ ਬਣ ਗਈ, ਸਭ ਦੀ ਨਵੀਂ ਪਛਾਣ ਬਣ ਗਈ !
ਕੱਟੜਪੰਥ 'ਚ ਤੇੜਾਂ ਪਈਆਂ, ਕਿਰਨਾਂ ਨੇ ਅੰਗੜਾਈਆਂ ਲਈਆਂ !
ਚੀਨ, ਹੰਗਰੀ ਬੱਦਲਵਾਈ, ਬਦਲੀ ਲਈ ਲੋਚੇ ਲੋਕਾਈ !

ਪਰਬਤੋਂ ਝਰਨਾ ਫੁੱਟ ਪਿਆ, ਦਰਿਆਵਾਂ ਵੱਲ ਵੱਗ ਤੁਰਿਆ !
ਪਲ, ਛਿਣ, ਪਲ, ਛਿਣ. ਬਦਲ ਰਿਹਾ, ਸਾਗਰ ਬਣਨਾ ਲੋਚ ਰਿਹਾ ।
ਬਦਲੀ ਵਿਚ ਵਿਕਾਸ-ਫਲਸਫ਼ਾ, ਲੋੜੀਂ ਢਲਣਾ ਸੋਚ ਰਿਹਾ !
[ਇਸ ਸਮੇਂ ਕਾਮਰੇਡ ਮੰਚ ਉੱਤੇ ਪਰਵੇਸ਼ ਕਰਦਾ ਹੈ ।]

ਕਾਮਰੇਡ : ਫਲਸਫ਼ੀ ਜੀ ! ਕੀ ਸੋਚ ਰਹੇ ਹੋ ? ਅੱਜ ਕੀ ਬਣਨਾ ਲੋਚ ਰਹੇ ਹੋ ?

ਫਲਸਫ਼ੀ : ਇਹ ਰੁੱਤ ਸ਼ੁੱਧ ਇਨਸਾਨ ਬਣਨ ਦੀ, ਖ਼ੁੱਦ ਮੰਦਰ, ਭਗਵਾਨ ਬਣਨ ਦੀ
ਮਾਨਵਤਾ ਤੋਂ ਕੋਈ ਨਾ ਉੱਚਾ ! ਮਾਨਵਤਾ ਦਾ ਮਾਰਗ ਸੁੱਚਾ !

ਕਾਮਰੇਡ : ਫਿਰ ਵੀ ਕੋਈ ਪ੍ਰਬੰਧ ਲੋੜੀਂਦਾ, ਇਕ ਦੂਜੇ ਲਈ ਖੁੱਲ੍ਹ ਬਣ ਖੇੜੇ,
ਸਾਂਵਾਂ ਕੋਈ ਸੰਬੰਧ ਲੋੜੀਂਦਾ !

ਫਲਸਫ਼ੀ : ਸੱਤਾ ਲਈ ਤੁਹਾਡੀ ਇਕ ਧਿਰ ਨੇ, ਸੱਤਾ ਨਾਲ ਕੀਤੀ ਅਸ਼ਨਾਈ !
ਦੂਜੀ ਧਿਰ ਕੁਝ ਘੱਟ ਨਾ ਕੀਤੀ, ਧਰਮ ਨਾਲ ਜਾ ਅੱਖ ਲੜਾਈ !
ਗੰਧਲੀ ਹੋਈ ਸਿਆਸਤ ਸਾਡੀ, ਵੋਟਰਾਂ ਦੀ ਦ੍ਰਿਸ਼ਟੀ ਧੁੰਦਲਾਈ (ਵਕਫ਼ਾ)
ਧਰਮ ਵਾਲੇ ਵੀ ਦਾਤੀ-ਥੌੜਾ, ਬੇਧਰਮੇ ਵੀ ਦਾਤੀ-ਥੌੜਾ । (ਵਕਫ਼ਾ)
ਇਕ ਧਿਰ ਭ੍ਰਿਸ਼ਟਾਚਾਰ ਲਈ ਵੋਟਾਂ, ਦੂਜੀ ਧਰਮ-ਅਧਿਕਾਰ ਲਈ ਵੋਟਾਂ !
ਆਪੋ ਦੇ ਵਿਚ ਭਿੜ ਗਏ ਦੋਵੇਂ, ਦੋਵੇਂ ਹੀ ਸਰਕਾਰ ਲਈ ਵੋਟਾਂ !
(ਪਿਛੋਕੜ 'ਚੋਂ ਉਪ੍ਰੋਕਤ ਚੌਂਹਾਂ ਪੰਗਤੀਆਂ ਦੇ ਸੰਵਾਦ ਦੀਆਂ ਪ੍ਰਤੀ-
ਧੁਨੀਆਂ ਕਾਫ਼ੀ ਦੇਰ ਤੱਕ ਉੱਭਰਦੀਆਂ ਰਹਿੰਦੀਆਂ ਹਨ ।—ਵਕਫ਼ਾ)
ਤੀਜੀ ਧਿਰ, ਹਿੰਸਾ ਅਪਣਾਈ, ਧਨ-ਸੰਗਲੀ ਤੋਂ ਬੇਪਰਵਾਹ
ਧਨਵਾਨਾਂ ਲਈ ਆਫ਼ਤ ਆਈ ! (ਵਕਫ਼ਾ)
ਕੱਲ੍ਹ ਜੁਝਾਰੂ, ਅੱਜ ਖਾੜਕੂ
ਦੋਵਾਂ ਦੇ ਸਨ ਇਕੋ ਢੰਗ, ਮੰਤਵ ਵੱਖ, ਪਰ ਇਕੋ ਰੰਗ !
ਕੌਣ ਗਲਤ ? ਤੇ ਠੀਕ ਹੈ ਕਿਹੜਾ ? ਕਾਰਜ ਲਈ, ਕਾਰਨ ਦਾ ਝੇੜਾ !
ਮੰਤਵ ਲਈ ਸਾਧਨ ਦਾ ਬਿਖੇੜਾ ! (ਵਕਫ਼ਾ)
ਕਤਲ, ਸ਼ਹਾਦਤ, ਮੌਤ ਉਲਝ ਗਏ, ਲੋਕੀਂ ਕੀ ਦੇ ਕੀ ਬਣ ਗਏ !
ਨਿਆਂ ਅਤੇ ਪ੍ਰਬੰਧ ਉਲਝ ਗਏ, ਸਭ ਦੇ ਹੀ ਸੰਬੰਧ ਉਲਝ ਗਏ ।

ਕਾਮਰੇਡ : ਉਲਝੀ ਸੋਚ 'ਚੋਂ ਕਿੰਜ ਨਿਕਲਾਂਗੇ ? ਸੂਰਜ ਵਾਂਗੂੰ ਕਦ ਚਮਕਾਂਗੇ ?

ਫਲਸਫ਼ੀ : ਲੋਕਾਂ ਦੇ ਦੁੱਖ-ਸੁੱਖ ਪਹਿਚਾਣੋ, ਉਨ੍ਹਾਂ ਦੇ ਹਰ ਰੰਗ ਨੂੰ ਜਾਣੋ !
ਕੁਝ ਦੇਵੋ, ਕੁਝ ਲਵੋ ਉਨ੍ਹਾਂ ਤੋਂ, ਉਨ੍ਹਾਂ ਦੀ ਹਰ ਲੋੜ ਸਿਆਣੋ !
ਅੰਤਰ-ਸਮਝ 'ਚ ਮਿਟਣੇ ਨ੍ਹੇਰੇ, ਹੱਕ ਪਛਾਨਣ, ਚੜ੍ਹਨ ਸਵੇਰੇ !
(ਵਕਫ਼ਾ)
ਲੋਕਾਂ ਹੀ ਬਣਨਾ ਹੈ ਕ੍ਰਾਂਤੀ, ਵਿਚ ਭਰੋਸੇ ਲੈ ਕੇ ਚੱਲੋ
ਤਾਂ ਹੀ ਧੁੰਦ ਮਿਟੇਗੀ, ਭ੍ਰਾਂਤੀ ।
ਰੁੱਖ ਤੱਕ ਪਹੁੰਚੋ, ਜੜ੍ਹ ਪਹਿਚਾਣੋ, ਸਭ ਤੱਕ, ਖੁਦ ਤੱਕ ਪੁੱਜਣਾ ਜਾਣੋ !



[ਇਸ ਸਮੇਂ ਕਾਮਰੇਡ ਉਪਰੋਕਤ ਵਾਰਤਾਲਾਪ ਦੇ ਪ੍ਰਤੀਕਰਮ ਵਿਚ ਉਲਝਿਆ ਡੂੰਘੀ ਮਨਬਦਨੀ ਵਿਚ ਪੈ ਜਾਂਦਾ ਹੈ ਤੇ ਫਲਸਫ਼ੀ ਦੂਰ ਖਿਤਿਜ ਵੱਲ ਉਮੀਦਵਾਨ ਨਜ਼ਰਾਂ ਲਾਈ ਨਜ਼ਰੀਂ ਪੈਂਦਾ ਹੈ ।]

ਕਾਮਰੇਡ : ਉਲਝ ਗਏ ਸਾਂ, ਸੁਲਝ ਰਹੇ ਹਾਂ !
ਆਪਣੇ ਅੰਦਰੋਂ ਘੁੱਟੇ-ਵੱਟੇ, ਗੰਢਾਂ ਵਾਂਗੂੰ, ਖੁੱਲ੍ਹ ਰਹੇ ਰਹੇ ਹਾਂ !
ਫੁੱਲਾਂ ਵਾਂਗੂੰ, ਪੌਣਾਂ ਦੇ ਵਿਚ ਝੂੱਲ ਰਹੇ ਹਾਂ
—ਫੇਡ ਆਊਟ—

[ਪਿੱਠ-ਭੂਮੀ ਦੇ ਪਰਦੇ ਉੱਤੇ ਮੱਕੜੀ ਦੇ ਜਾਲੇ ਦਾ ਬਿੰਬ ਉੱਭਰਦਾ ਹੈ । ਉਸ ਵਿਚ ਫਸੀ ਇਕ ਮੱਕੜੀ ਤੜਫ਼-ਤੜਫ਼ ਮਰ ਰਹੀ ਹੈ । ਜਾਲੇ ਦਾ ਅੱਧਾ ਰੰਗ ਕਾਲਾ ਤੇ ਅੱਧਾ ਚਿੱਟਾ ਹੈ । ਮੱਕੜੀ ਕੋਰਸ ਦੇ ਬੋਲ ਉੱਭਰਦੇ ਹਨ ।]

ਕੋਰਸ : ਫਲਸਫ਼ੇ ਦੀ ਲੱਗੀ ਪਾਹ ਫਲਸਫ਼ਾ ਹੀ ਦੱਸੇ ਰਾਹ
ਫਲਸਫ਼ਾ ਹੀ ਹੈ ਦਿਸ਼ਾ ਇਹ ਫਲਸਫ਼ਾ ਵਿਕਾਸ ਦਾ !
ਸੁੱਕਿਆਂ ਨੂੰ ਝਾੜਦਾ ਇਹ ਠੋਹਕਰਾਂ ਉਖਾੜਦਾ
ਤੇ ਦਿਨ ਨਵੇਂ ਚਾੜ੍ਹਦਾ ਹੈ ਫਲਸਫ਼ਾ ਇਹ ਆਸ ਦਾ !
ਨੀਤੀਆਂ ਨੂੰ ਤੋਰਦਾ, ਇਹ ਟੁੱਟਿਆਂ ਨੂੰ ਜੋੜਦਾ
ਤੇ ਟੁੱਟਣੋਂ ਹੈ ਰੋਕਦਾ ਇਹ ਰਾਹ ਵਿਸ਼ਵਾਸ ਦਾ !
ਢੰਗਾਂ ਵਿਚ ਢੰਗ ਰਲੇ, ਰੰਗਾਂ ਵਿਚ ਰੰਗ ਰਲੇ
ਸੱਭੇ ਸੰਗ-ਸੰਗ ਚਲੇ, ਸੰਗ ਧਰਵਾਸ ਦਾ !
ਬੂੰਦ-ਬੂੰਦ ਨਦੀ ਬਣੇ, ਕਿਰਨਾ ਨ੍ਹੇਰ ਛਣੇ ।
ਸੂਰਜਾਂ ਦੇ ਹਾਣ ਬਣੇ, ਹੌਸਲਾ ਆਕਾਸ਼ ਦਾ !
ਫਲਸਫ਼ੇ ਦੀ ਲੱਗੇ ਪਾਹ, ਫਲਸਫ਼ਾ ਹੀ ਦੱਸੇ ਰਾਹ
ਫਲਸਫ਼ਾ ਹੀ ਹੈ ਦਿਸ਼ਾ', ਇਹ ਫਲਸਫ਼ਾ ਵਿਕਾਸ ਦਾ !
[ਵਕਫ਼ਾ—ਇਸ ਸਮੇਂ ਮੰਚ ਉੱਤੇ ਕਾਮਰੇਡ ਪਾਤਰ ਪਰਵੇਸ਼ ਕਰਦਾ ਹੈ । ਉਸਦੇ ਲਾਲ ਚੋਲੇ ਉਤੇ ਦਾਤੀ ਥੌੜੇ ਦਾ ਨਿਸ਼ਾਨ ਹੈ ! ਚੋਲੇ ਉੱਤੋਂ ਹੱਦਾਂ ਜਿਹੀਆਂ ਕ੍ਰੇਤਾਂ ਤੇ ਹੋਰ ਲਿਖਤਾਂ ਗਾਇਬ ਹਨ !]

ਕਾਮਰੇਡ : ਸਾਡੇ ਅੰਦਰ ਵੜਕੇ ਮੱਕੜੀ, ਚਿੱਟੇ-ਕਾਲੇ ਜਾਲ ਵਿਛਾਏ ।
ਸੋਨੇ ਰੰਗੀਆਂ ਸੋਟਾਂ ਕਰਕੇ, ਸੋਨ ਰੰਗੇ ਸੁਪਨ ਵਿਖਾਏ !
ਭੁੱਲ-ਭੁਲੱਈਆਂ ਨੀਤੀ ਇਸ ਦੀ, ਸ਼ਕਤੀ ਲਈ ਆਪਣੇ ਵੀ ਖਾਏ !
ਸੋਨ-ਮ੍ਰਿਗ ਦੀ ਤ੍ਰਿਖਾ ਅੰਦਰ, ਰਾਮ, ਲਖਣ, ਸੀਤਾ ਭਰਮਾਏ ।
ਸੱਚ ਨੂੰ ਸੂਲਾਂ, ਸੱਚ ਨੂੰ ਗੋਲੀ, ਸੱਚ ਇਸ ਸੂਲੀ 'ਤੇ ਚੜ੍ਹਵਾਏ ।
ਲੋਹੇ ਦੇ ਪੁੱਤਰਾਂ ਤੋਂ ਇਸ ਨੇ, ਲੋਹੇ ਦੇ ਪੁੱਤਰ ਮਰਵਾਏ । (ਵਕਫ਼ਾ)
ਲੋਹਾ, ਜੁ ਧਰਤੀ ਦੀ ਸ਼ਕਤੀ, ਲੋਹਾ, ਜੁ ਮਿੱਲਾਂ ਦੀ ਭਗਤੀ,

ਲੋਹਾ, ਜੁ ਗੁਰਬਤ ਤੋਂ ਮੁਕਤੀ, (ਵਕਫ਼ਾ)
ਉਸ ਲੋਹੇ ਨੂੰ ਹੱਲ ਦੀ ਥਾਂ, ਤ੍ਰਿਸ਼ੂਲ ਅਤੇ ਕਿਰਪਾਨ ਬਣਾਇਆ !
ਥਾਂ-ਥਾਂ, ਇਹਨੇ ਚੁਆਤੀ ਲਾਈ, ਲੋਹਾ, ਲੋਹੇ ਸੰਗ ਭਿੜਵਾਇਆ !

[ਵਕਫ਼ਾ —ਇਸ ਸਮੇਂ ਲਾਲ ਰੰਗ ਦੇ ਚੋਲੇ ਪਾਈ ਕਾਮਰੇਡ ਵਰਗੇ ਹੀ ਦਾਤੀ ਥੋੜੇ ਵਾਲੇ ਕ੍ਰਮਵਾਰ ਮੰਚ ਦੇ ਖੱਬਿਓਂ ਤੇ ਸਜਿਓਂ, ਮਜ਼ਦੂਰ ਚਿੱਟੇ ਦੀਆਂ ਅਤੇ ਕਿਰਸਾਣ ਕਾਲੇ ਦੀਆਂ ਮੁਸ਼ਕਾਂ ਕੱਸੀ ਮੰਚ ਉਤੇ ਪਰਵੇਸ਼ ਕਰਦੇ ਹਨ ! ਦਾਤੀ-ਹਥੌੜੇ ਵਾਲੇ ਲਾਲ ਰੰਗ ਦੇ ਚੋਲੇ ਪਾਈ ਲੋਕਾਂ ਦਾ ਜਲੂਸ ਸੁਨਹਿਰੀ ਨੂੰ ਇੱਟਾਂ ਵੱਟੇ ਮਾਰਦਾ ਤੇ ਧੱਕੇ ਦਿੰਦਾ ਹੋਇਆ ਅੱਗੇ ਲਾਈ ਮੰਚ ਉੱਤੇ ਪਰਵੇਸ਼ ਕਰਦਾ ਹੈ। ਲੋਕਾਂ ਦੇ ਇਸ ਜਲੂਸ ਵਿਚ ਭਾਰੀ ਬਹੁ-ਗਿਣਤੀ ਭਾਵੇਂ ਦਾਤੀ-ਹਥੌੜੇ ਵਾਲੇ ਲਾਲ ਰੰਗ ਦੇ ਚੋਲਿਆਂ ਵਾਲੇ ਪਾਤਰਾਂ ਦੀ ਹੈ; ਫਿਰ ਵੀ ਇਨ੍ਹਾਂ ਦੇ ਵਿਚ ਵਿਚ ਧਾਰਮਕ ਤੇ ਸੰਪਰਦਾਇਕ ਸੁਤੰਤਰਤਾ ਦੇ ਪ੍ਰਤੀਕ ਹਿੰਦੂ, ਸਿੱਖ, ਮੁਸਲਮਾਨ ਅਤੇ ਈਸਾਈ ਪਾਤਰ ਵੀ ਆਪਣੇ-ਆਪਣੇ ਵਿਸ਼ੇਸ਼ ਲਿਬਾਸ ਅਤੇ ਵੱਖਰੇ ਅੰਦਾਜ਼ ਵਿਚ ਪਰਤੱਖ ਦਿਖਾਈ ਦਿੰਦੇ ਹਨ ! ਕੁਝ ਕੁ ਹਿੰਦੂ, ਸਿੱਖ, ਮੁਸਲਮਾਨ ਅਤੇ ਈਸਾਈ ਪਾਤਰਾਂ ਨੇ ਆਪਣੇ ਧਾਰਮਕ ਚਿੰਨ੍ਹਾਂ ਨੂੰ ਵਿਲੱਖਣ ਰੂਪ ਵਿਚ ਕਾਇਮ ਰੱਖਦੇ ਹੋਇਆਂ ਵੀ ਦਾਤੀ-ਹਥੌੜੇ ਵਾਲੇ ਲਾਲ ਰੰਗ ਦੇ ਚੋਲੇ ਪਹਿਨੇ ਹੋਏ ਹਨ ! ਇਹ ਪਾਤਰ ਰਾਜ-ਨੀਤਕ ਤੇ ਆਰਥਕ ਪੱਖੋਂ ਮਾਰਕਸਵਾਦ ਨੂੰ ਧਾਰਨ ਕਰਦੇ ਹੋਏ ਵੀ, ਧਰਮ, ਵਿਸ਼ਵਾਸ, ਅਤੇ ਰਾਏ ਦੀ ਆਜ਼ਾਦੀ ਦੇ ਮੁੱਦਈ ਤੇ ਪ੍ਰਤੀਕ ਹਨ ! ਲਹੂ-ਭਿੱਜੇ, ਲੀਰੋ ਲੀਰ ਹੋਏ ਜਾਲੇਦਾਰ ਲਿਬਾਸ ਵਿਚ ਫਸਿਆ ਲਿਪਟਿਆ 'ਸੁਨਹਿਰੀ' ਕਾਮਰੇਡ ਦੇ ਪੈਰਾਂ ਵਿਚ ਡਿਗ ਪੈਂਦਾ ਹੈ ! ਇਸ ਸਮੇਂ 'ਕਾਮਰੇਡ' ਪਿਛੋਕੜ ਦੇ ਪਰਦੇ ਉਤੇ ਕਾਲੇ, ਚਿੱਟੇ, ਲਾਲ ਵਿਚ ਫਸੀ ਦਮ ਤੋੜ ਰਹੀ ਸੁਨਹਿਰੀ ਮੱਕੜੀ ਵਲਾਂ ਇਸ਼ਾਰਾ ਕਰਕੇ ਦਰਸ਼ਕਾਂ ਨੂੰ ਸੰਬੋਧਨ ਕਰਦਾ ਹੈ।]

ਕਾਮਰੇਡ : ਆਪਣੇ ਡੱਬ-ਖੜੱਬ ਵਿਚ ਫਾਥੀ, ਲਟਕੇ ਮੱਕੜੀ ਆਪਣੇ ਜਾਲੇ !
[ਲੋਕਾਂ ਅਤੇ ਸੁਨਹਿਰੀ ਵਲ ਇਸ਼ਾਰਾ ਕਰਕੇ ਕਹਿੰਦਾ ਹੈ]
ਸ਼ਕਤੀ ਕੀਕੂੰ ਖੋਹ ਸਕਦੇ ਹਨ, ਵੇਖੋ ਸ਼ਕਤੀ ਦੇਵਣ ਵਾਲੇ !
[ਹੇਠ ਲਿਖੇ ਬੋਲ ਕਾਮਰੇਡ ਅਤੇ ਲੋਕ ਇਕੱਠੇ ਹੋ ਕੇ ਬੋਲਦੇ ਹਨ।]
ਆਪਣੇ ਡੱਬ-ਖੜੱਬ ਵਿਚ ਫ਼ਾਥੀ, ਲਟਕੇ ਮੱਕੜੀ ਆਪਣੇ ਜਾਲੇ !
ਸ਼ਕਤੀ ਕੀਕੂੰ ਖੋਹ ਸਕਦੇ ਹਨ, ਵੇਖੋ ਸ਼ਕਤੀ ਦੇਵਣ ਵਾਲੇ !
[ਪਿਛੋਕੜ ਚੋਂ ਉਪਰੋਕਤ ਬੋਲਾਂ ਦੀਆ ਪ੍ਰਤੀਧੁਨੀਆਂ ਦੇਰ ਤਕ ਉੱਭਰ-ਦੀਆਂ ਰਹਿੰਦੀਆਂ ਹਨ।]

□



# ਅਰਜੁਨ

ਗੁਰਪ੍ਰੀਤ ਸਿੰਧਰਾ

(ਦੇਵ ਭਾਰਦਵਾਜ ਦੀ ਕਹਾਣੀ 'ਤੇ ਆਧਾਰਿਤ)

**ਪਾਤਰ :**

ਲੋਕ-ਗਾਇਕ ਤੇ ਲੋਕ-ਗਾਇਕਾ, ਅਰਜੁਨ : 30-32 ਸਾਲ, ਦਰੋਪਦੀ : 26-28 ਸਾਲ, ਕਲਰਕ, ਸੁਪਰਟੈਂਡੈਂਟ, ਅਫਸਰ 1, ਅਫਸਰ 2, ਅਫਸਰ 3, ਹੋਟਲ ਮੈਨੇਜਰ, ਬਹਿਰਾ, ਧੋਬੀ, ਚਪੜਾਸੀ, ਲੜਕਾ : 10-11 ਸਾਲ, ਲੜਕੀ : 7-8 ਸਾਲ

ਦ੍ਰਿਸ਼ ਪਹਿਲਾ

ਸਮਾਂ : ਵਰਤਮਾਨ

[ਸਥਾਨ : ਹਿੰਦੋਸਤਾਨ ਦੇ ਕਿਸੇ ਵੀ ਸ਼ਹਿਰ ਵਿਚਲੀ ਗਰੀਬ ਬਸਤੀ। ਮੰਚ ਉਪਰ ਹਨੇਰਾ ਹੈ। ਸਿਰਫ ਦੂਰ-ਦੁਮੇਲ ਉਪਰ ਤਰਕਾਲ ਸੰਧਿਆ ਦਾ ਘੁੱਸਮੁਸਾ ਹੈ। ਲੜਾਈ ਦੇ ਨਗਾਰਿਆਂ, ਤਲਵਾਰਾਂ ਦੀ ਖੜਕਾਰ, ਘੋੜਿਆਂ ਦੀ ਹਿਣ-ਹਣਾਹਟ ਚੀਕ-ਚਿਹਾੜਾ। ਲੋਕ ਗਾਇਕ ਪ੍ਰਕਾਸ਼ ਬਿੰਦੂ ਦੇ ਵਿਚ ਕ੍ਰਿਸ਼ਨ ਦੇ ਸੁਦਰਸ਼ਨ ਚੱਕਰ ਚਲਾਉਣ, ਅਰਜੁਨ ਦੇ ਰੱਥ ਚਲਾਉਣ ਤੇ ਤੀਰ ਚਿੱਲੇ ਤੇ ਚਾੜ੍ਹਣ ਦੀਆਂ ਅਦਾਵਾਂ ਕਰਦੇ ਹਨ]

ਗੀਤ ਦੇ ਬੋਲ : ਧਰਮ ਯੁੱਧ ਇਕ ਹੋਇਆ ਇਥੇ,
ਆਦਮ ਲੱਖਾਂ ਮੋਇਆ ਜਿਥੇ।
ਕੌਰੂ-ਪਾਂਡੂ ਦੋ ਧਿਰਾਂ,
ਇਕ ਦੂਜੇ ਨੂੰ ਕੋਹਿਆ ਜਿਥੇ।
ਹੋਈ ਯੁੱਧ ਦੀ ਤਿਆਰੀ ਸੀ,
ਲਸ਼ਕਰ ਆਏ ਭਾਰੀ ਸੀ।
ਚਾਚੇ, ਦਾਦੇ, ਗੁਰੂ ਤੇ ਚੇਲੇ,
ਕੋਈ ਕਿਸੇ ਦੀ ਪਿਆਰੀ ਸੀ।
ਏਨਾਂ ਤੇ ਪਰ ਤੀਰ ਚੁਕਣੋਂ
ਅਰਜੁਨ ਜੋ ਇਨਕਾਰੀ ਸੀ।
ਉਸ ਮਹਾਂਭਾਰਤ ਦਾ ਇਕ ਯੋਧਾ,
ਲੜਣ ਤੋਂ ਪਹਿਲਾਂ ਰੋਇਆ ਜਿਥੇ।
ਪਰਮੋਧਰਮ ਦੀਆਂ ਪਾ ਲਗਾਮਾਂ,
ਅਰਜੁਨ ਨੂੰ ਸੀ ਜੋਇਆ ਜਿਥੇ।
ਗੁੰਮ ਹੋ ਗਿਆ ਜੰਗ ਦੀ ਧੂੜ ਅੰਦਰ,

ਅਰਜੁਨ ਵੀਰ ਸੀ ਸੱਚਾ ਇਨਸਾਨ ਲੋਕੋ ।
ਉਸੇ ਅਰਜਨ ਨੂੰ ਲੱਭਕੇ ਲੈ ਆਂਦਾ,
ਲੱਗੇ ਉਸ ਦੀ ਕਥਾ ਸੁਣਾਨ ਲੋਕੋ ।

[ਮੰਚ ਦੀ ਇਕ ਨੁੱਕਰ ਵਿਚ ਝੌਂਪੜੀ ਦਾ ਦਰਵਾਜ਼ਾ ਨਜ਼ਰ ਆਉਂਦਾ ਹੈ । ਇਕ ਕੰਧ ਤੇ ਕਿੱਲੀ ਨਾਲ ਤੀਰਾਂ ਦਾ ਭੱਥਾ ਲਟਕ ਰਿਹਾ ਹੈ । ਇਕ ਨੁੱਕਰੇ ਟੁੱਟੀ ਮੰਜੀ ਪਈ ਹੈ । ਅੰਦਰੋਂ ਅਵਾਜ਼ਾਂ ਆ ਰਹੀਆਂ ਹਨ ।]

ਦਰੋਪਦੀ : ਖਸਮਾਂ ਨੂੰ ਖਾਣਿਓਂ । ਤੁਹਾਨੂੰ ਪਵੇ ਗੜੀ । ਮੇਰੀਆਂ ਬੋਟੀਆਂ ਕਿਉਂ ਤੋੜਦੇ ਜੇ । ਜਾ ਕੇ ਆਪਣੇ ਪਿ ਦਾ ਸਿਰ ਖਾਉ । (ਬੱਚਿਆਂ ਨੂੰ ਕੁੱਟਦੀ ਹੈ । ਇਕ ਲੜਕਾ ਤੇ ਇਕ ਲੜਕੀ ਰੋਂਦੇ ਰੋਂਦੇ ਬਾਹਰ ਨਿਕਲਦੇ ਹਨ । ਦਰੋਪਦੀ ਵੀ ਬਾਹਰ ਆ ਜਾਂਦੀ ਹੈ) ਤੁਹਾਡੇ ਖੁਣੋਂ ਤੇ ਮੈਂ ਔਂਤਰੀ ਹੀ ਚੰਗੀ ਸਾਂ । ਤੁਹਾਡਾ ਢਿੱਡ ਏ ਕਿ ਟੋਆ ? ਕਿਥੋਂ ਲਈ ਆਵਾਂ ਖਾਣ ਨੂੰ ? ਖਾਣ-ਪੀਣ ਨੂੰ ਝੋਟੇ ਵਰਗਾ ਏ ਤੇ ਕੰਮ ਕਰਦਿਆਂ ਨੂੰ ਸ਼ਰਮ ਆਉਂਦੀ ਏ

[ਮਾਰਦੀ ਹੈ]

ਲੜਕੀ : ਮਾਂ ਕਿਉਂ ਮਾਰਦੀ ਏਂ ਵੀਰੇ ਨੂੰ ? ਇਹਦਾ ਕੀ ਕਸੂਰ ਏ ? ਸਵੇਰ ਦਾ ਕੁਝ ਖਾਣ ਨੂੰ ਵੀ ਨਹੀਂ ਦਿਤਾ ਸਾਨੂੰ ।

ਦਰੋਪਦੀ : ਠਹਿਰ ਖਾਂ ਸਿਰ ਮੁੰਨੀਏਂ । ਜਾਹ ਜਾ ਕੇ ਪਿਉ ਨੂੰ ਕਹੋ ਮੈਨੂੰ ਗਹਿਣੇ ਪਾ ਦੇਵੇ ਤੇ ਜਾਂ ਫਿਰ ਇਕ ਵਾਰੀ ਜੂਏ ਤੇ ਲਾ ਦੇਵੇ । ਜਾਉ ਦਫਾ ਹੋ ਜਾਉ ਮੇਰੀਆਂ ਅੱਖੀਆਂ ਅੱਗੋਂ ।

ਲੜਕਾ : ਚਲ ਮੇਰੀ ਬੀਬੀ ਭੈਣ ਆਜਾ ਆਪਾਂ ਬਾਹਰ ਖੇਡਦੇ ਹਾਂ ।

[ਬੱਚੇ ਬਾਹਰ ਚੱਲੇ ਜਾਂਦੇ ਹਨ । ਦਰੋਪਦੀ ਗੁੱਸੇ ਵਿਚ ਬੋਹਕਰ ਮਾਰਦੀ ਹੈ ਅਤੇ ਸਮਾਨ ਨੂੰ ਚੁਕ-ਚੁਕ ਕੇ ਮਾਰਦੀ ਹੈ । ਤੀਰਾਂ ਦਾ ਭੱਥਾ ਵੀ ਕਿੱਲੀ ਤੋਂ ਲਾਹਕੇ ਇਕ ਪਾਸੇ ਸੁਟ ਦੇਂਦੀ ਹੈ । ਝੌਂਪੜੀ ਅੰਦਰੋਂ ਕਮਾਨ ਲਿਆਕੇ ਵੀ ਬਾਹਰ ਸੁਟ ਦੇਂਦੀ ਹੈ । ਨਾਲ ਨਾਲ ਬੋਲੀ ਵੀ ਜਾ ਰਹੀ ਹੈ]

ਦਰੋਪਦੀ : ਮੇਰੇ ਪਿਉ ਦੀ ਵੀ ਮੱਤ ਮਾਰੀ ਸੀ । ਅਖੇ ਧੀ ਨੂੰ ਉਸੇ ਨਾਲ ਵਿਆਹੁਣਾ ਜਿਹੜਾ ਵੱਡਾ ਨਿਸ਼ਾਨੇਬਾਜ਼ ਹੋਵੇਗਾ । ਚਿੜੀ ਦੀ ਅੱਖ ਫੁੰਡ ਸਕਦਾ ਹੋਵੇ । ਹੂੰ ਜਿਵੇਂ ਨਿਸ਼ਾਨੇ ਫੁੰਡਣ ਨਾਲ ਭੁੱਖ ਮਿਟ ਜਾਊ । ਪਿਤਾ ਜੀ ਆਪ ਤੇ ਤੁਸੀਂ ਸਮਾਜਿਕ ਰਸਮਾਂ ਨਿਭਾਅ ਕੇ ਸੁਰਖਰੂ ਹੋ ਗਏ ਤੇ ਮੈਂ ਰਹਿ ਗਈ ਭੁੱਖਾਂ ਕੱਟਣ ਜੋਗੀ, ਜ਼ਲੀਲ ਹੋਣ ਜੋਗੀ । ਤੁਹਾਡੀ ਚੋਣ ਨਿਸ਼ਾਨਬਾਜ਼ ਦੀ ਤੇ ਵਧੀਆ ਏ ਪਰ ਵਿਹਲੜ ਦੀ ਹੁਣ ਪੁੱਛ ਕੀ ਏ ? ਪਹਿਲਾਂ ਇਹ ਬੰਦਾ ਮੈਨੂੰ ਜੂਏ ਵਿਚ ਹਾਰ ਆਇਆ ਤੇ ਫਿਰ ਲੜਾਈਆਂ ਕਰ, ਵਸਦੇ-ਰਸਦੇ ਘਰਾਂ-ਮਹਿਲਾਂ ਨੂੰ ਢਹਿ-ਢੇਰੀ ਕਰ



ਛੱਡਿਆ, ਸਿਰਫ ਮੈਨੂੰ ਵਾਪਸ ਹਾਸਲ ਕਰਨ ਲਈ । ਜੇ ਮੈਨੂੰ ਆਹ ਭੁੱਖਾਂ ਹੀ ਦੇਣੀਆਂ ਸਨ ..

[ਭੁੜਕਦੀ ਹੈ ਬਾਹਰੋਂ ਅਰਜੁਨ ਥਕਿਆ ਟੁੱਟਿਆ ਆਉਂਦਾ ਹੈ । ਹੱਥ ਵਿਚ ਇਕ ਪੋਟਲੀ ਫੜੀ ਹੈ ਜਿਸ ਵਿਚ ਮਜ਼ਦੂਰੀ ਤੇ ਰਾਸ਼ਨ ਆਦਿ ਬੰਨ੍ਹਿਆ ਹੈ ।]

ਅਰਜੁਨ : ਮੇਰੀ ਜਾਨ ਤੋਂ ਪਿਆਰੀ, ਅਜ ਫਿਰ ਕਿਸ ਗੱਲ ਦੀ ਉਦਾਸੀ । ਮੱਥੇ ਗੁੱਸੇ ਦੀਆਂ ਲਕੀਰਾਂ ਤੇ ਅੱਖਾਂ ਵਿਚ ਅੱਥਰੂ ਦਰੋਪਦੀ ?

ਦਰੋਪਦੀ : ਸਵਾਹ ਤੇ ਖੇਹ । ਜਦੋਂ ਦੀ ਤਹਾਡੇ ਲੜ ਲਗੀ ਆਂ, ਮੁਸੀਬਤਾਂ ਹੀ ਝੱਲ ਰਹੀ ਆਂ । ਜੂਏ ਵਿਚ ਹਾਰਣਾ ਮੈਂ ਜਰ ਲਿਆ, ਚੀਰ ਹਰਨ ਦੀ ਬੇਪਤੀ ਨੂੰ ਝਲਿਆ ਪਰ ਮੇਰੇ ਕੋਲੋਂ ਆਪਣੇ ਬੱਚਿਆਂ ਦੀ ਭੁੱਖ ਨਹੀਂ ਜਰੀ ਜਾਂਦੀ ।

ਅਰਜੁਨ : ਮੈਂ ਸਭ ਸਮਝਦਾ ਵਾਂ ਦਰੋਪਦੀ ਤੇਰੀ ਮਨੋਅਵਸਥਾ ਮੇਰੇ ਕੋਲੋਂ ਲੁਕੀ ਹੋਈ ਨਹੀਂ । ਮੈਂ ਵੀ ਤਾਂ ਦਿਨ-ਰਾਤ ਬੱਚਿਆਂ ਦੇ ਭਵਿੱਖ ਬਾਰੇ ਹੀ ਸੋਚਦਾ ਰਹਿੰਦਾ ਹਾਂ । ਸ਼ਹਿਰਾਂ ਵਿਚ ਕੰਮ ਨਹੀਂ ਮਿਲਦਾ ਤੇ ਜੰਗਲਾਂ ਵਿਚ ਰੋਟੀ ਲਈ ਸ਼ਿਕਾਰ ਕਰ ਰਿਹਾ ਹਾਂ । ਮੈਂ ਵੀ ਚਾਹੁੰਦਾ ਹਾਂ ਮੇਰੇ ਬੱਚੇ ਚੰਗੇ ਸਕੂਲਾਂ-ਕਾਲਜਾਂ ਵਿਚ ਪੜ੍ਹਣ, ਡਿਗਰੀਆਂ ਲੈਣ, ਮੋਹਾਰਤ ਹਾਸਲ ਕਰਨ । ਤੇਰਾ, ਮੇਰਾ ਤੇ ਕੁੱਲ ਦਾ ਨਾਮ ਰੋਸ਼ਨ ਕਰਨ । ਸਵੇਰ ਤੋਂ ਲੈ ਕੇ ਸ਼ਾਮ ਤੱਕ ਇਨਸਾਨਾ ਦੇ ਜੰਗਲ ਵਿਚ ਭਟਕਦਾਂ ਕਿ ਕਿਤੇ ਨੌਕਰੀ ਮਿਲ ਜਾਵੇ । ਪਰ ਹਰ ਪਾਸੇ ਤੋਂ "ਕੋਈ ਜਗ੍ਹਾ ਨਹੀਂ ਹੈ" ਦੀ ਤਖਤੀ ਸਾਹਮਣਾ ਕਰਦੀ ਹੈ । ਤੀਰ ਅੰਦਾਜ਼ੀ ਨੂੰ...

ਦਰੋਪਦੀ : ਤੁਸੀਂ ਵੀ ਤਾਂ ਇਕੋ ਕੰਮ ਦੇ ਮਗਰ ਪਏ ਹੋ, ਤੀਰ ਅੰਦਾਜ਼ੀ ਦੇ । ਅਜ ਯੁਗ ਬਦਲ ਗਿਆ ਏ । ਤੀਰਾਂ ਦਾ ਯੁੱਗ ਖਤਮ ਹੋ ਗਿਆ ਏ । ਅਜ ਕਲ੍ਹ ਤੇ ਨਿਸ਼ਾਨੇ ਮਸ਼ੀਨਾਂ ਲਾਉਂਦੀਆਂ ਨੇ । ਕਮਪਿਊਟਰ ਸ਼ਿਸ਼ਤ ਬੰਨ੍ਹਦੇ ਨੇ ਤੇ ਬਟਨ ਦੱਬਦੇ ਨੇ । ਆਦਮੀ ਤੇ ਮਸ਼ੀਨਾਂ ਦਾ ਗੁਲਾਮ ਏ । ਤੁਸੀਂ ਕੋਈ ਹੋਰ ਕੰਮ ਸ਼ੁਰੂ ਕਰ ਲਵੋ ।

ਅਰਜੁਨ : ਦਰੋਪਦੀ ਤੂੰ ਇਹ ਕੀ ਕਹਿ ਰਹੀ ਏਂ ? ਤੂੰ ਤੇ ਮੇਰੀ ਬੇ-ਇਜ਼ਤੀ ਨਾ ਕਰ । ਜਿਹੜਾ ਹੁਨਰ ਤੇ ਮੁਹਾਰਤ ਮੈਂ ਸ਼ਸਤਰ ਚਲਾਉਣ ਤੇ ਨਿਸ਼ਾਨ ਫੁੰਡਣ ਦੀ ਹਾਸਲ ਕੀਤੀ ਏ ਉਹ ਲਾਸਾਨੀ ਏ ।

ਦਰੋਪਦੀ : ਉਹ ਤੇ ਠੀਕ ਏ ਪਰ ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ ।

ਅਰਜੁਨ : ਕਈਆਂ ਸਾਲਾਂ ਦੀ ਸਖਤ ਮਿਹਨਤ ਪਿੱਛੋਂ ਤੀਰ ਅੰਦਾਜ਼ੀ ਵਿਚ ਮੁਹਾਰਤ ਦੀ ਡਿਗਰੀ ਹਾਸਲ ਕੀਤੀ ਤੇ ਤੂੰ ਕਹਿੰਦੀ ਏਂ ਹੁਣ ਕੋਈ ਹੋਰ ਕੰਮ ਕਰ ਲਵਾਂ ! ਜੇ ਦੂਜਾ ਕੰਮ ਹੀ ਕਰਨਾ ਸੀ ਤਾਂ ਫਿਰ ਇਨ੍ਹਾਂ ਮੈਡਲਾਂ ਖਾਤਿਰ ਜ਼ਿੰਦਗੀ ਬਰਬਾਦ ਕਿਉਂ ਕਰਦਾ ?

ਦਰੋਪਦੀ : ਤੁਹਾਡੇ ਨਾਲ ਵੱਖਰੀ ਹੋ ਰਹੀ ਏ ? ਦੁਨੀਆਂ ਨਾਲ ਈ ਆ ਨਾ। ਜੀ ਕਲ੍ਹ ਪੜ੍ਹੇ ਲਿਖੇ ਰੇਹੜੀਆਂ ਲਾਉਂਦੇ, ਅਖਬਾਰਾਂ ਵੇਚਦੇ ਤੇ ਮਜ਼ਦੂਰ ਕਰਦੇ ਫਿਰਦੇ ਨੇ, ਸਿਰਫ਼ ਆਪਣੇ ਬੱਚਿਆਂ ਖਾਤਿਰ।

ਅਰਜੁਨ : ਦਰੋਪਦੀ, ਮੈਨੂੰ ਪੂਰਾ ਯਕੀਨ ਏ ਕਿ ਇਕ ਦਿਨ ਜ਼ਰੂਰ ਮੇਰੀ ਲੋੜ ਦੁਨੀਆਂ ਨੂੰ ਪਵੇਗੀ। ਮੇਰੀ ਮਿਹਨਤ ਵਿਅਰਥ ਨਹੀਂ ਜਾਵੇਗੀ। ਹਰ ਥਾਂ ਤੇ ਮਸ਼ੀਨ ਕੰਮ ਨਹੀਂ ਆ ਸਕਦੀ, ਹੱਥ ਵੀ ਕੰਮ ਆਉਂਦੇ ਨੇ।
(ਅਚਾਨਕ ਅਰਜੁਨ ਦਾ ਧਿਆਨ ਇਕ ਖੂੰਜੇ ਕੂੜੇ ਦੇ ਢੇਰ ਉਪਰ ਪਏ ਤੀਰਾਂ ਅਤੇ ਕਮਾਨ ਵੱਲ ਜਾਂਦਾ ਹੈ। ਭਜਕੇ ਉਨ੍ਹਾਂ ਨੂੰ ਜਾ ਚੁੱਕਦਾ ਹੈ।)
ਦਰੋਪਦੀ ! ਇਹਨਾਂ ਨੂੰ ਬਾਹਰ ਕਿਉਂ ਸੁਟਿਆ ਏ ? ਤੈਨੂੰ ਕਿੰਨੀ ਵਾਰੀ ਕਿਹਾ ਏ ਕਿ ਇਹ ਕਮਾਨ ਤੇ ਤੀਰ ਮੈਨੂੰ ਜਾਨ ਤੋਂ ਪਿਆਰੇ ਨੇ। ਇਹੋ ਮੇਰੀ ਜ਼ਿੰਦਗੀ ਨੇ ਤੇ ਇਹੋ ਮੇਰਾ ਨਿਸ਼ਾਨਾ।

ਦਰੋਪਦੀ : (ਖਿੱਝਕੇ) ਤੇ ਐਸੇ ਲਈ ਇਨ੍ਹਾਂ ਨੂੰ ਘਰੋਂ ਬਾਹਰ ਸੁਟਦੀਆਂ, ਕਿਉਂਕਿ ਏਨ੍ਹਾਂ ਤੋਂ ਸਿਵਾਏ ਤੁਹਾਨੂੰ ਕੁਝ ਹੋਰ ਵਿਖਾਈ ਨਹੀਂ ਦੇਂਦਾ। ਮੈਂ ਹਾਂ, ਬੱਚੇ ਨੇ, ਮੈਨੂੰ ਏਨ੍ਹਾਂ ਨਾਲ ਈਰਖਾ ਏ। ਇਹ ਮੇਰੇ ਸ਼ਰੀਕ ਨੇ, ਮੇਰੀਆਂ ਸੌਂਕਣਾਂ।

ਅਰਜੁਨ : ਦਰੋਪਦੀ, ਮੈਂ ਭੁੱਖ, ਗਰੀਬੀ, ਬੱਚਿਆਂ ਦੇ ਦੁਖ ਸਭ ਸਹਿ ਸਕਦਾ ਹਾਂ। ਪਰ ਮੇਰੇ ਹੁਨਰ ਨੂੰ, ਮੇਰੀ ਕਲਾ ਨੂੰ, ਮੇਰੇ ਹਥਿਆਰਾਂ ਨੂੰ ਨਿੰਦਣਾ ਨਹੀਂ ਸਹਿ ਸਕਦਾ। ਮੈਂ ਏਨ੍ਹਾਂ ਨੂੰ ਬੱਚਿਆਂ ਵਾਂਗ ਸੰਭਾਲਿਆ ਏ ਤੇ ਤੂੰ ਹਮੇਸ਼ਾਂ...।

ਦਰੋਪਦੀ : ਤੇ ਨਾ ਇਹ ਕਿਹੜਾ ਦੁੱਧ ਦੇਂਦਾ ਏ ? ਅੰਦਰ-ਬਾਹਰ ਵੜਦਿਆਂ ਮੱਥੇ 'ਚ ਵੱਜਦਾ ਏ। ਸਾਡੇ ਸਾਰੇ ਕਲੇਸ਼ਾਂ ਦੀ ਜੜ੍ਹ ਨੇ ਇਹ। ਨਾ ਇਹ ਤੀਰ ਚਲਦੇ ਤੇ ਨਾ 18 ਖੂਹਣੀਆਂ ਜ਼ਿੰਦਗੀਆਂ ਖਤਮ ਹੁੰਦੀਆਂ। ਨਾ ਵੀਰ-ਭਰਾ ਤੇ ਰਿਸ਼ਤੇਦਾਰ ਮਰਦੇ, ਨਾ ਹੀ ਅਸੀਂ ਐਸ ਵੇਲੇ ਰੋਟੀ ਲਈ ਧੱਕੇ ਖਾਂਦੇ ਫਿਰਦੇ। ਇਹ ਨਹਿਸ਼ ਨੇ ਨਹਿਸ਼।

ਅਰਜੁਨ : (ਚਪੇੜ ਮਾਰਦਾ ਹੈ) ਖਬਰਦਾਰ ਜੇ ਹੋਰ ਬਕਵਾਸ ਕੀਤੀ।
[ਅਰਜੁਨ ਗੁੱਸੇ ਤੇ ਸ਼ਰਮਿੰਦਗੀ ਦੇ ਅਹਿਸਾਸ ਵਿਚ ਤੀਰ ਕਮਾਨ ਸੰਭਾਲ ਕੇ ਅੰਦਰ ਰੱਖਦਾ ਹੈ। ਦਰੋਪਦੀ ਡੁਸਕਦੀ ਹੈ। ਪਿਛੋਕੜ ਵਿਚੋਂ ਗੀਤ ਗੂੰਜਦਾ ਹੈ]

ਗੀਤ : ਅਰਜੁਨ ਦਾ ਕੀ ਦੁਖ ਸੁਣਾਵਾਂ, ਹਰ ਯੁੱਗ ਅੰਦਰ ਮਰਦਾ ਏ।
ਕਦੇ ਧਰਮ ਲਈ ਲੜਨਾ ਪਿਆ ਸੀ, ਅੱਜ ਰੋਟੀ ਲਈ ਲੜਦਾ ਏ।
[ਅਰਜੁਨ ਹੌਲੀ ਹੌਲੀ ਪੋਟਲੀ ਖੋਲਦਾ ਹੈ ਅਤੇ ਸਬਜ਼ੀ-ਰਾਸ਼ਨ ਬਾਹਰ ਕਢਦਾ ਹੈ]



ਅਰਜੁਨ : ਆਹ ਲੈ ਦਾਲ ਸਬਜ਼ੀ ਤੇ ਆਟਾ। ਉਠਕੇ ਬੱਚਿਆਂ ਲਈ ਰੋਟੀ ਬਣਾਦੇ। (ਦਰੋਪਦੀ ਚੁੱਪ ਰਹਿੰਦੀ ਹੈ) ਅੱਛਾ ਮੇਰੀ ਭਾਗਾਂ ਭਰੀਏ ਥੁੱਕ ਸੁਟ ਇਸ ਗੁੱਸੇ ਨੂੰ। ਲਿਆ ਫੜਾ ਮੈਨੂੰ ਕਰਦ ਤੇ ਥਾਲੀ ਮੈਂ ਸਬਜ਼ੀ ਕੱਟ ਦੇਵਾਂ। ਹੁਣ ਮੰਨ ਵੀ ਜਾ ਨਾ।
[ਦਰੋਪਦੀ ਅਣ-ਮਨੀ ਜਹੀ ਉਠਦੀ ਹੈ। ਅੰਦਰ ਥਾਲੀ ਆਦਿ ਲੈਣ ਜਾਂਦੀ ਹੈ। ਅਰਜੁਨ ਸਬਜ਼ੀ ਨੂੰ ਲਿਫ਼ਾਫ਼ੇ ਵਿਚੋਂ ਕਢਦਾ ਹੈ ਕਿ ਅਚਾਨਕ ਲਿਫ਼ਾਫ਼ੇ ਤੇ ਲਿਖੇ ਉਤੇ ਨਜ਼ਰ ਜਾਂਦੀ ਹੈ। ਤੇਜ਼ੀ ਨਾਲ ਪੜ੍ਹਦਾ ਹੈ]

ਅਰਜੁਨ : ਭਾਗਵਾਨੇ-ਏ ਦਰੋਪਦੀ ਭਜ ਕੇ ਆ। ਲੈ ਲੱਗ ਗਈ ਆਪਣੀ ਲਾਟਰੀ ਓਏ ਅਭਿਮੰਨੀਓ, ਮੇਰੇ ਬੱਚਿਓ ! ਭਜਕੇ ਆਓ। ਅੱਜ ਸਾਡੀ ਕਿਸਮਤ ਖੁਲ੍ਹ ਗਈ।
[ਬੱਚੇ ਨੱਠੇ ਆਉਂਦੇ ਹਨ। ਦਰਪੋਦੀ ਵੀ ਆਉਂਦੀ ਹੈ।]

ਦਰੋਪਦੀ : ਕਿਉਂ ਘਰ ਸਿਰ ਤੇ ਚੁਕਣਾ ਲਿਆ ਏ ? ਕਿਹੜਾ ਕਾਰੂੰ ਦਾ ਖਜ਼ਾਨਾ ਲੱਭ ਪਿਆ ਏ ?

ਲੜਕਾ-ਲੜਕੀ : ਪਿਤਾ ਜੀ ਕੀ ਗੱਲ ਏ ਸਾਨੂੰ ਵੀ ਦਸੋ ?

ਅਰਜੁਨ : ਮੇਰੇ ਬੱਚਿਓ ਤੁਹਡੀਆਂ ਸਾਰੀਆਂ ਖਹਿਸ਼ਾਂ ਹੁਣ ਪੂਰੀਆਂ ਹੋ ਜਾਣਗੀਆਂ। ਤੁਹਾਨੂੰ ਦੋਹਾਂ ਨੂੰ ਵਧੀਆ ਕਾਲਜ ਵਿਚ ਪੜ੍ਹਾਵਾਂਗਾ। ਉਚੇਰੀ ਵਿਦਿਆ ਲਈ ਵਿਦੇਸ਼ ਭੇਜਾਂਗਾ।

ਦਰੋਪਦੀ : ਕੁਝ ਦਸੋਗੇ ਵੀ ਕਿ ਐਵੇਂ ਜਬ੍ਹਲੀਆਂ ਹੀ ਮਾਰੀ ਜਾਉਗੇ।

ਅਰਜੁਨ : ਤੂੰ ਐਵੇਂ ਤਾਹਨੇ ਮਾਰਦੀ ਰਹਿੰਦੀ ਸੈਂ। ਹੁਣ ਕੰਮ ਆਉਣਗੇ ਸਾਰੇ ਤੀਰ ਤੇ ਕਮਾਨ। ਪੈ ਗਈ ਏ ਇਸਦੀ ਲੋੜ। ਸਾਡੀ ਸਰਕਾਰ ਨੂੰ ਇਕ ਐਸਾ ਤੀਰ-ਅੰਦਾਜ਼ ਚਾਹੀਦਾ ਏ ਜਿਸਦਾ ਇਕ ਵੀ ਨਿਸ਼ਾਨਾ ਨਾ ਖੁੰਜੇ।

ਦਰੋਪਤੀ : ਸੱਚ।

ਅਰਜੁਨ : ਹੋਰ ਕੀ—ਆਹ ਵੇਖ ਇਸ਼ਤਿਹਾਰ।

ਪੁਤਰ : ਕੀ ਲਿਖਿਆ ਏ ਪਿਤਾ ਜੀ ?

ਧੀ : ਛੇਤੀ ਪੜ੍ਹਕੇ ਦਸੋ ਨਾ।

ਅਰਜੁਨ : ਲਿਖਿਆ ਏ :
ਵੀਰੋ, ਭਰਾਵੋ, ਬਹਾਦਰੋ ਤੇ ਯੋਧਿਓ। ਸਾਡੀ ਸਰਕਾਰ ਬੜੀ ਬਿਪਤਾ ਵਿਚ ਫਸ ਗਈ ਏ। ਰਾਜ ਦੇ ਦੋਖੀ ਆਪਣੇ ਗਲਤ ਕਾਰਨਾਮਿਆਂ ਨਾਲ ਰਾਜ ਨੂੰ ਤਬਾਹ ਕਰ ਰਹੇ ਨੇ। ਸ਼ਰਾਰਤੀ ਕਾਬੂ ਨਹੀਂ ਆ ਰਹੇ। ਅਸੀਂ ਜਿਹੜਾ ਵੀ ਤੀਰ ਉਨ੍ਹਾਂ ਨੂੰ ਮਾਰਨ ਲਈ ਛੱਡਦੇ ਹਾਂ ਉਹ ਜਾ ਤਾਂ ਅੱਧ ਵਿਚਾਲੇ ਹੀ ਗਰਕ ਹੋ ਜਾਂਦਾ ਏ ਜਾਂ ਗਲਤ ਥਾਂ ਜਾ ਵਜਦਾ ਏ। ਇੰਜ ਅਸੀਂ ਦਿਨੋ-ਦਿਨ ਤਬਾਹ ਹੋ ਰਹੇ ਹਾਂ। ਇਸ ਲਈ ਸਾਨੂੰ ਇਕ ਐਸੇ

ਤੀਰ-ਅੰਦਾਜ਼ ਦੀ ਲੋੜ ਏ ਜਿਸਦਾ ਇਕ ਵੀ ਨਿਸ਼ਾਨਾ ਨਾ ਖੁੰਝੇ ਅਤੇ ਲੱਗੇ ਵੀ ਟਿਕਾਣੇ ਤੇ ।

ਦਰੋਪਦੀ : ਤਨਖਾਹ ਕਿੰਨੀ ਕੁ ਦੇਣਗੇ ?

ਅਰਜੁਨ : ਤਨਖਾਹ ਦੀ ਕੋਈ ਬੰਦਸ਼ ਨਹੀਂ । ਸਵਾਰੀ ਲਈ, ਰਹਿਣ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ।

ਪੁੱਤਰ : ਪਿਤਾ ਜੀ ਕਦੋਂ ਜਾਉਗੇ ਨੌਕਰੀ ਲਈ ?

ਅਰਜੁਨ : ਅਗਲੇ ਸੋਮਵਾਰ ਯਾਨੀ ਕਿ ਸੱਤਾਂ ਦਿਨਾਂ ਨੂੰ ਇੰਟਰਵਿਊ ਏ ਰਾਜਧਾਨੀ, ਸਕਤਰੇਤ ਵਿਚ ।

ਪੁੱਤਰ : ਹੁਣ ਸਮਾਂ ਆਵੇਗਾ ਸੈਰਾਂ ਕਰਨ ਦਾ ।

ਲੜਕੀ : ਪਿਤਾ ਜੀ ਮੈਨੂੰ ਵਧੀਆ ਫਰਾਕ ਬਣਵਾਕੇ ਦੇਣਾ ।

ਪੁੱਤਰ : ਤੇ ਮੈਨੂੰ ਸਵਾਰੀ ਲਈ ਮੋਟਰ ਸਾਇਕਲ ।

ਦਰੋਪਦੀ : ਅੱਛਾ ਸਭ ਨੂੰ ਮਿਲੇਗਾ, ਪਹਿਲਾਂ ਘਰ ਤੇ ਕੁਝ ਆਵੇ । ਜਾਓ ਜਾ ਕੇ ਬਾਹਰ ਖੇਡੋ ।

[ਅਰਜੁਨ ਤੀਰ ਅਤੇ ਕਮਾਨ ਚੁੱਕਕੇ ਚੁੰਮਦਾ ਹੈ, ਪਲੋਸਦਾ ਹੈ ਅਤੇ ਖਿਆਲਾਂ ਵਿਚ ਗੁਆਚ ਜਾਂਦਾ ਹੈ]

ਅਰਜੁਨ : ਪਤਾ ਨਹੀਂ ਆਪਣੇ ਭਾਈ ਜਾਨ ਕਿਥੇ ਰੁਲ ਰਹੇ ਹੋਣਗੇ । ਮਿਲ ਲੈਣ ਦੇ ਇਹ ਨੌਕਰੀ ਸਭ ਨੂੰ ਲਭ ਲਿਆਵਾਂਗਾ । ਆਹ ! ਹਸਤਨਾਪੁਰ ! ਤੈਨੂੰ ਕਿਸ ਦੀ ਨਜ਼ਰ ਲੱਗ ਗਈ ਤੇ ਸਾਨੂੰ ਵੀ । ਤੂੰ ਤਬਾਹ ਹੋ ਗਿਉਂ ਤੇ ਅਸੀਂ ਇਕ ਦੂਜੇ ਤੋਂ ਵਿੱਛੜ ਕੇ ਗੁਮਨਾਮ ਰਾਹਾਂ ਤੇ ਰੁਲ ਰਹੇ ਹਾਂ । ਕੀ ਠਾਠ ਸਨ ਤੇਰੇ ਐ ਮੇਰੇ ਪਿਆਰੇ ਹਸਤਨਾਪੁਰ ! ਪਰ ਭਰਾਵਾਂ ਦੀ ਆਪਸੀ ਲੜਾਈ ਨੇ, ਜੋ ਕੇਵਲ 5 ਪਿੰਡਾਂ ਦੀ ਖਾਤਿਰ ਲੜੀ ਗਈ, ਸਭ ਕੁਝ ਫਨਾਹ ਕਰਕੇ ਰੱਖ ਦਿੱਤਾ । ਅੱਜ ਲੋਕੀ ਤੈਨੂੰ ਤੇ ਸਾਨੂੰ ਭੁਲਦੇ ਜਾ ਰਹੇ ਨੇ

[ਤੀਰ ਕਮਾਨ ਨੂੰ ਚੁੰਮਦਾ ਹੈ । ਦਰੋਪਦੀ ਕੋਲ ਆ ਕੇ ਪਿਆਰ ਕਰਦੀ ਹੈ]

ਦਰੋਪਦੀ : ਕਿਹੜੀਆਂ ਸੋਚਾਂ ਵਿਚ ਡੁੱਬ ਗਏ ਹੋ ? ਲਿਆਓ ਇਸ ਕਮਾਨ ਨੂੰ ਲਿਸ਼ਕਾ ਦੇਵਾਂ ।

ਅਰਜੁਨ : ਨਹੀਂ, ਇਸ ਨੂੰ ਮੈਂ ਖੁਦ ਲਿਸ਼ਕਾਵਾਂਗਾ । ਰੋਜ਼ ਸਾਫ ਕਰਾਂਗਾ, ਇਸ ਦੀ ਨਵੀਂ ਤੰਦੀ ਤਿਆਰ ਕਰਾਂਗਾ । ਆਪਣੇ ਹੱਥਾਂ ਨਾਲ ਸ਼ਿੰਗਾਰਾਂਗਾ । ਮਿੱਤਰਾ, ਤਗੜਾ ਹੋ, ਹੁਣ ਮੌਕਾ ਆਇਆ ਏ ਹੱਥ ਵਿਖਾਉਣ ਦਾ ।

ਦਰੋਪਦੀ : ਲਿਆਉ ਏਨ੍ਹਾਂ ਤੀਰਾਂ ਨੂੰ ਮੈਂ ਸਾਫ ਕਰ ਦੇਵਾਂ । ਇਹ ਸਾਡਾ ਸਭ ਦਾ ਕੰਮ ਏ ।

ਅਰਜੁਨ : ਤੂੰ ਬਸ ਏਨਾਂ ਕਰ ਕਿ ਮੇਰੀ ਧੋਤੀ ਨੂੰ ਚੰਗੀ ਤਰ੍ਹਾਂ ਸਾਫ ਕਰਕੇ ਮਾਵਾ ਲਾ ਕੇ ਦੁੱਧ ਵਾਂਗਰ ਚਿੱਟੀ ਕਰ ਦੇ । ਤੇ ਸੁਣ, ਸੰਦੂਕ ਵਿਚੋਂ ਮੇਰੇ ਮੁਕਟ



ਨੂੰ ਵੀ ਕੱਢ ਲਿਆ ਹਾਂ, ਸੱਚ ਆਹ ਲੈ, ਖੜਾਵਾਂ ਵੀ ਮੈਲ ਨਾਲ ਕਾਲੀਆਂ ਹੋ ਗਈਆਂ ਨੇ ।

[ਸਮਾਂ ਬਦਲਦਾ ਹੈ । ਰੰਗ ਬਦਲਦੇ ਨੇ । ਦਿਨ ਗੁਜ਼ਰਦੇ ਨੇ । ਅਰਜੁਨ, ਦਰੋਪਦੀ, ਪੁੱਤਰ, ਧੀ ਸਾਰੇ ਨੱਠ-ਭੱਜ ਕੇ ਕੰਮ ਕਰ ਰਹੇ ਨੇ । ਤੀਰ ਲਿਸ਼ਕਾਏ ਜਾ ਰਹੇ ਨੇ । ਚਿਲੇ ਕਸੇ ਜਾ ਰਹੇ ਨੇ । ਮੁਕਟ ਨੂੰ ਰਗੜ ਰਗੜ ਕੇ ਚਮਕਾਇਆ ਜਾ ਰਿਹਾ ਹੈ । ਕੱਪੜੇ ਧੋਤੇ ਜਾ ਰਹੇ ਨੇ । ਅਰਜੁਨ ਨਵੀਂ ਧੋਤੀ ਬੰਨ੍ਹਣੀ ਸ਼ੁਰੂ ਕਰਦਾ ਹੈ

ਅਰਜੁਨ : ਅਜ ਤਾਂ ਜਨੇਊ ਵੀ ਨਵਾਂ ਹੀ ਪਾਕੇ ਜਾਊਂ । ਸ਼ੁਭ ਕੰਮ ਲਈ ਇਕ ਅੱਧਾ ਵਸਤਰ ਤਾਂ ਕੋਰਾ ਤੇ ਸੁੱਚਾ ਹੋਣਾ ਚਾਹੀਦਾ ਏ ।

[ਦਰੋਪਦੀ ਅੰਦਰੋਂ ਜਨੇਊ ਲਿਆਕੇ ਦੇਂਦੀ ਹੈ । ਪੈਰੀਂ ਖੜਾਵਾਂ ਪਵਾਉਂਦੀ ਹੈ]

ਪੁੱਤਰ : ਪਿਤਾ ਜੀ ਸਿਰ ਨੀਵਾਂ ਕਰੋ, ਐਹ ਮੁਕਟ ਮੈਂ ਆਪ ਤੁਹਾਡੇ ਸਿਰ ਤੇ ਸਜਾਵਾਂਗਾ ।

ਧੀ : ਤੀਰਾਂ ਦਾ ਭੱਥਾ ਮੈਂ ਟੰਗਾਂਗੀ ਮੋਢੇ ਉਪਰ ।

ਦਰੋਪਦੀ : ਤੇ ਆਹ ਲਉ ਕਮਾਨ, ਜਿਵੇਂ ਮੈਨੂੰ ਪ੍ਰਨਾਉਣ ਲਈ ਮੱਛਲੀ ਦੀ ਅੱਖ ਦਾ ਨਿਸ਼ਾਨਾ ਫੁੰਡਿਆ ਸੀ, ਉਸੇ ਤਰ੍ਹਾਂ ਅੱਜ ਦੀ ਪਰੀਖਿਆ ਲਈ ।

ਅਰਜੁਨ : ਐਵੇਂ ਉਦਰੀਂ ਨਾ । ਵੱਡੇ ਸ਼ਹਿਰ ਦਾ ਮਾਮਲਾ ਏ । ਦੋ ਚਾਰ ਦਿਨ ਉਪਰ-ਥੱਲੇ ਹੋ ਸਕਦੇ ਨੇ । ਬੇਟਾ ਤੁਸੀਂ ਆਪਣੀ ਮਾਤਾ ਜੀ ਨੂੰ ਤੰਗ ਨਹੀਂ ਕਰਨਾ ।

ਪੁੱਤਰ-ਧੀ : ਜੀ ਪਿਤਾ ਜੀ !

ਅਰਜੁਨ : ਅੱਛਾ ਫਿਰ ਮੈਂ ਹੁਣ ਘੂੰ-ਘੂੰ ਕਰਦੀ ਕਾਰ ਲੈ ਕੇ ਹੀ ਆਵਾਂਗਾ ਤੇ ਤੁਹਾਨੂੰ ਸ਼ਹਿਰ ਲੈ ਜਾਵਾਂਗਾ । ਬਸ ਥੋੜਾ ਸਬਰ ਹੋਰ । ਫੇਰ ਐਸ਼ ਹੀ ਐਸ਼ ਹੈ ।

[ਸਾਰੇ ਅਲਵਿਦਾ ਕਹਿਣ ਬਾਹਰ ਆਉਂਦੇ ਹਨ । ਅਰਜੁਨ ਤੁਰਿਆ ਜਾਂਦਾ ਹੈ । ਗੀਤ ਗੂੰਜਦਾ ਹੈ]

ਗੀਤ ਦੇ ਬੋਲ : ਕਦੇ ਕਿਸੇ ਨੇ ਉਸ ਦੀ ਕਲਾ ਨੂੰ,
ਵਰਤਿਆ ਆਪਣੇ ਢੰਗਾਂ ਨਾਲ !
ਕਿਧਰੇ ਇਸ ਦਾ ਲਹੂ ਡੋਲਿਆ,
ਖੁਦ ਗਰਜ਼ ਦੀਆਂ ਜੰਗਾਂ ਨਾਲ !!

[ਫੇਡ ਆਊਟ]

## ਦ੍ਰਿਸ਼ ਦੂਜਾ

[ਸਕੱਤਰੇਤ ਦੇ ਦਫਤਰ ਦਾ ਇਕ ਕਮਰਾ । ਇਕ ਕੁਰਸੀ ਤੇ ਮੇਜ਼ ਪਏ ਹਨ । ਫਾਈਲਾਂ ਪਈਆਂ ਹਨ । ਇਕ ਕਲਰਕ ਨੁਮਾ-ਆਦਮੀ ਸਿਰ

ਸੁੱਟੀ ਮੇਜ਼ ਤੇ ਝੁਕਿਆ ਹੋਇਆ ਹੈ। ਅਰਜੁਨ ਥੱਕਿਆ ਹੋਇਆ ਦਾਖਲ ਹੁੰਦਾ ਹੈ। ਆਸੇ-ਪਾਸੇ ਵੇਖਕੇ]

ਕਲਰਕ : ਸ੍ਰੀ ਮਾਨ ਜੀ ?

ਅਰਜੁਨ : ਸਰ, ਮੈਂ ਆ ਗਿਆ ਹਾਂ

ਕਲਰਕ : ਆ...ਹੋ (ਉਦਾਸੀ ਲੈਂਦਾ ਹੈ) ਹੂੰ.. ਠਹਿਰ ਜਾ ਦੋ ਮਿੰਟ ਹਾਂ ਦਸ ?

ਅਰਜੁਨ : ਕੀ ?

ਕਲਰਕ : ਨਾਂ ? ਯਾਨੀ ਕਿ ਨੇਮ

ਅਰਜੁਨ : ਅਰਜੁਨ

ਕਲਰਕ : ਪਤਾ ਯਾਨੀ ਕਿ ਐਡਰੈਸ ?

ਅਰਜੁਨ : ਹਸਤਨਾਪੁਰ ।

ਕਲਰਕ : ਕੰਮ ਯਾਨੀ ਕਿ ਪਰਪਜ਼।

ਅਰਜੁਨ : ਤੀਰ ਅੰਦਾਜ਼ ਲਈ ਇੰਟਰਵੀਊ।

ਕਲਰਕ : ਲੌ ਕਰ ਇਥੇ ਦਸਖਤ ਯਾਨੀ ਕਿ ਸਿਗਨੇਚਰ।

[ਅਰਜੁਨ ਦਸਤਖਤ ਕਰਦਾ ਹੈ। ਫਾਰਮ ਵਾਪਸ ਦੇਂਦਾ ਹੈ। ਕਲਰਕ ਮੁੜ ਘੋਖਦਾ ਹੈ ਅਤੇ ਨਿਸ਼ਾਨੀਆਂ ਲਾਉਂਦਾ ਹੈ]

ਕਲਰਕ : ਇਹ ਹਸਤਨਾਪੁਰ ਕਿਥੇ ਹੋਇਆ, ਯਾਨੀ ਕਿ ਵੇਅਰ ਇਜ਼ ਇਟ ? ਕਦੇ ਸੁਣਿਆ ਈ ਨਹੀਂ।

ਅਰਜੁਨ : ਹੁਣ ਹਰ ਰੋਜ਼ ਇਹੀ ਸੁਣਿਆ ਕਰੇਂਗਾ...ਅਰਜੁਨ...ਹਸਤਨਾਪੁਰ! ਹਸਤਨਾਪੁਰ...ਅਰਜੁਨ ।

ਕਲਰਕ ਪਰ ਤੀਰ-ਅਦਾਜ਼ ਜੀ ਆਪਣੀ ਲਿਬਾਸ ਵੇਖਿਆ ਜੇ। ਇਸ ਹਾਲਤ ਵਿਚ ਨੰਗੇ ਪਿੰਡੇ ਤੁਸੀਂ ਅੰਦਰ ਨਹੀਂ ਜਾ ਸਕਦੇ

ਅਰਜੁਨ : ਕੀ ਕਮੀ ਏ ਮੇਰੇ ਕੱਪੜਿਆਂ 'ਚ। ਵਰ੍ਹਿਆਂ ਤੋਂ ਇਹੋ ਪਹਿਰਾਵਾ ਪਾ ਰਿਹਾ ਹਾਂ। ਆਦਿ-ਜੁਗਾਦਿ ਤੋਂ ਚਲੇ ਆ ਰਹੇ ਸ਼ੁੱਧ ਭਾਰਤੀ ਵਸਤਰ ਨੇ।

ਕਲਰਕ : ਮੇਰਾ ਮਤਲਬ ਕਮੀਜ਼ ਤੋਂ ਸੀ ਯਾਨੀ ਕਿ ਸ਼ਰਟ। ਤੁਸੀਂ ਸਿਰਫ਼ ਜਨੇਊ ਜਿਹਾ ਪਾ ਕੇ ਆ ਗਏ ਹੋ ਤੇ ਤੇੜ ਧੋਤੀ ਤੇ ਆਹ ਖੜਾਵਾਂ। ਗੌਰਮਿੰਟ ਨੂੰ ਤੀਰ ਅੰਦਾਜ਼ ਦੀ ਲੋੜ ਏ ਨਾ ਕਿ ਹਵਨ ਕਰਨ ਵਾਲੇ ਦੀ।

ਅਰਜੁਨ : ਬਾਊ ਜੀ ਤੁਸੀਂ ਬੜੇ ਭੋਲੇ ਹੋ ਯਾਨੀ ਕਿ ...

ਕਲਰਕ : ਇਨੋਸੈਂਟ

ਅਰਜੁਨ : ਹਾਂ। ਇਹ ਤੁਹਾਡਾ ਕਸੂਰ ਨਹੀਂ ਤੁਹਾਨੂੰ ਦਿਤੀ ਗਈ ਪੜ੍ਹਾਈ ਦਾ ਹੈ। ਚਲੋ ਛੱਡੋ ਇਹ ਤੁਸੀਂ ਨਹੀਂ ਸਮਝ ਸਕਦੇ।

ਕਲਰਕ : ਯਾਨੀ ਕਿ ਕਾਟ ਅੰਡਰ ਸਟੈਂਡ ?

ਅਵਾਜ਼ : ਹਸਤਨਾਪੁਰ ਦਾ ਅਰਜੁਨ

[ਅਰਜੁਨ ਕਲਰਕ ਦਾ ਮੋਢਾ ਥਪਥਪਾਉਂਦਾ ਹੈ। ਤੀਰ-ਕਮਾਨ ਸੰਭਾਲ ਕੇ



ਆ ਰੜ ਕੇ ਕਮਰੇ ਅੰਦਰ ਦਾਖਲ ਹੋਣ ਲਈ ਜਾਂਦਾ ਹੈ।]

ਕਲਰਕ : ਆਹੜ ਲੈ ਕੇਸ ਤੇ ਮੈਂ ਹੀ ਡੀਲ ਕਰਨਾ ਏ ਬੱਚੂ।

[ਫੇਡ ਆਊਟ]

[ਮੰਚ ਦੀ ਦੂਜੀ ਨੁੱਕਰ ਵਿਚ ਤਿੰਨ ਕੁਰਸੀਆਂ। ਇਕ ਪਾਸੇ ਅੱਗੇ ਮੇਜ਼ ਤੇ ਫਿਰ ਇਕ ਕੁਰਸੀ ਹੋਰ ਪਈ ਹੈ। ਤਿੰਨ ਕੁਰਸੀਆਂ ਉਪਰ ਤਿੰਨ ਅਫ਼ਸਰ ਬੈਠੇ ਹਨ। ਅਰਜੁਨ ਦਾਖਲ ਹੁੰਦਾ ਹੈ।]

ਅਰਜੁਨ : ਜੀ ਨਮਸਕਾਰ।

ਅਫਸਰ ਪਹਿਲਾ : ਐਸ ਕੁਰਸੀ ਤੇ ਬੈਠ ਜਾਉ

ਅਫਸਰ ਦੂਸਰਾ : (ਕੁਝ ਪਲ ਰੁਕ ਕੇ) ਆਪਣਾ ਐਡਰੈਸ ਕਿਉਂ ਗਲਤ ਲਿਖਿਆ ਹੈ ?

ਅਰਜੁਨ : ਕਿਵੇਂ ? ਇਸ ਵਿਚ ਕਿਹੜੀ ਗਲਤੀ ਏ ?

ਤੀਸਰਾ : ਤੈਨੂੰ ਪਤਾ ਹਸਤਨਾਪੁਰ ਕੀ ਏ ?

ਅਰਜੁਨ : ਜੀ ਮੇਰੀ ਜਾਨ ਏ ਹਸਤਨਾਪੁਰ ਤੇ ਮੈਂ ਹਸਤਨਾਪੁਰ ਦੀ ਜਾਨ ਹਾਂ।

ਅਫਸਰ ਪਹਿਲਾ : ਪਰ ਉਸ ਨੂੰ ਤਬਾਹ ਹੋਇਆਂ ਹਜ਼ਾਰਾਂ ਵਰ੍ਹੇ ਹੋ ਗਏ ਨੇ ਤੇ ਤੂੰ ਕਿਵੇਂ ਜ਼ਿੰਦਾ ਏਂ ?

ਅਰਜੁਨ : ਸੂਰਮੇ ਕਦੇ ਮਰਦੇ ਨਹੀਂ ਤੇ ਨਾਲੇ ਕੌਣ ਕਹਿੰਦਾ ਹਸਤਨਾਪੁਰ ਤਬਾਹ ਹੋ ਗਿਆ। ਮੇਰੇ ਰੋਮ-ਰੋਮ ਵਿਚ ਵਸਦਾ ਏ ਹਸਤਨਾਪੁਰ, ਮੇਰਾ ਜ਼ਰ੍ਹਾ-ਜ਼ਰ੍ਹਾ ਹਸਤਨਾਪੁਰ ਦਾ ਹਿੱਸਾ ਏ।

ਅਫਸਰ ਦੂਸਰਾ : ਤੁਹਾਨੂੰ ਨੌਕਰੀ ਦੀ ਨਹੀਂ ਦਿਮਾਗੀ ਇਲਾਜ ਦੀ ਲੋੜ ਜਾਪਦੀ ਏ।

ਅਫਸਰ ਤੀਸਰਾ : ਸਾਨੂੰ ਕੰਮਕਾਰ ਵਾਲੇ ਬੰਦੇ ਦੀ ਲੋੜ ਏ ਨਾ ਕਿ ਸਿਰ ਫਿਰੇ ਦੀ।

ਅਰਜੁਨ : ਤੇ ਕੀ ਮੈਂ ਤੁਹਾਨੂੰ ਕੰਮਕਾਰ ਵਾਲਾ ਬੰਦਾ ਨਹੀਂ ਦਿਸਦਾ ? ਆਹ ਤੀਰ ਕਮਾਨ ਮੈਂ ਏਸੇ ਲਈ ਨਾਲ ਲੈ ਕੇ ਆਂਦੇ ਨੇ ਕਿ ਦਸ ਸਕਾਂ ਕਿ ਮੈਂ ਕਿੰਨੀ ਯੋਗਤਾ ਰੱਖਦਾ ਹਾਂ।

ਅਫਸਰ ਪਹਿਲਾ : ਤੀਰ ਅੰਦਾਜ਼ੀ ਬਾਰੇ ਤੁਹਾਡਾ ਕੀ ਤਜਰਬਾ ਹੈ ?

ਅਰਜੁਨ : ਨਿਜੀ ਤਜਰਬਾ—ਕੁਰਕਸ਼ੇਤਰ ਦੀ ਧਰਤੀ ਮੇਰੀ ਯੋਗਤਾ ਦੀ ਗਵਾਹੀ ਦੇ ਸਕਦੀ ਏ। ਤੁਸੀਂ ਜਿਥੇ ਕਹੋਗੇ ਨਿਸ਼ਾਨਾ ਉਥੇ ਹੀ ਵਜੇਗਾ।

ਤਿੰਨੇ : ਮਤਲਬ !

ਅਰਜੁਨ : ਮਤਲਬ ਕਿ ਜੇ ਤੁਸੀਂ ਕਹੋ ਕਿ ਕਿਸੇ ਰੁੱਖ ਤੇ ਬੈਠੀ ਚਿੜੀ ਦੀ ਅੱਖ ਵਿਚ ਤੀਰ ਮਾਰਨਾ ਹੈ ਤਾਂ ਤੀਰ ਅੱਖ ਵਿਚ ਹੀ ਖੁਭੇਗਾ, ਢਿੱਡ ਵਿਚ ਨਹੀਂ।

ਤੀਸਰਾ : ਕੋਈ ਜੰਗ ਵੀ ਲੜੀ ਹੈ ਕਿ ਨਹੀਂ ?

ਅਰਜੁਨ : ਮਹਾਂਭਾਰਤ ਦੀ ਜੰਗ। ਪਰ ਤੁਸੀਂ ਮੇਰੀਆਂ ਗੱਲਾਂ ਨੂੰ ਸੱਚ ਨਹੀਂ ਮੰਨੋਗੇ।

ਦੂਸਰਾ : ਤੁਸਾਂ ਆਪਣਾ ਨਾਂ ਪੂਰਾ ਕਿਉਂ ਨਹੀਂ ਭਰਿਆ ?

ਅਰਜੁਨ : ਕਿਵੇਂ ?

ਪਹਿਲਾ : ਮਸਲਨ ਅਰਜੁਨ ਸਿੰਘ, ਅਰਜੁਨ ਦਾਸ, ਅਰਜੁਨ ਰਾਮ ਜਾਂ...।

ਅਰਜੁਨ : ਮੇਰਾ ਨਾਂ ਸਿਰਫ ਅਰਜੁਨ ਏ ਪ੍ਰੀਯਜਨੋ, ਹਸਤਨਾਪੁਰ ਵਾਸੀ ਅਰਜੁਨ।

ਤੀਜਾ : ਬਸ ਬਸ ਹੁਣ ਇਹ ਨਾ ਕਹਿਣਾ ਕਿ ਪਾਂਡੂ ਪੁੱਤਰ ਅਰਜੁਨ।

ਦੂਸਰਾ : ਕ੍ਰਿਸ਼ਨ ਸਹਿਯੋਗੀ ਅਰਜੁਨ।

ਪਹਿਲਾ : ਦਰੋਪਦੀ ਵਰ ਅਰਜੁਨ।

ਅਰਜੁਨ : ਵਾਹ ! ਮੇਰੇ ਬਾਰੇ ਵਿਚ ਤਾਂ ਤੁਸੀਂ ਸਭ ਕੁਝ ਜਾਣਦੇ ਹੋ। ਤੁਸਾਂ ਮੈਨੂੰ ਠੀਕ ਪਹਿਚਾਣਿਆ ਏ।

ਤਿੰਨੇ : ਤੂੰ ਜਾ ਸਕਦਾ ਏ।

ਅਰਜੁਨ : ਪਰ ਤੀਰ ਅੰਦਾਜ਼ੀ ਦਾ ਟੈਸਟ।

ਦੂਜਾ : ਲੋੜ ਪਈ ਤਾਂ ਲੈ ਲਿਆ ਜਾਵੇਗਾ।

[ਫੇਡ ਆਊਟ ਤੇ ਫੇਡ ਇਨ]

[ਮੰਚ ਦੀ ਪਹਿਲੀ ਨੁੱਕਰ, ਕਲਰਕ ਦਾ ਕਮਰਾ]

ਅਰਜੁਨ : ਬਾਊ ਜੀ ਇੰਟਰਵਿਊ ਦਾ ਫੈਸਲਾ ਕਦੋਂ ਹੋਵੇਗਾ ?

ਕਲਰਕ : ਕੁਝ ਦਿਨ ਲੱਗ ਜਾਣਗੇ। ਅਗਲਿਆਂ ਸਭ ਪਾਸੇ ਵੇਖ-ਸੁਣਕੇ ਹੀ ਫੈਸਲਾ ਕਰਨਾ ਏ।

ਅਰਜੁਨ : ਏਸ 'ਚ ਏਨੀ ਦੇਰ ਲਾਉਣ ਵਾਲੀ ਕਿਹੜੀ ਗੱਲ ਏ ? ਨਾਲੇ ਤੇ ਸਰਕਾਰ ਕਹਿੰਦੀ ਏ ਕਿ ਬਿਪਤਾ ਵਿਚ ਫਸੀ ਹਾਂ ਤੇ ਨਾਲ ਬੰਦੇ ਰੱਖਣ ਲੱਗਿਆ ਏਨੀ ਦੇਰ ਲਾਉਂਦੀ ਏ।

ਕਲਰਕ : ਲੋਕ ਰਾਜੀ ਢਾਂਚਾ ਏ। ਸਾਰੇ ਕਨੂੰਨਾਂ ਤੇ ਨਿਯਮਾਂ ਦਾ ਖਿਆਲ ਰੱਖਣਾ ਪੈਂਦਾ ਏ ਨਹੀਂ ਤਾਂ ਝੱਟ ਉਠਕੇ ਕੋਈ ਹਾਈਕੋਰਟ ਵਿਚ ਰਿੱਟ ਕਰ ਕਰ ਦੇਂਦਾ ਏ। ਫਿਰ ਅਸੀਂ ਬਾਊ ਲੋਕ ਫਸ ਜਾਂਦੇ ਹਾਂ ਗਧੀ ਗੇੜ ਵਿਚ।

ਅਰਜੁਨ : ਤੇਰਾ ਕਹਿਣ ਦਾ ਮਤਲਬ ਏ ਡੈਮੋਕਰੇਸੀ ਵਿਚ ਯਾਨੀ ਕਿ ਲੋਕਤੰਤਰ ਵਿਚ ਫੈਸਲੇ ਛੇਤੀ ਨਹੀਂ ਹੋ ਸਕਦੇ।

ਕਲਰਕ : ਹੋ ਸਕਦੇ ਨੇ ਛੇਤੀ, ਪਰ ਜੇ ਲੋਕ ਤੇਰੇ ਵਰਗੇ ਸਮਝਦਾਰ ਹੋਣ।

ਅਰਜੁਨ : ਮਤਲਬ।

ਕਲਰਕ : ਤੂੰ ਪਰਸੋਂ ਆ ਜਾਵੀਂ ਤੇ ਨਾਲੇ ਖਾਲੀ ਹੱਥੀਂ ਨਾ ਆਵੀਂ, ਉਦੋਂ ਤੱਕ ਮੈਂ ਸਾਰੀ ਕਾਗਜ਼ੀ ਕਾਰਵਾਈ ਪੂਰੀ ਕਰ ਛਡਾਂਗਾ ਯਾਨੀ ਕਿ ਕੇਸ ਵਿਲ ਬੀ ਰੈਡੀ।

ਅਰਜੁਨ : ਪਰ ਮੈਂ ਠਹਿਰਾਂਗਾ ਕਿਥੇ ?

ਕਲਰਕ : ਕਿਸੇ ਗੈਸਟ ਹਾਊਸ 'ਚ ਤੇ ਜਾਂ ਫਿਰ ਪੰਚਾਇਤ ਘਰ।

[ਫੇਡ ਆਊਟ ਤੇ ਫੇਡ ਇਨ]

[ਅਰਜੁਨ ਵੱਖ ਵੱਖ ਕਮਰਿਆਂ ਅੰਦਰ ਝਾਤੀ ਮਾਰਦਾ ਹੈ। ਇਕ ਪਾਸੇ



ਤੋਂ ਕਲਰਕ ਲੰਘ ਜਾਂਦਾ ਹੈ। ਪਿਛੇ ਜਾ ਕੇ]

ਅਰਜੁਨ : ਜੀ ਨਮਸਤੇ ! ਮੈਂ ਲਭ ਰਿਹਾ ਸਾਂ। ਸਾਰੇ ਕਮਰੇ ਫੋਲ ਮਾਰੇ ਨੇ।

ਕਲਰਕ : ਤੁਸੀਂ ਚਲਕੇ ਮੇਰੇ ਕਮਰੇ ਵਿਚ ਬੈਠੋ ਮੈਂ ਹੁਣ ਆ ਰਿਹਾ ਹਾਂ ਯਾਨੀ ਕਿ ਜਸਟ ਕਮਿੰਗ।

ਅਰਜੁਨ : ਬਹਿਣਾ ਨਹੀਂ ਜੀ ! ਏਨਾਂ ਦਸ ਦਿਉ ਸਲੈਕਸ਼ਨ ਦਾ ਕੁਝ ਹੋਵੇਗਾ ਵੀ ਕਿ ਨਹੀਂ, ਮੈਂ ਛੇਤੀ ਪਿਛੇ ਮੁੜਨਾ ਏ।

ਕਲਰਕ : ਗਲ ਸੁਣੋ ! ਇੰਟਰਵੀਊ ਤਾਂ ਤੁਹਾਡੀ ਬਹੁਤ ਵਧੀਆ ਹੋ ਗਈ ਏ ਤੇ ਅਫਸਰ ਤੁਹਾਡੇ ਜਵਾਬਾਂ ਤੋਂ ਬੜੇ ਪ੍ਰਭਾਵਤ ਹੋਏ ਨੇ ਪਰ ...

ਅਰਜੁਨ : ਪਰ ਕੀ ?

ਕਲਰਕ : ਦਸ ਦੇਂਦੇ ਹਾਂ, ਪਰ ਤੁਸੀਂ ਕੁਝ ਲਿਆਏ ਵੀ ਕਿ ਨਹੀਂ।

ਅਰਜੁਨ : ਕੀ ਮਤਲਬ ?

ਕਲਰਕ : ਫਾਈਲ ਤਾਂ ਮੈਂ ਝੰਡੀਆਂ ਲਾ ਕੇ ਤਿਆਰ ਕਰ ਛੱਡੀ ਏ ਹੁਣ ਸੁਪਰੀਡੈਂਟ ਕੋਲ ਜਾਣੀ ਏ, ਸੋ ਉਸ ਨੂੰ ਪਹੀਏ ਲਗਣੇ ਬਾਕੀ ਰਹਿ ਗਏ ਨੇ ਯਾਨੀ ਕਿ ਵੀਲ੍ਹ।

ਅਰਜੁਨ : ਮੇਰੇ ਕੋਲ ਜੋ ਕੁਝ ਵੀ ਏ ਉਹ ਤੁਹਾਡੇ ਸਾਹਮਣੇ ਏ।

ਕਲਰਕ : ਆਹ ਤੀਰ ਸੋਨੇ ਦੇ ਨੇ ਕਿ ਕੇਵਲ ਸੁਨਹਿਰੀ ?

ਅਰਜੁਨ : ਤੁਹਾਨੂੰ ਪਸੰਦ ਨੇ ਤਾਂ ਤੁਸੀਂ ਰਖ ਲਉ ਮੈਂ ਹੋਰ ਬਣਾ ਲਵਾਂਗਾ।

ਕਲਰਕ : (ਤੀਰ ਸੰਭਾਲ ਕੇ) ਅਰਜਨ ਸਾਹਿਬ ਤੁਸੀਂ ਬਿਲਕੁਲ ਫਿਕਰ ਨਾ ਕਰੋ। ਤੁਹਾਡਾ ਕੰਮ ਪਰਸੋਂ ਜ਼ਰੂਰ ਹੋ ਜਾਵੇਗਾ। ਤੁਸੀਂ ਸੁਪਰੀਡੈਂਟ ਸਾਹਿਬ ਕੋਲ ਆ ਕੇ ਆਰਡਰ ਲੈ ਜਾਣਾ।

[ਫੇਡ ਆਊਟ ਤੇ ਫੇਡ ਇਨ, ਸੁਪਰੀਡੈਂਟ ਦਾ ਕਮਰਾ]

ਅਰਜੁਨ : ਸਰ ਮੈਂ ਆਪਣੇ ਨੌਕਰੀ ਦੇ ਸਬੰਧ ਵਿਚ ਆਇਆ ਸੀ !

ਸਾਹਿਬ : ਓ ਤੁਸੀਂ ਅਰਜੁਨ ਹੋ। ਮੈਨੂੰ ਕਲਰਕ ਨੇ ਕੇਸ ਸਮਝਾ ਦਿੱਤਾ ਸੀ। ਤੁਸੀਂ ਸੌਖੀ ਹੋ ਕੇ ਬੈਠ ਜਾਉ, ਆਹ ਕਮਾਨ ਲਾਹ ਕੇ ਮੇਜ਼ ਤੇ ਰਖ ਲਓ। ਤੰਗ ਹੋ ਰਹੇ ਹੋਵੋਗੇ।

ਅਰਜੁਨ : ਜੀ ਸ਼ੁਕਰੀਆ। ਪਰ ਜੀ ਤੁਹਾਡੇ ਸੁਭਾਅ ਤੋਂ ਉਲਟ ਕਲਰਕ ਬੜਾ ਮਤਲਬੀ ਤੇ ਰੁਖਾ ਏ ਕਹਿਣ ਲਗਾ ਫਾਈਲ ਨੂੰ ਪਹੀਏ ਲਗਣਗੇ ਤਾਂ ਅਗੇ ਤੁਰੇਗੀ।

ਸਾਹਿਬ : ਓ ਜੀ ਸ਼ੁਕਰ ਕਰੋ। ਤੁਹਾਡਾ ਕੰਮ ਦੋ ਦਿਨਾਂ ਵਿਚ ਉਸ ਨੇ ਕਰ ਦਿੱਤਾ ਨਹੀਂ ਤਾਂ ਡੀਲੀਂਗ ਹੈਂਡ ਚਾਹਵੇ ਤਾਂ ਮਹੀਨਾ-ਮਹੀਨਾ ਫਾਇਲ ਦਾ ਪਤਾ ਹੀ ਨਹੀਂ ਲਗਦਾ। ਲਗਦਾ ਏ ਤੁਹਾਡੀ ਸਾਦਗੀ ਤੇ ਤਰਸ ਖਾ ਲਿਆ ਏ ਉਸ।

ਅਰਜੁਨ : ਹੁਣ ਮੇਰਾ ਕੰਮ।

ਸਾਹਿਬ : ਕੰਮ ਤੇ ਹੁੰਦੇ ਰਹਿਣਗੇ। ਆਹ ਕਮਾਨ ਬੜਾ ਸੋਹਣਾ ਏ ਤੇ ਇਸਦੇ ਤੀਰ?

ਅਰਜੁਨ : ਜੀ ਤੀਰ ਤਾਂ ਚਲ ਚੁਕੇ ਨੇ।

ਸਾਹਿਬ : ਹੁਣ ਇਕਲਾ ਕਮਾਨ ਚੁਕਣਾ ਸ਼ੋਭਦਾ ਨਹੀਂ।

ਅਰਜੁਨ : ਬਸ ਜੀ ਮੈਨੂੰ ਆਰਡਰ ਫੜਾਉ ਤੀਰ ਆਪੇ ਆ ਜਾਣਗੇ ਹੋਰ।

ਸਾਹਿਬ : ਆਰਡਰ ਤਾਂ ਤੁਹਾਡੇ ਤਿਆਰ ਨੇ ਪਰ ਮੇਰੀ ਸਟੈਨੋ ਦੋ ਦਿਨ ਲਈ ਛੁਟੀ ਗਈ ਹੈ। ਪਰਸੋਂ ਆ ਕੇ ਆਪਣੇ ਆਰਡਰ ਵੀ ਲੈ ਜਾਣਾ ਆਹ ਕਮਾਨ ਇਥੇ ਰਖ ਜਾਉ ਕਿਥੇ ਚੁਕੀ ਫਿਰੋਗੇ। ਜਾਉ ਜਾ ਕੇ ਘਰ ਦਿਆਂ ਨੂੰ ਟੈਲੀਗਰਮ ਕਰ ਦਿਉ।

[ਅਰਜੁਨ ਬਾਹਰ ਜਾਂਦਾ ਹੈ। ਸਾਹਿਬ ਕਮਾਨ ਨੂੰ ਚੁਕਕੇ ਮੇਜ਼ ਹੇਠਾਂ ਲੁਕਾ ਲੈਂਦਾ ਹੈ। ਫੇਡ ਆਊਟ]

## ਦ੍ਰਿਸ਼ ਤੀਸਰਾ

[ਕਿਸੇ ਹੋਟਲ ਦੀ ਰੀਸੈਪਸ਼ਨ ਦਾ ਮੇਜ਼ ਪਿਆ ਹੈ। ਮੈਨੇਜਰ ਤੇ ਇਕ ਬਹਿਰਾ ਖੜੇ ਹਨ]

ਬਹਿਰਾ : ਸਰ! ਤੀਰ ਕਮਾਨ ਵਾਲੇ ਆਦਮੀ ਦਾ ਬਿੱਲ ਬਹੁਤ ਜਮ੍ਹਾਂ ਹੋ ਗਿਆ ਏ। ਰੋਜ਼ ਅੱਜ ਕਲ੍ਹ ਕਰ ਛਡਦਾ ਏ। ਉਸ ਦਾ ਕੀ ਕਰਨਾ ਏ?

ਮੈਨੇਜਰ : ਠੀਕ ਏ ਤੂੰ ਉਸ ਨੂੰ ਬੁਲਾ ਕ ਲਿਆ।

ਬਹਿਰਾ : ਉਹ ਤਾਂ ਅਜ ਸਵੇਰੇ ਦਾ ਗਿਆ ਹੋਇਆ ਹੈ

ਮੈਨੇਜਰ : ਅੱਛਾ ਫਿਰ ਜਦੋਂ ਆ ਜਾਵੇ ਤਾਂ ਮੇਰੇ ਕੋਲ ਭੇਜ ਦੇਵੀਂ।

ਬਹਿਰਾ : ਲਓ ਜਨਾਬ ਉਹ ਤੁਰਿਆ ਆ ਰਿਹਾ ਏ...ਕੀ ਗੱਲ ਏ ਸਰ ਅਜ ਬੜੇ ਉਦਾਸ ਲਗਦੇ ਹੋ?

ਅਰਜੁਨ : ਉਹ...

ਮੈਨੇਜਰ : ਸਰ, ਵੇਟਰ ਦਸ ਰਿਹਾ ਏ ਕਿ ਤੁਹਾਡਾ ਬਿੱਲ ਬਹੁਤ ਜਮਾਂ ਹੋ ਗਿਆ ਏ

ਅਰਜੁਨ : ਮੈਂ ਇਸ ਨੂੰ ਦਸਿਆ ਹੈ ਕਿ ਕੱਲ ਮੈਨੂੰ ਨੌਕਰੀ ਦੇ ਆਰਡਰ ਮਿਲਣ ਵਾਲੇ ਨੇ, ਮੈਂ ਉਸ ਵਕਤ ਹੀ ਪੈਸੇ ਦੇ ਦੇਵਾਂਗਾ।

ਬਹਿਰਾ : ਪਰ ਜਨਾਬ ਤਨਖਾਹ ਤੇ ਮਹੀਨੇ ਬਾਅਦ ਮਿਲੇਗੀ ਤੇ ਅਸੀਂ ਮਹੀਨਾ ਉਡੀਕਾਂਗੇ?

ਮੈਨੇਜਰ : ਦੇਖੋ ਸ੍ਰੀ ਮਾਨ ਜੀ ਅਜ ਪਿਛਲਾ ਹਿਸਾਬ ਕਰ ਦਿਉ ਅਗਲਾ ਫਿਰ ਸਹੀ।

ਅਰਜੁਨ : ਪਰ ਮੇਰੇ ਕੋਲ ਐਸ ਵਕਤ ਕੋਈ ਨਕਦੀ ਨਹੀਂ ਹੈ।

ਮੈਨੇਜਰ : ਸੌਰੀ ਮੈਂ ਕੁਝ ਨਹੀਂ ਕਰ ਸਕਦਾ ਤੁਸੀਂ ਜਿਵੇਂ ਮਰਜ਼ੀ ਪ੍ਰਬੰਧ ਕਰੋ।

ਅਰਜੁਨ : ਮੇਰਾ ਤਾਂ ਇਥੇ ਵਾਕਿਫ਼ ਵੀ ਕੋਈ ਨਹੀਂ।



ਬਾਹਿਰਾ : ਫਿਰ ਅਸੀਂ ਕੀ ਕਰ ਸਕਦੇ ਹਾਂ?

ਮੈਨੇਜਰ : ਤੁਸੀਂ ਆਪਣਾ ਸਮਾਨ ਸਾਡੇ ਕੋਲ ਅਮਾਨਤ ਵਜੋਂ ਰੱਖ ਦਿਉ। ਪੈਸੇ ਅਦਾ ਕਰਕੇ ਵਾਪਸ ਲੈ ਲੈਣਾ।

ਅਰਜੁਨ : ਮੇਰੇ ਕੋਲ਼ ਸਮਾਨ ਵੀ ਕੁਝ ਨਹੀਂ।

ਬਾਹਿਰਾ : ਐ ਮੁਕਟ ਜੂ ਏ ਸਿਰ ਤੇ ਸਜਾਇਆ। ਲਿਆ ਫੜਾ ਤੂੰ ਕਿਹੜਾ ਸਿੰਘਾਸਨ ਤੇ ਬਹਿਣਾ ਏਂ?

[ਮੁਕਟ ਨੂੰ ਹੱਥ ਪਾਉਂਦਾ ਹੈ]

ਮੈਨੇਜਰ : ਵੇਟਰ! ਆਖਿਰ ਇਹ ਸਾਡੇ ਮਹਿਮਾਨ ਨੇ, ਏਸ ਤਰ੍ਹਾਂ ਹੱਥ ਪਾਉਣਾ ਠੀਕ ਨਹੀਂ।

ਬਹਿਰਾ : ਗੁਸਤਾਖੀ ਮੁਆਫ਼ ਸਰ! ਸੌਰੀ ਸਰ!

ਅਰਜੁਨ : ਔਹ ਲਓ ਸੰਭਾਲ ਕੇ ਰਖਣਾ ਕੀਮਤੀ ਏ ਮੇਰੇ ਵੱਡਿਆਂ ਦੀ ਨਿਸ਼ਾਨੀ।

[ਕਮਰੇ ਵੱਲ ਨੂੰ ਤੁਰ ਪੈਂਦਾ ਹੈ। ਮਗਰੋਂ ਧੋਬੀ ਆਉਂਦਾ ਹੈ।]

ਧੋਬੀ : ਅਰੇ ਸਾਹਿਬ ਹਮਰਾ ਹਿਸਾਬ ਭੀ ਕਰ ਦਿਓ ਨਾ ਤਿਨਕ।

ਅਰਜੁਨ : ਭਈਆ ਮੈਨੂੰ ਤੰਗ ਨਾ ਕਰ।

ਧੋਬੀ : ਹਮ ਕਾਹੇ ਕੋ ਤੰਗ ਕਰੇਗਾ ਜੀ ਤੁਮ ਕੋ। ਪਰ ਜੀ ਕਪੜੋਂ ਕੀ ਧੁਲਾਈ, ਮਾਵਾ ਲਗਾਈ ਔਰ ਵੱਟ ਕਢਾਈ ਸਭੀ ਕੁਛ ਮਿਲਾਕੇ ਪਚਾਸ ਰੁਪਏ ਬਣਾ ਸਾਹਿਬ...

ਅਰਜੁਨ : ਪਰ ਏਨੇ ਪੈਸੇ?

ਧੋਬੀ : ਸਾਹਿਬ ਕਾਮ ਭੀ ਤੋ ਆਪ ਅਰਜੈਂਟ ਮੇਂ ਕਰਾਤਾ ਥਾ। ਕਹਿਤਾ ਥਾ ਅਭੀ ਚਾਹੀਏ ਤੋ ਫਿਰ ਡਬਲ ਪੈਸਾ ਲਗਨਾ ਹੀ ਥਾ। ਹਮ ਕੋਈ ਕਰਜ਼ ਥੋੜੀ ਮਾਂਗ ਰਹੇ ਹੈਂ, ਆਪਣੀ ਮੇਹਨਤ ਮਾਂਗਤੇ ਹੈ।

[ਅਰਜੁਨ ਚੁਪ ਚਾਪ ਆਪਣੀ ਖੜਾਵਾਂ ਉਤਾਰਕੇ ਬਾਹਰ ਨੂੰ ਤੁਰ ਪੈਂਦਾ ਹੈ ਧੋਬੀ ਖੜਾਵਾਂ ਚੁਕਦਾ ਹੈ।]

ਧੋਬੀ : ਚਲੋ ਜਾਤੇ ਚੋਰ ਕੀ ਲੰਗੋਟੀ ਹੀ ਸਹੀ।

## ਦ੍ਰਿਸ਼ ਚੌਥਾ

[ਅਰਜੁਨ ਦੂਰੋਂ ਹੀ ਗੁੱਸੇ ਵਿਚ ਚਘਾੜਦਾ ਆਉਂਦਾ ਹੈ]

ਅਰਜੁਨ : ਮੈਂ ਸਭ ਨੂੰ ਵੇਖ ਲਵਾਂਗਾ—ਲੁਟੇਰੇ ਨੇ ਸਭ। ਮੈਂ ਸਭ ਤੋਂ ਵੱਡੇ ਅਫ਼ਸਰ ਨੂੰ ਮਿਲਾਂਗਾ। ਰਾਜ ਦੇ ਮੁਖੀ ਨੂੰ ਮਿਲਾਂਗਾ। ਮੈਂ ਸਭ ਦੇ ਪੋਲ ਖੋਲ੍ਹਕੇ ਰਖ ਦਿਆਂਗਾ। ਇਹ ਸਮਝਦੇ ਕੀ ਨੇ। ਮੈਂ ਕਿਸੇ ਨੂੰ ਨਹੀਂ ਛਡਾਂਗਾ। ਮੇਰਾ ਹੱਕ, ਮੇਰੀ ਰੋਜ਼ੀ ਮਾਰਨ ਵਾਲੇ, ਸਭ ਫਨਾਹ ਕਰ ਦਿਆਂਗਾ। ਤੀਰਾਂ ਨਾਲ ਵਿੰਨ੍ਹ ਸੁਟਾਂਗਾ। ਨਿਕਲੋ ਬਾਹਰ।

[ਦਫ਼ਤਰ ਦਾ ਇਕ ਕਰਮਚਾਰੀ ਆ ਕੇ ਅਰਜੁਨ ਨੂੰ ਰੋਕਦਾ ਹੈ]

ਕਰਮਚਾਰੀ : ਠਹਿਰ ਜਾ ਤੂੰ ਅੰਦਰ ਨਹੀਂ ਜਾ ਸਕਦਾ। ਅੰਦਰ ਸਰਕਾਰ ਦੀ ਹੰਗਾਮੀ

ਮੀਟਿੰਗ ਚਲ ਰਹੀਏ। ਜੇ ਬਹੁਤ ਰੌਲਾ ਪਾਇਆ ਤਾਂ ਅਮਨ ਭੰਗ ਕਰਨ ਦੇ ਜੁਰਮ ਵਿਚ ਬੰਦ ਕਰ ਦਿੱਤਾ ਜ ਏਂਗਾ ।

ਅਰਜੁਨ : ਮੈਨੂੰ ਰੋਕ ਨਾ। ਅਜ ਜੋ ਵੀ ਮੇਰੇ ਰਾਹ ਵਿਚ ਆਇਆ ਉਸ ਨੂੰ ਕੁਚਲ ਕੇ ਰਖ ਦੇਵਾਂਗਾ। ਬਇਮਾਨ ਨੇ ਸਭ – ਨਿੱਕੇ ਤੋਂ ਲੈ ਕੇ ਵੱਡੇ ਤਕ। ਮੇਰੇ ਤੀਰ ਕਿਥੇ ਨੇ ? ਮੇਰੇ ਤੀਰ ਵਾਪਸ ਕਰੋ। ਮੈਂ ਕਿਸੇ ਨੂੰ ਨਹੀਂ ਛਡਾਂਗਾ।

[ਕਲਰਕ ਤੇ ਸੁਪਰੀਡੈਂਟ ਆ ਕੇ ਉਸਨੂੰ ਲੱਤਾਂ ਬਾਹਾਂ ਤੋਂ ਫੜ ਲੈਂਦੇ ਹਨ।]

ਅਰਜੁਨ : ਮੈਂ ਅਰਜੁਨ ਹਾਂ, ਅਰਜੁਨ।

ਸਾਰੇ : ਪਾਗਲ ਹੋ ਗਿਆ ਏ।

ਅਰਜੁਨ : ਨਹੀਂ ਮੈਂ ਪਾਗਲ ਨਹੀਂ। ਮੈਂ ਅਰਜੁਨ ਹਾਂ ਹਸਤਨਾਪੁਰ ਵਾਸੀ— ਮਾਹਿਰ ਨਿਸ਼ਾਨੇਬਾਜ਼, ਜਿਸ ਦੇ ਤੀਰ ਤੂੰ ਲਏ ਜਿਸ ਦਾ ਕਮਾਨ ਤੁਸਾਂ ਧੋਖੇ ਨਾਲ ਰਖ ਲਿਆ। ਤੁਸੀਂ ਲੋਕ ਮੱਕਾਰ ਹੋ।

[ਤਿੰਨੇ ਅਫਸਰ ਬਾਹਰ ਆਉਂਦੇ ਹਨ।]

ਅਰਜੁਨ : ਤੁਸਾਂ ਮੇਰੀ ਇੰਟਰਵਿਊ ਲਈ ਸੀ। ਕੀ ਦੋਸ਼ ਦੇਖਿਆ ਸੀ ਮੇਰੇ ਵਿਚ ? ਮੈਂ ਅਰਜਨ ਹਾਂ। ਮਾਹਿਰ ਨਿਸ਼ਾਨੇ ਬਾਜ਼ ਅਰਜੁਨ।

ਅਫ਼ਸਰ ਪਹਿਲਾ : ਓਏ ਤੂੰ ਅਰਜਨ ਏਂ ?

ਦੂਸਰਾ : ਆਪਣੀ ਸ਼ਕਲ ਵੇਖੀ ਊ ਸ਼ੀਸ਼ੇ ਵਿਚ ?

ਤੀਸਰਾ : ਨਾ ਤੇਰੇ ਕੋਲ ਤੀਰ, ਨਾ ਕਮਾਨ।

ਪਹਿਲਾ : ਨਾ ਮਕਟ ਤੇ ਨਾ ਖੜਾਵਾਂ। ਸਿਰਫ ਧੋਤੀ ਹੀ ਧੋਤੀ।

ਦੂਸਰਾ : ਤੂੰ ਕੋਈ ਧੋਖੇਬਾਜ਼ ਏਂ। ਦਹਿਸ਼ਤ ਫੈਲਾਉਣ ਵਾਲਾ।

ਦੂਸਰਾ : ਅਮਨ ਭੰਗ ਕਰਨ ਵਾਲਾ, ਦੰਗਾ ਫਸਾਦ ਕਰਨ ਵਾਲਾ।

ਤਿੰਨੇ : ਇਸ ਨੂੰ ਧੱਕੇ ਮਾਰਕੇ ਬਾਹਰ ਕਢ ਦਿੱਤਾ ਜਾਏ।

[ਅਰਜੁਨ ਹੌਲੀ ਹੌਲੀ ਏਸ ਦੌਰਾਨ ਬੇਹੋਸ਼ ਹੋ ਰਿਹਾ ਹੈ। ਕਰਮਚਾਰੀਆਂ ਦੀਆਂ ਬਾਹਾਂ ਵਿਚ ਲਟਕ ਜਾਂਦਾ ਹੈ। ਲੱਤਾਂ ਨੂੰ ਕਰਮਚਾਰੀ ਚੁੱਕਦਾ ਹੈ ਅਤੇ ਗੀਤ ਸ਼ੁਰੂ ਹੁੰਦਾ ਹੈ]

ਗੀਤ ਦੇ ਬੋਲ : ਅਰਜੁਨ ਭੋਲਾ ਅਜੇ ਨਾ ਸਮਝਿਆ, ਏਸੇ ਲਈ ਤੇ ਭਟਕ ਰਿਹਾ ਏ।
ਆਪ ਨਾ ਵਰਤੇ ਆਪਣੀ ਸੋਝੀ, ਕਿਉਂ ਵਿਚਕਾਲੇ ਲਟਕ ਰਿਹਾ ਏ।
ਅਰਜੁਨ ਦਾ ਦੁਖ ਸਮਝ ਲੋਕੋ, ਐਵੇਂ ਅਰਜੁਨ ਮਾਰੋ ਨਾ।
ਆਪਣੇ ਹੱਥੀਂ ਆਪਣੇ ਮਾਹਿਰ, ਅਰਜੁਨ ਵਾਂਗ ਉਜਾੜੋ ਨਾ।

□



# ਸੱਤੇ ਕੁਆਰੀਆਂ

ਸੁਖਦੇਵ ਪ੍ਰੀਤ

(ਰਾਜਿੰਦਰ ਕੌਰ ਦੀ ਕਹਾਣੀ ਤੇ ਆਧਾਰਿਤ)

**ਪਾਤਰ :**

ਗੁਣੀ ਦੀਦੀ : 30 ਸਾਲ, ਈਸ਼ : 28, ਰਾਜੀ : 28, ਜੀਤੀ : 28, ਦੇਵੀ : 28, ਮੀਨਾ : 26 ਤੇ ਇੰਦਰਾ : 26,

[ਇਹ ਇਕੋ ਕਮਰੇ ਵਿਚ ਰਹਿੰਦੀਆਂ ਸੱਤ ਕੁੜੀਆਂ ਹਨ ਜੋ ਵੱਖ-ਵੱਖ ਦਫਤਰਾਂ ਵਿਚ ਕੰਮ ਕਰਦੀਆਂ ਹਨ ]

[ਰੋਸ਼ਨੀ ਇਕ ਕਮਰੇ ਤੇ ਪੈਂਦੀ ਹੈ ਇਕ ਪਾਸੇ ਮੇਜ਼, ਇਕ ਪਾਸੇ ਬੈੱਡ ਅਤੇ ਬਿਲਕੁਲ ਸੈਂਟਰ ਵਿਚ ਡਰੈਸਿੰਗ ਟੇਬਲ ਪਿਆ ਹੈ। ਕੰਧ ਨਾਲ ਇਕ ਢੋਲਕੀ ਟੰਗੀ ਹੋਈ ਐ। ਦੇਵੀ ਭੁੰਜੇ ਬੈਠੀ ਸਿਰ ਵਾਹ ਰਹੀ ਐ। ਰੱਜੀ ਵਾਹ ਰਹੀ ਹੈ। ਰੱਜੀ ਦਾ ਸਿਰ ਜੀਤੀ ਵਾਹ ਰਹੀ ਐ। ਜੀਤੀ ਦਾ ਇੰਦਰ...ਸਾਰੀਆਂ ਇਕ ਦੂਜੀ ਤੋਂ ਉਪਰ ਖੜੀਆਂ ਸਿਰ ਵਾਹ ਰਹੀਆਂ ਨੇ। ਗੁਣੀ ਦੀਦੀ ਮੇਜ਼ ਤੇ ਬੈਠੀ ਲਿਖ ਰਹੀ ਐ। ਮੀਨਾ ਬੈੱਡ ਤੇ ਮੂਧੀ ਪਈ ਪੈਰ-ਤਾਲੀ ਵਜਾ ਰਹੀ ਐ ਤੇ ਈਸ਼ ਸ਼ੀਸ਼ੇ ਅੱਗੇ ਖੜੀ ਸਿਰ ਵਾਹ ਰਹੀ ਐ, ਨਾਲੇ ਗੁਣ-ਗੁਣਾ ਰਹੀ ਹੈ। ਪਿੱਛੋਂ ਆਵਾਜ਼ ਆਉਂਦੀ ਹੈ ਸਾਰੀਆਂ ਸਟਿੱਲ ਹੋ ਜਾਂਦੀਆਂ ਨੇ।]

ਪਿਛੋਂ ਆਵਾਜ਼ : ਇਹ ਨੇ ਸੱਤ...ਸੱਤੇ ਕੁਆਰੀਆਂ...ਤੇ ਸੱਤੇ ਜੁਆਨ। ਪਰ ਇਨ੍ਹਾਂ ਨੂੰ ਹਾਲੇ ਤੀਕ ਪ੍ਰਾਹੁਣੇ ਨਸੀਬ ਨਹੀਂ ਹੋਏ। ਇਹ ਸਾਰੀਆਂ ਭੈਣਾਂ...ਨਹੀਂ, ਸਹੇਲੀਆਂ ? ਨਹੀਂ ਸਹੇਲੀਆਂ ਵੀ ਨਹੀਂ...ਇਹ ਤਾਂ ਬੱਸ ਸੱਤ ਕੁੜੀਆਂ ਨੇ...ਇਹ ਇਕੱਲੀਆਂ ਰਹਿੰਦੀਆਂ ਨੇ ਪਰ ਆਮ ਤੌਰ ਤੇ ਸ਼ਾਮ ਨੂੰ ਇਕੱਠੀਆਂ ਹੁੰਦੀਆਂ ਨੇ ਜਾਂ ਫਿਰ...ਐਤਵਾਰ ਜਾਂ ਕਿਸੇ ਹੋਰ ਛੁੱਟੀ ਵਾਲੇ ਦਿਨ ਇਨ੍ਹਾਂ ਦਾ ਸਾਰਾ ਦਿਨ ਇਕੱਠੀਆਂ ਦਾ ਗੁਜ਼ਰਦਾ ਹੈ। ਸਾਰਾ ਦਿਨ ਇਹ ਆਪਣੇ ਆਫਿਸਾਂ ਵਿਚ ਕੰਮ ਕਰਦੀਆਂ ਨੇ ਤੇ ਸ਼ਾਮ ਨੂੰ ਵਿਹਲੀਆਂ ਬਹਿ ਆਪਣੀ ਮਜਲਿਸ ਲਾ ਬਹਿੰਦੀਆਂ ਨੇ...ਤੇ ਅੱਜ ? ਅੱਜ ਇਹ ਛੁੱਟੀ ਮਨਾ ਰਹੀਆਂ ਨੇ।

ਸ਼ : ਨੀ ਛੱਡੋ ਇਹ ਮੀਢੀਆਂ ਪੱਟਣੀਆਂ, ਤੁਹਾਨੂੰ ਕਿਹੜਾ ਕਿਸੇ ਵੇਖਣ ਆਉਣੈ।

ਵੀ : ਨੀ ਈਸ਼ ਤੂੰ ਜਿਹੜੀ ਡੇਢ ਘੰਟੇ ਦੀ ਸ਼ੀਸ਼ੇ ਮੂਹਰੇ ਖੜੀ ਐਂ ਤੈਨੂੰ ਵੇਖਣਾ

ਐਣੇ ?

ਗੁਣੀ : ਨਾ ਜੇ ਹੁਣ ਕਿਜੇ ਕੰਜਰ ਨੇ ਵੇਖਣ ਆਉਣਾ ਈ ਨਹੀਂ, ਤਾਂ ਆਪਾਂ ਆਪਣਾ ਝਾਟਾ ਖਲਾਰ ਛੱਡੀਏ ?

ਮੀਨਾ : (ਪਲੰਘ ਤੋਂ ਉਛਲ ਕੇ) ਨੀ ਆਓ ਭਾਬੀ ਖੇਡੀਏ !...

ਰਾਜੀ : ਇਹ ਠੀਕ ਐ ਤੁਸੀਂ ਤਾ ਸਵੇਰ ਦਾ ਬੋਰ ਕਰ ਛੱਡਿਆ।

ਜੀਤੀ : ਅੱਛਾ ਬੋਰ ਕਰ ਛੱਡਿਆ... ਮਹਾਂ ਰਾਣੀ ਵਿਕਟੋਰੀਆ ਨੂੰ।

ਇੰਦਰਾ : (ਟਾਟ ਵਿਛਾਉਂਦਿਆਂ) ਆਓ ਆਪੋ-ਆਪਣੀ ਥਾਂ ਮੱਲ ਲਓ।

ਬਾਕੀ ਸਾਰੀਆਂ : ...ਚਲੋ...!

[ਸਾਰੀਆਂ ਗੋਲ ਦਾਇਰੇ 'ਚ ਬੈਠਦੀਆਂ ਹਨ। ਦੇਵੀ ਤਾਸ਼ ਦੀਆਂ ਢੇਰੀਆਂ ਬਣਾਉਂਦੀ ਐ]

ਦੇਵੀ : ਚਲੋ ਚੁੱਕੋ ਆਪੋ-ਆਪਣੀ ਢੇਰੀ, ਦਲੋ ਇਕ ਦੋ ਤਿੰਨ।

[ਸਾਰੀਆਂ ਹਫੜਾ-ਦਫੜੀ ਨਾਲ ਚੁਕਦੀਆਂ ਨੇ]

ਦੇਵੀ : ਲਓ...ਐਹ ਰਿਹਾ ਕਾਲੂ ਬੌਸ, ਹੁਕਮ ਦਾ ਯੱਕਾ।

ਰਾਜੀ : ਆਹ ਰਹੀ ਬੇਗਮ !

ਜੀਤੀ : ਤੇ ਆਹ ਲੈ ਬੇਗਮ ਦਾ ਬਾਦਸ਼ਾਹ।

ਇੰਦਰ : ਐਹ ਰਿਹਾ ਸਭ ਦਾ ਗੁਲਾਮ।

ਈਸ਼ : ਆਹ ਲਓ ਸੱਤੀ।

ਮੀਨਾ : ਤੇ ਮੇਰੀ ਦੁੱਕੀ।

ਗੁਣੀ ਦੀਦੀ : ਤੇ ਆਹ ਰਿਹੈ ਨਿਊ ਯੀਅਰ ਗਿਫਟ ਯਾਨੀ ਕਿ ਠੋਲ੍ਹਾ।

ਦੇਵੀ : ਉਹ ਦੀਦੀ, ਇਟ ਇਜ਼ ਵੈਰੀ ਬੈਡ।

[ਕੁਝ ਚਿਰ ਖੇਡਦੀਆਂ ਹਨ। ਪਿੱਛੋਂ ਹਲਕਾ-ਹਲਕਾ ਸੰਗੀਤ ਚਲਦਾ ਹੈ।]

ਈਸ਼ : ਬਣਗੀ (ਉਛਲ ਕੇ) ਤੇ ਬਣਗੀ ਦੇਵੀ ਸਭ ਦੀ ਭਾਬੀ।

[ਦੇਵੀ ਪੱਤੇ ਪਰ੍ਹੇ ਵਗਾਹ ਮਾਰਦੀ ਹੈ। ਸਾਰੀਆਂ ਉਸਨੂੰ ਭਾਬੀ ਕਹਿਕੇ ਛੇੜਦੀਆਂ ਹਨ ਤੇ ਤੰਗ ਕਰਦੀਆਂ ਹਨ। ਮੀਨਾ ਅੰਦਰੋਂ ਕੰਬਲ ਚੁਕ ਲੈ ਆਉਂਦੀ ਹੈ]

ਮੀਨਾ : ਲਓ ਐਹ ਭਾਬੀ ਦੀ ਫੁਲਕਾਰੀ।

[ਦੇਵੀ ਉਤੇ ਦੇਂਦੀਆਂ ਹਨ]

ਦੇਵੀ : ਨੀ ਬਿਮਾਰੀਓ ਮਾਰਨਾ ਜੇ ਮੈਨੂੰ, ਐਨੀ ਗਰਮ ਐ।

ਇੰਦਰ : ਕੋਈ ਨਹੀਂ ਮਰੇ ਹਾਥੀ ਦਾ ਵੀ ਮੁੱਲ ਪੈ ਜਾਂਦੈ।

ਰਾਜੀ : ਨੀ ਦੇਵੀ ਦੀਏ ਬੱਚੀਏ ਕੱਢ ਗਿਆਰਾਂ ਰੁਪਏ...ਭਾਬੀ ਬਣਨੇ ਦਾ ਸ਼ਗਨ।



ਜੀਤੀ : (ਧੱਫਾ ਮਾਰਦੇ ਹੋਏ) ਕੱਢ ਵੀ...ਸਮੋਸੇ ਮੰਗਵਾ ਲਈਏ ਨਾਲੇ ਗਰਮ-ਗਰਮ ਚਾਹ

ਈਸ਼ : ਮੰਗਵਾਉਨੇ ਆਂ, ਜਾਹ ਪਹਿਲਾਂ ਜਾ ਕੇ ਹਲਵਾਈ ਨੂੰ ਮੂੰਹ ਦਾ ਸਾਈਜ਼ ਦੇ ਆ।

[ਸਾਰੀਆਂ ਹੱਸਦੀਆਂ ਹਨ। ਜੀਤ, ਈਸ਼ ਦੇ ਪਿਛੇ ਭੱਜਦੀ ਹੈ, ਹੰਭ ਕੇ ਦੋਵੇਂ ਖਲੋ ਜਾਂਦੀਆਂ ਹਨ।]

ਦੇਵੀ : ਛੱਡੋ ਨੀ ਦੌੜ-ਭੱਜ...ਚੱਲ ਈਸ਼ ਗੀਤ ਸੁਣਾ।

ਗੁਣੀ : ਵਾਹ, ਪੈਸੇ ਦੇਣ ਦੀ ਮਾਰੀ ਅਖੇ ਗੀਤ ਸੁਣਾ।

ਦੇਵੀ : ਦੀਦੀ ਕਿਤੇ ਨਹੀਂ ਭੱਜ ਜਾਂਦੀ ਮੈਂ, ਇਨ੍ਹਾਂ ਪੈਸੇ ਲੈ ਕੇ ਈ ਜਾਨ ਛੱਡਣੀ ਐ

[ਈਸ਼ ਮੇਜ਼ ਉਪਰ ਬੈਠੀ ਗੀਤ ਸ਼ੁਰੂ ਕਰਦੀ ਐ]

ਈਸ਼ : ਜਾਏਂ ਤੋਂ ਜਾਏਂ ਕਹਾਂ, ਸਮਝੇਗਾ ਕੌਣ ਯਹਾਂ, ਦਰਦ ਭਰੇ ਦਿਲ ਕੀ ਜ਼ੁਬਾਂ...ਜਾਏਂ ਤੋਂ ਜਾਏਂ ਕਹਾਂ ?

ਦੇਵੀ : (ਉਦਾਸ ਸਵਰ 'ਚ)...ਆਪਾਂ ਜਾਈਏ ਤੇ ਜਾਈਏ ਕਿਥੇ ?

[ਕੁਝ ਪਲ ਉਦਾਸੀ। ਰੱਜੀ ਤੇਜ਼ੀ ਨਾਲ ਉਠਕੇ ਕੰਧ ਤੋਂ ਢੋਲਕੀ ਲਾਹ ਕੇ ਦੇਵੀ ਨੂੰ ਦਿੰਦੀ ਹੈ ਤੇ ਆਪ ਬੋਲੀ ਪਾਉਂਦੀ ਹੈ। ਸਟੇਜ ਗਿੱਧੇ ਦੇ ਪਿੜ ਦਾ ਰੂਪ ਧਾਰਨ ਕਰ ਜਾਂਦੀ ਹੈ]

ਰੱਜੀ : ਬੱਲੇ-ਬੱਲੇ ਬਈ ਲੱਭਦਾ ਨਾ ਹਾਣ ਦਾ ਮੁੰਡਾ, ਮੇਰੇ ਬਾਪੂ ਨੇ ਘਸਾ ਲਈਆਂ ਜੁਤੀਆਂ...

ਜੀਤ : ਬੱਲੇ-ਬੱਲੇ, ਬਈ ਮੁੰਡੇ ਇਥੇ ਮੁਲ ਵਿਕਦੇ...ਦਿਓ ਬੋਲੀ ਤੇ ਬਣਾ ਲਓ ਸੌਦਾ... ਨੀ ਮੁੰਡੇ ਇਥੇ...।

ਇੰਦਰ : ਬਾਰੀਂ ਬਰਸੀਂ ਖੱਟਣ ਗਿਆ ਸੀ...ਕੀ ਖੱਟ ਲਿਆਇਆ, ਖੱਟ ਕੇ ਲਿਆਇਆ ਵੰਗਾਂ, ਵੇ ਰੱਬਾ ਨਾ ਤੈਥੋਂ ਹੋਰ ਮੰਗਦੀ, ਇਕ ਮਾਹੀ ਮੈਂ ਸੁਨੱਖਾ ਸੁਹਣਾ ਮੰਗਾਂ, ਵੇ ਰੱਬਾ ਨਾ ਤੈਥੋਂ...।

ਮੀਨਾ : ਤੂੰ ਤੂੰ ਤੂੰ ਨੀ ਕਰਦੀ ਮਰਗੀ ਤੂੰ ਨਾ ਮਿਲਿਆ ਮੈਨੂੰ ਵੇ...ਬਾਬਲ ਲੱਭਿਆ ਕੱਦ ਛੋਟੇ ਦਾ, ਮੂੰਹ ਉਹਦਾ ਜਿਉਂ ਬੀਨੂੰ ਵੇ...ਜੇ ਗੱਲ ਮੇਰੇ ਵੱਸਦੀ ਹੋਵੇ, ਉਹਨੂੰ ਦੇ ਕੇ ਘਾਟਾ ਲਾਂ ਤੈਨੂੰ ਵੇ, ਮਿਤਰਾ ਹਾਣਦਿਆਂ ਉਹਨੂੰ ਦੇ ਕੇ...

ਈਸ਼ : ਲੱਗ ਗਈ, ਲੱਗ ਗਈ... ਲੱਗ ਗਈ ਨੀ...ਅੱਖ ਜਾ ਕੇ ਚੁਬਾਰਿਆਂ ਨਾਲ ਲੱਗ ਗਈ ਨੀ।

[ਗਿੱਧਾ ਪੈਂਦਾ ਹੈ।]

ਗੁਣੀ : (ਸੰਗ ਭਰੀ ਆਵਾਜ਼ ਵਿਚ) ਬੱਲੇ-ਬੱਲੇ ਬਈ ਪੱਕਾ ਘਰ ਟੋਲੀਂ ਬਾਬਲਾ, ਜਿਥੇ ਲਿਪਣੇ ਨਾ ਪੈਣ ਬਨੇਰੇ।

[ਸਾਰੀਆਂ ਰੁਕ ਜਾਂਦੀਆਂ ਨੇ]

ਈਸ਼ : ਦੀਦੀ ਤੁਸੀਂ ਤਾਂ ਮਾਹੌਲ ਈ ਉਦਾਸ ਕਰਤਾ ।

ਗੁਣੀ : (ਮਸਕਾ ਕੇ) ਝੱਲੀਏ ਬਹੁਤੇ ਹਾਸੇ ਨਾਲ ਥੋੜ੍ਹੀ ਉਦਾਸੀ ਵੀ ਤੇ ਚਾਹੀਦੀ ਏ ।

ਇੰਦਰਾ : ਹੁਣ ਬੱਸ ਕਰੀਏ...ਰੋਟੀ ਦਾ ਆਹਰ-ਪਾਹਰ ਵੀ ਕਰਨਾ...।

ਦੇਵੀ : ਆਹੋ ਜੀ ਸਾਡੀ ਕਿਹੜੀ ਮਾਂ ਬੈਠੀ ਆ ਏਥੇ...?

ਜੀਤੀ : ਮਾਂ ਤੇਰੀ ਬੈਠੀ ਹੋਊ ਤੇਰੇ ਬੁੜ੍ਹੇ ਕੋਲ ।

[ਸਾਰੀਆਂ ਹੱਸਦੀਆਂ-ਹੱਸਦੀਆਂ ਅੰਦਰ ਜਾਂਦੀਆਂ ਹਨ । ਰੋਸ਼ਨੀ ਬੁਝਦੀ ਹੈ । ਮੁੜ ਰੋਸ਼ਨੀ ਹੋਣ ਤੇ ਸਾਰੀਆਂ ਚਾਹ ਪੀ ਰਹੀਆਂ ਹਨ]

ਇੰਦਰ : ਰੋਟੀ ਤਾਂ ਤੁਸੀਂ ਬੇਸੁਆਦੀ ਖਵਾ ਈ ਦਿੱਤੀ...ਪਰ ਵੇਖੀ ਮੇਰੇ ਹੱਥਾਂ ਦੀ ਚਾਹ ? ਹੁੰਦੀ ਐ ਕਿ ਨਹੀਂ ਸਾਰੇ ਪਾਸੇ...!

ਮੀਨਾ : (ਨੱਕ ਵੱਟਕੇ) ਹੂੰਅ ਵੱਡੀ ਚਾਹ ਬਣਾਈ ਐ...।

ਇੰਦਰ : ਰੱਜੀ ਭੈਣ ਬਣਕੇ, ਅੱਜ ਮੇਰੇ ਨਾਲ ਸੌਂਵੀਂ, ਪਾਲਾ ਸਾਰੀ ਰਾਤ ਖਾਂਦਾ ਰਹਿੰਦੈ ।

ਈਸ਼ : ਤੈਨੂੰ ਨਿਘਿਆਂ ਕਰਨ ਦਾ ਬੰਦੋਬਸਤ ਵੀ ਸੋਚਣਾ ਈ ਪਊ । ਕਿਉਂ ਇੰਦਰੀਏ...?

ਇੰਦਰ : ਈਸ਼ ਮੈਂ ਤੇਰੀ ਜਾਨ ਕੱਢ ਦੇਣੀ ਐ ।

ਜੀਤ : ਲੈ ਏਹਦੇ 'ਚ ਖਿਝਣ ਵਾਲੀ ਕਿਹੜੀ ਗੱਲ ਐ ? ਬੰਦੋਬਸਤ ਤਾ ਹਰੇਕ ਨੂੰ ਕਰਨਾ ਪੈਣਾ ।

ਦੇਵੀ : ਪਰ ਗੱਲ ਇਹ ਐ ਕਿ ਕੋਈ ਵਸੀਲਾ ਵੀ ਬਣੇ ।

ਰਾਜੀ : ਆਖਿਰ ਕਦੋਂ ਤੱਕ ਕਵਾਰ-ਕੋਠਾ ਪਾ ਕੇ ਬੈਠੀਆਂ ਰਹਾਂਗੀਆਂ ?

ਦੇਵੀ : ਅਸੀਂ ਛੇ ਭੈਣਾਂ ਵਾਂ । ਮੇਰੇ ਬਾਪੂ ਨੇ ਸਾਰੀਆਂ ਲਈ ਪ੍ਰਾਹੁਣੇ ਲੱਭੇ, ਕਿਸੇ ਲਈ ਲੰਬੜਦਾਰ, ਕਿਸੇ ਲਈ ਪ੍ਰੋਫੈਸਰ, ਕਿਸੇ ਲਈ ਇੰਜੀਨਅਰ...।

ਮੀਨਾ : ਨੀ ਤੈਨੂੰ ਕੋਈ ਕਾਣਾ-ਗੰਜਾ ਈ ਲੱਭ ਦਿੰਦਾ ।

ਜੀਤੀ : ਮੇਰੇ ਬਾਪੂ ਨੇ ਤਾਂ ਮੇਰੀਆਂ ਦੂਜੀਆਂ ਭੈਣਾਂ ਲਈ ਵਰ ਟੋਲਦੇ-ਟੋਲਦੇ ਜੁੱਤੀਆਂ ਘਸਾ ਛੱਡੀਆਂ...ਹੁਣ ਮੇਰੀ ਵਾਰੀ ਆਈ ਐ ਤਾਂ ਕੋਈ ਮੁੰਡਾ ਈ ਨਹੀਂ ਲੱਭ ਰਿਹਾ

ਇੰਦਰ : ਅਸੀਂ ਵੀ ਪੰਜ ਭੈਣਾਂ ਵਾਂ...ਮੇਰਾ ਬਾਪੂ ਦੂਜੇ-ਤੀਜੇ ਦਿਨ ਈ ਤੁਰ ਪੈਂਦਾ...ਰਾਹ 'ਚ ਕੋਈ ਪੁਛੂ ਕਿਥੇ ਜਾ ਰਿਹਾਂ ਸੋਹਣ ਸਿਆਂ । ਤਾਂ ਬਾਪੂ ਤੁਰੰਤ ਜੁਆਬ ਦੇਂਦਾ, ਬਈ ਓ ਪਰਸਾ ਸਿਆਂ ਪੱਤਾ ਲੱਗਾ ਕਿ ਏਹ ਦੋ ਪਿੰਡ ਛੱਡ ਕੇ ਨਾਲ ਦੇ ਪਿੰਡ ਇਕ ਮੁੰਡਾ ਐ, ਕੁੜੀ ਮੁਟਿਆਰ ਹੋ ਗਈ ਐ...ਕੁਝ ਨਾ ਕੁਝ ਤਾਂ ਕਰਨਾ ਈ ਹੋਇਆ ਤੂੰ ਸਿਆਣਾ ਐਂ ।



ਈਸ਼ : ਮੇਰੇ ਬਾਪੂ ਨੂੰ ਤਾਂ ਮੁੰਡਾ ਈ ਪਸੰਦ ਨਹੀਂ ਆਉਂਦਾ ।

ਗੁਣੀ : ਖਾਕ ਤਾਂ ਮੇਰੇ ਬਾਪੂ ਨੇ ਵੀ ਬੜੀ ਛਾਣੀ ਐ ਪਰ ਚੱਜ ਦਾ ਮੁੰਡਾ ਈ ਨਹੀਂ ਲੱਭਦਾ । ਜੇ ਲੱਭਦੈ ਤਾਂ ਦਾਜ ਲਈ ਆਲ ਜਿਡਾ ਮੂੰਹ ਟੱਡਿਆ ਹੁੰਦੈ ।

ਮੀਨਾ : ਦੀਦੀ ਮੇਰਾ ਵੀ ਜੀਅ ਕਰਦੈ ਕਿ ਸੁਹਣਾ ਜਿਹਾ ਸਾਥੀ ਹੋਵੇ, ਨਿੱਕਾ ਜਿਹਾ ਖੂਬਸੂਰਤ ਘਰ, ਬਸ ਜ਼ਿੰਦਗੀ ਦਾ ਮਜ਼ਾ ਈ ਆ ਜਾਵੇ ।

ਰੱਜੀ : ਪਹਿਲਾਂ ਲੱਭ ਤੇ ਲੈ...ਪਹਿਲਾਂ ਈ ਘਰ ਦੇ ਸੁਪਨੇ ਲੈਣ ਡਈਂ ਐ ।

ਦੇਵੀ : ਤੇਰਾ ਕੋਈ ਵੱਖਰਾ ਜੀਅ ਕਰਦਾ ...ਸਭ ਦਾ ਜੀਅ ਕਰਦਾ ਕਿ ਸੁਹਣਾ ਜਿਹਾ ਸਾਥੀ ਹੋਵੇ, ਸੁਹਣਾ ਜਿਹਾ ਘਰ ਹੋਵੇ ।

ਰੱਜੀ : ਮੇਰਾ ਤੇ ਜੀਅ ਕਰਦਾ ਕਿ ਮੇਰਾ ਕਿਸੇ ਕਪੜੇ ਦੀ ਦੁਕਾਨ ਵਾਲੇ ਨਾਲ ਵਿਆਹ ਹੋਵੇ !...ਬੱਸ ਰੋਜ਼ ਨਵੇਂ, ਸੂਟ ਨਵੀਆਂ ਸਾੜ੍ਹੀਆਂ...ਆਹ ! ਮਜ਼ਾ ਈ ਆ ਜਾਵੇ । ਪਰ ਮੇਰੇ ਬਾਪੂ ਨੇ ਤਾਂ ਜੱਟ-ਬੂਟ ਈ ਲੱਭਣੈ ।

ਜੀਤੀ : ਨੀ ਮੈਂ ਤਾਂ ਵਿਆਹ ਕਰਾਉਣੈ ਜੁੱਤੀਆਂ ਵੇਚਣ ਵਾਲੇ ਨਾਲ । ਫਿਰ ਰੋਜ਼ ਨਵੀਆਂ ਚੱਪਲਾਂ ਨਵੇਂ ਸੈਂਡਲ...(ਝੂਮਕੇ) ਬੱਸ ਜੀ ਕਮਾਲ ਹੋ ਜਾਏ।

ਈਸ਼ : ਨੀ ਮੈਂ ਤਾਂ ਹਲਵਾਈ ਨਾਲ ਵਿਆਹ ਕਰਾਉਣੈ, ਤਾਂ ਜੁ ਲੱਡੂ ਬਰਫੀ ਗੁਲਾਬ—ਜਾਮਨ, ਰਸਗੁਲੇ, ਸਮੋਸੇ, ਚਮਚਮ, ਖੀਰ ..... ਜੋ ਜੀਅ ਕਰੇ ਖਾਵਾਂ । ਜਦ ਵੀ ਘਰ ਕੋਈ ਆਵੇ ਫੱਟ ਦੁਕਾਨ ਤੋਂ ਮੰਗਵਾ ਲਵਾਂ ।

[ਇੰਦਰ ਈਸ਼ ਦੇ ਮੋਢਿਆਂ ਤੋਂ ਫੜਕੇ]

ਇੰਦਰ : ਨੀ ਪਤਾ ਈ ਫਿਰ ਤੇਰਾ ਘਰਵਾਲਾ ਕਿੱਡਾ ਮੋਟਾ ਹੋਏਗਾ ?

ਮੀਨਾ : ਹਲਵਾਈ ਅਕਸਰ ਮੋਟੇ ਈ ਹੁੰਦੇ ਨੇ

ਦੇਵੀ : ਸਾਰਾ ਦਿਨ ਮੱਖੀਆਂ ਦੀ ਭਿੰਨ-ਭਿੰਨ ਵਿਚ ਰਹੇਗਾ ।

ਰਾਜੀ : ਨੀ ਰਾਤ ਨੂੰ ਜਦ ਘਰ ਆਏਗਾ ਪਸੀਨੇ ਦੀ ਬੋਅ ਦਾ ਮਾਰਿਆ...ਤਾਂ ਉਸ ਵਿਚਾਰੇ ਤੋਂ ਆਪਣੇ ਕੱਪੜੇ ਵੀ ਆਪ ਨਹੀਂ ਲਾਹ ਹੋਇਆ. ਕਰਨੇ ।

ਇੰਦਰ : ਨੀ ਫੇਰ ਉਹਨੇ ਪਤਾ ਈ ਕੀ ਕਹਿਣਾ (ਮੋਟੀ ਅਵਾਜ਼ ਨਾਲ) ਈਸ਼... ਅੰਧਰ ਆ ਭੱਜਕੇ.. ਜਲਦੀ ਕਰੀਂ

ਮੀਨਾ : ਨੀ ਨਾਲੇ ਉਹਦੀ ਗੋਗੜ ਤੇ ਹੱਥ ਫੇਰਦੀ ਰਹੀਂ ।

[ਉਚੀ ਹਾਸਾ, ਇਕ ਕੁੜੀ ਹਲਵਾਈ ਦੀ ਤੇ ਦੂਜੀ ਈਸ਼ ਦੀ ਨਕਲ ਉਤਾਰਦੀ ਹੈ ।]

ਗੁਣੀ : (ਹੱਸਦੇ ਹੋਏ) ਬੱਸ ਕਰੋ ਬਈ ਬੱਸ, ਬੜੀ ਹੋ ਗਈ ਐ ਈਸ਼ ਨਾਲ ।

ਈਸ਼ : ਨਾ ਗੁਣੀ ਦੀਦੀ ਏਹਨਾਂ ਨੂੰ ਸ਼ਰਮ ਨਹੀਂ ਆਉਂਦੀ...ਬੇਸ਼ਰਮੀ ਦੀ ਵੀ ਕੋਈ ਹੱਦ ਹੁੰਦੀ ਐ ।

ਦੀਆਂ ਕਾਤਲ ਜੇ ਤੁਸੀਂ...ਚੁੰਨੀ ਖਿਚਣ ਦਾ ਜੁਆਬ ਸੀ ਥੱਪੜ। ਉਹਦੀ ਅੱਖ 'ਚ ਅੱਖ ਪਾ ਕੇ ਤੂੰ ਉਹਦੀ ਹਰ ਗੱਲ ਦਾ ਜੁਆਬ ਦੇਂਦੀ। ਆਖਿਰ ਕਦੋਂ ਤੱਕ ਸਹੋਗੀਆਂ ਸਭ ਕੁਝ ? ਰੋਣਾ ਕੋਈ ਹਥਿਆਰ ਨਹੀਂ ਐ...ਹਥਿਆਰ ਐ ਆਪਣਾ ਵਜੂਦ। ਇਹਨੂੰ ਪਹਿਚਾਣੋ। ਨਾ ਪਹਿਚਾਣੋਂਗੀਆਂ ਤਾਂ ਸਾਰੀ ਉਮਰ ਬੇਪਛਾਣ ਰਹੋਗੀਆਂ। ਮਰਦਾਂ ਦੀ ਪਹਿਚਾਣ ਹੇਠ ਸਿਮਟ-ਸਿਮਟ ਕੇ ਜ਼ਿੰਦਗੀ ਜੀਓਗੀਆਂ ਤੇ ਤੁਹਾਡੀ ਪਹਿਚਾਣ ਹੋਵੇਗੀ, ਮਿਸਜ਼ ਗਿੱਲ, ਮਿਸਜ਼ ਬਰਾੜ, ਮਿਸਜ਼ ਸੰਧੂ, ਮਿਸਜ਼ ਖੰਨਾ, ਮਿਸਜ਼ ਸ਼ਰਮਾਂ। ਕੋਈ ਨਹੀਂ ਸੱਦੇਗਾ ਈਸ਼, ਮੀਨਾ, ਜੀਤੀ, ਰਾਜੀ, ਦੇਵੀ...ਬੱਸ ਆਪਣੀ ਪਹਿਚਾਣ ਪੈਦਾ ਕਰੋ।.. (ਕੁਝ ਪਲ ਚੁਪ) ਹਾਂ ਤੁਹਾਨੂੰ ਸਾਰੀਆਂ ਨੂੰ ਕੀ ਗੱਲ ਹੋਈ ਐ ?

[ਰੱਜ਼ੀ ਡੁਸਕਦੀ ਹੈ]

ਗੁਣੀ : ਰੱਜੀ। ਰੱਜੀ ਕੀ ਹੋਇਆ ?

ਰੱਜੀ : ਦੀਦੀ ਜਿਸ ਮੁੰਡੇ ਨਾਲ ਮੇਰਾ-ਪੱਤਰ ਵਿਹਾਰ ਸੀ ਉਹਦਾ ਖਤ ਆਇਆ (ਥੋੜ੍ਹਾ ਰੋ ਕੇ) ਕਿ ਉਹਨੇ ਕਿਧਰੇ ਹੋਰ ਵਿਆਹ ਕਰਵਾ ਲਿਆ।...ਮੈਨੂੰ ਸਮਝ ਨਹੀਂ ਆ ਰਹੀ ਮੈਂ ਕੀ ਕਰਾਂ ?

ਗੁਣੀ : ਕਰਨਾ ਕੀ ਐ.. ਐਹੋ ਜਹੇ ਘਟੀਆ ਆਦਮੀ ਦੀ ਯਾਦ ਦਿਲ ਤੋਂ ਏਨੀ ਪਰੇ ਸੁੱਟ ਦੇ ਕਿ ਕਦੀ ਦਿਲ ਦੀ ਪਵਿਤਰਤਾ ਭੰਗ ਨਾ ਹੋਵੇ !

ਇੰਦਰ : ਦੀਦੀ ਦੇਵੀ ਦਾ 'ਹ' ਅੱਖਰ ਵਾਲਾ ਪਤਾ ਨਹੀਂ ਕਿਥੇ ਗੁੰਮ ਹੋ ਗਿਆ।

ਗੁਣੀ : ਜ਼ਿੰਦਗੀ ਸਿਰਫ 'ਹ' ਦੁਆਲੇ ਈ ਤਾਂ ਨਹੀਂ ਘੁੰਮਦੀ। ਉਹਨਾਂ ਅੱਖਰਾਂ ਦੀ ਭਾਲ-ਪਹਿਚਾਣ ਕਰੀਏ ਜੋ ਸਾਡੀ ਜ਼ਿੰਦਗੀ ਦਾ ਦਰਦ ਸਮਝਣ।

ਈਸ਼ : ਦੀਦੀ ਜਿਹੜੇ ਮੁੰਡੇ ਨੂੰ ਮੈਂ ਵੇਖਣ ਗਈ ਸੀ...ਬਾਪੂ ਨੂੰ ਪਸੰਦ ਨਹੀਂ ਆਇਆ।

ਦੇਵੀ : ਵਿਆਹ ਬਾਪੂ ਨੇ ਕਰਾਉਣੇ ਜਾਂ ਤੂੰ ?

ਜੀਤੀ : ਤੇ ਦੀਦੀ ਜਿਹਨੂੰ ਮੈਂ ਹਰ ਸ਼ਨੀਵਾਰ ਮਿਲਣ ਜਾਂਦੀ ਸਾਂ ਉਹ ਧੋਖੇਬਾਜ਼ ਨਿਕਲਿਆ...ਮੈਂ ਉਹਨੂੰ ਸਭ ਤੋਂ ਚੋਰੀ ਮਿਲਦੀ ਰਹੀ ਤੇ ਉਹਨ ਕਿਧਰੇ ਹੋਰ ਵਿਆਹ ਕਰਾ ਲਿਆ।

ਗੁਣੀ : ਇਹ ਠੀਕ ਐ ਕੇ ਉਹਨੇ ਧੋਖਾ ਦਿੱਤਾ...ਪਰ ਇਕ ਧੋਖਾ ਤੂੰ ਵੀ ਤਾਂ ਕਰ ਰਹੀ ਸੈਂ ਆਪਣੇ-ਆਪ ਨਾਲ।...ਜਦ ਕਿਸੇ ਨੂੰ ਆਪਣਾ ਜੀਵਨ ਸਾਥੀ ਕਬੂਲ ਕਰ ਈ ਲਿਆ ਤਾਂ ਚੋਰੀ ਕਾਹਦੀ ਤੇ ਕਿਹਦੇ ਕੋਲੋਂ...? ਜ਼ਮਾਨੇ ਕੋਲੋਂ...? ਜ਼ਮਾਨੇ ਦਾ ਖੌਫ ਤਾਂ ਝੱਲੀਏ ਬੁਜ਼ਦਿਲਾਂ ਲਈ ਹੁੰਦੇ।

ਇੰਦਰ : ਦੀਦੀ ਜੇਹੜਾ ਮੁੰਡਾ ਮੈਨੂੰ ਵੇਖਣ ਆਇਆ ਸੀ ...ਉਹ ਦਾਜ ਸਾਡੇ ਵਿੱਤੋਂ ਬਾਹਰਾ ਮੰਗਦੇ।



ਗੁਣੀ : ਵਿੱਤੋਂ ਬਾਹਰਾ ਦਾ ਕੀ ਮਤਲਬ—ਤੁਸੀਂ ਦਾਜ ਦੇਂਦੇ ਹੀ ਕਿਉਂ ਹੋ। ਜਦੋਂ ਤੁਸੀਂ ਕਹਿੰਦੇ ਹੋ ਕੇ ਅਸੀਂ ਆਪਣੇ ਵਿੱਤ ਮੁਤਾਬਿਕ ਸਰਦਾ ਬਣਦਾ ਦੇਵਾਂਗੇ, ਬਸ ਉਦੋਂ ਹੀ ਉਨ੍ਹਾਂ ਦੀਆਂ ਜ਼ੁਬਾਨਾਂ ਹੋਰ ਅੱਗੇ ਵਧਦੀਆਂ ਨੇ। ਵਿਆਹ ਹੀ ਉਥੇ ਕਰਵਾਓ ਜਿਥੇ ਦਾਜ ਦੀ ਨਹੀਂ, ਤੁਹਾਡੀ ਜ਼ਰੂਰਤ ਹੋਵੇ। ਇਕ ਜੀਵਨ ਸਾਥਣ ਦੀ ਜ਼ਰੂਰਤ ਹੋਵੇ, ਜਿਨ੍ਹਾਂ ਦੀਆਂ ਨਜ਼ਰਾਂ ਵਿਚ ਸਿਰਫ ਤੁਹਾਡੇ ਵਜੂਦ ਦੀ ਕੀਮਤ ਹੋਵੇ। ਚੱਲ ਕੋਈ ਨਹੀਂ ਅਸੀਂ ਆਪਣੀ ਇੰਦਰੀ ਨੂੰ ਸੋਹਣਾ ਜਿਹਾ ਮੁੰਡਾ ਲੱਭ ਕੇ ਦਿਆਂਗੇ

ਮੀਨਾ : ਰੱਜੀ ਮੈਨੂੰ ਮੁਆਫ ਕਰ ਦੇ...ਮੈਂ ਈ ਤੇਰੇ ਖਤ ਸਭ ਨੂੰ ਪੜ੍ਹਨ ਲਈ ਦਿੰਦੀ ਸਾਂ।

ਰੱਜੀ : ਚੱਲ ਤਾਂ ਕੀ ਹੋਇਆ ਹੁਣ ਭਾਵੇਂ ਸਾਰੇ ਪੜ੍ਹ ਲੈ। ਮੈਂ ਤਾਂ ਸਾਰੇ ਪਾੜਕੇ ਰੱਦੀ ਦੀ ਟੋਕਰੀ 'ਚ ਸੁੱਟ ਦੇਣੇ ਆਂ।

ਇੰਦਰ : ਬੜਾ ਗੁੱਸਾ ਉਹਦੇ ਤੇ...?

ਜੀਤੀ : ਨਾ ਏਹੋ ਜਿਹੇ ਬੇਵਫਾਵਾਂ ਤੇ ਗੁੱਸਾ ਚੜ੍ਹੇ ਨਾ ਤੇ ਹੋਰ ਕੀ...?

ਗੁਣੀ : ਨੀ ਛੱਡੋ ਪਰ੍ਹਾਂ ਇਨ੍ਹਾਂ ਗੱਲਾਂ ਨੂੰ...ਬੜੇ ਈ ਦਿਨ ਹੋ ਗਏ ਨੇ ਗਾਣਾ ਗਾਇਆਂ ਨੂੰ...ਚੱਲ ਈਸ਼।

ਮੀਨਾ : (ਢੋਲਕੀ ਲਾਹ ਕੇ ਈਸ਼ ਨੂੰ ਦਿੰਦੀ ਹੈ।)...ਹਾਂ ਇਹ ਠੀਕ ਐ।

[ਦੇਵੀ ਢੋਲਕੀ ਵਜਾਉਂਦੀ ਹੈ ਤੇ ਬਾਕੀ ਗਾਉਂਦੀਆਂ ਹਨ।]

ਵਕਤ ਨਵਾਂ ਐ ਨਵੇਂ ਨੇ ਰਸਤੇ
ਮਿਲ ਲੱਭੀਏ ਨਵੀਆਂ ਰਾਹਵਾਂ
ਜ਼ਿੰਦਗੀ ਦੇ ਅਸੀਂ ਗੀਤ ਗਾਈਏ
ਪਾ ਬਾਹਾਂ ਵਿਚ ਬਾਹਾਂ।

ਗੁਣੀ : ਨਾ ਉਮਰਾਂ ਦੇ ਰੋਗ ਹੀ ਲਾਈਏ

ਰੱਜੋ : ਆਪਣੇ ਦੁੱਖ ਅਸੀਂ ਆਪ ਵੰਡਾਈਏ।

ਮੀਨਾ-ਜੀਤਾਂ : ਉਮਰਾਂ ਦਾ ਪਹੀਆ ਚਾਲੇ ਪਾਈਏ

ਈਸ਼-ਇੰਦਰ : ਕਰ ਇਕ ਨੂੰ ਦੂਜੀ ਛਾਵਾਂ
ਵਕਤ ਨਵਾਂ ਐ ਨਵੇਂ ਨੇ ਰਸਤੇ
ਮਿਲ ਲੱਭੀਏ ਨਵੀਆਂ ਰਾਹਵਾਂ।

[ਦੇਵੀ ਵੀ ਢੋਲਕੀ ਛੱਡ ਨਾਲ ਆਣ ਰਲਦੀ ਹੈ। ਸਭ ਬਾਹਵਾਂ ਵਿਚ ਬਾਹਵਾਂ ਪਾਈ ਨੱਚ ਰਹੀਆਂ ਹਨ।]

□

# ਧ੍ਰਿਗ ਤਿਨ੍ਹਾਂ ਕਾ ਜੀਵਿਆ

ਬਲਰਾਜ ਮਾਨ

**ਪਾਤਰ :**

ਸੰਤਾ : 52 ਕੁ ਸਾਲਾਂ ਦਾ, ਜਮੇਰੀ : 32 ਕੁ ਸਾਲਾਂ ਦਾ, ਭਾਗੋ : 30 ਕੁ ਸਾਲਾ ਦੀ ਜਮਰੀ ਦੀ ਬਹੂ, ਜੱਗਾ : 26 ਕੁ ਸਾਲਾਂ ਦਾ, ਟੈਣੀ : 10-12 ਕੁ ਸਾਲਾਂ ਦਾ, ਬਘੇਲ ਸਿੰਘ : 45 ਕੁ ਸਾਲਾਂ ਦਾ, ਚਰਨਾ : 20 ਕੁ ਸਾਲਾਂ ਦਾ, ਲੰਬੜਦਾਰਨੀ : 60 ਕੁ ਸਾਲਾਂ ਦੀ, ਸਾਧ, ਸਰਪੰਚ, ਥਾਣੇਦਾਰ, ਨੂਰਾ : 14-15 ਕੁ ਸਾਲਾਂ ਦਾ, ਸੱਜਣ : 40 ਕੁ ਸਾਲਾਂ ਦਾ।

ਸਮਾਂ : ਸਵੇਰ ਦਾ, ਕਾਰਜ ਸਥਾਨ : ਕੰਮੀ ਦਾ ਘਰ

[ਗੀਤ ਦੀਆਂ ਤੁਕਾਂ ਨਾਲ ਹੌਲੀ ਹੌਲੀ ਪਰਦਾ ਉੱਠਦਾ ਹੈ ]

ਜਿਥੇ ਬੰਦਾ ਜੰਮਦਾ ਸੀਰੀ ਹੈ,
ਟਕਿਆਂ ਦੀ ਮੀਰੀ ਪੀਰੀ ਹੈ,
ਜਿਥੇ ਕਰਜ਼ੇ ਹੇਠ ਪੰਜੀਰੀ ਹੈ
ਬਾਪੂ ਦੇ ਕਰਜ਼ ਦਾ ਸੂਦ ਨੇ, ਪੁੱਤ ਜੰਮਦੇ ਜਿਹੜੇ,
ਤੂੰ ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵਿਹੜੇ !

[ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਨਾਲ ਜੱਗੇ ਦਾ ਬੋਲ ਸੁਣਾਈ ਦਿੰਦਾ ਹੈ "ਉਏ ਸਾਲਿਆ ਤੇਰੀਆਂ ਟੂੰਮਾਂ ਲਾਹਲੀਆਂ..." ! ਜੱਗਾ ਸਪੀਕਰ ਦਾ ਹਾਰਨ ਅਤੇ ਟਰੰਕ ਚੁੱਕੀਂ ਪ੍ਰਵੇਸ਼ ਕਰਦਾ ਹੈ ! ਦੋਵੇਂ ਚੀਜ਼ਾਂ ਮੰਚ ਦੇ ਸੱਜੇ ਪਾਸੇ ਰੱਖ ਕੇ ਮੰਜੇ ਉੱਪਰ ਕੱਪੜੇ ਵਿਛਾਉਂਦਾ ਹੋਇਆ ਗੱਲਾਂ ਕਰੀ ਜਾਂਦਾ ਹੈ ।]

ਜੱਗਾ : ਦੁਨੀਆਂ ਦਾ ਵੀ ਯਾਰੋ ਦੀਨ ਧਰਮ ਹਿਲਿਆ ਈ ਪਿਐ, ਚਾਰ ਘੰਟਿਆਂ ਦਾ ਕਹਿਕੇ ਲੈ ਕੇ ਗਏ ਸੀ, ਸਾਰੀ ਰਾਤ ਨੀ ਖਹਿੜਾ ਛੱਡਿਆ !
[ਮੰਜੇ ਉਪਰ ਪੈਣ ਲੱਗਦਾ ਹੈ ਤਾਂ ਭਾਈ ਜੀ ਦੀ ਆਵਾਜ਼ ਸੁਣਾਈ ਦਿੰਦੀ ਹੈ 'ਵਾਖਰੂ ਜੀ ਕਾ ਖਾਲਸਾ, ਵਾਖਰੂ ਜੀ ਕੀ ਫਤੇਹ, ਉਠੋ ਭਾਈ ਸੰਗਤੇ, ਅੰਮ੍ਰਿਤ ਵੇਲਾ..." !]

ਜੱਗਾ : (ਹਰਖਕੇ) ਹਾਲੇ ਸੁੱਤਾ ਈ ਕਿਹੜੈ ! ਜੇ ਸੌਂਮਾਂਗੇ ਫੇਰ ਈ ਉਠਾਂਗੇ !
[ਉੱਪਰ ਚਾਦਰਾ ਲੈ ਕੇ ਸੌਂ ਜਾਂਦਾ ਹੈ ! ਭਾਗੋ ਮੰਚ ਦੇ ਖੱਬੇ ਪਾਸੇ ਵਾਲੇ ਕੋਠੇ ਵਿਚੋਂ ਉਠਕੇ ਬਾਹਰ ਆਕੇ ਚਾਹ ਧਰਨ ਦਾ ਕਾਰਜ ਕਰਦੀ ਹੈ। ਕੁਝ ਚਿਰ ਪਿੱਛੋਂ ਮੰਚ ਦੇ ਸੱਜੇ ਪਾਸੇ ਵਾਲੇ ਕੋਠੇ ਵਿਚੋਂ ਸੰਤਾ ਖੰਘਦਾ ਹੋਇਆ ਮੰਚ ਤੇ ਪ੍ਰਵੇਸ਼ ਕਰਦਾ ਹੈ ! ]

ਸੰਤਾ : ਉਠੋ ਭਾਈ ਮੁੰਡਿਓ, ਕਿੱਡਾ ਦਿਨ ਚੜ੍ਹ ਗਿਆ !



[ਬਾਹਰ ਵੱਲ ਜਾਂਦਾ ਹੈ]

ਭਾਗੋ : ਬਾਬਾ ਜੀ, ਚਾਹ ਲਿਆਮਾਂ ।

ਸੰਤਾ : ਮੈਂ ਕੇਰਾਂ ਗੁਰਦਵਾਰਾ ਸਾਹਿਬ ਮੱਥਾ ਟੇਕ ਆਮਾਂ, ਆ ਕੇ ਪੀਨਾ ਭਾਈ।
[ਬਾਹਰ ਚਲਾ ਜਾਂਦਾ ਹੈ ! ਭਾਗੋ ਚਾਹ ਪਾ ਕੇ ਜੱਗੇ ਨੂੰ ਉਠਾਉਂਦੀ ਹੈ !]

ਭਾਗੋ : ਉਠ ਵੇ ਜੱਗਿਆ, ਉਠਕੇ ਚਾਹ ਦੀ ਘੁੱਟ ਪੀਲੈ ! (ਹਲੂਣਦੀ ਹੋਈ) ਵੇ ਉਠ ਵੀ, ਪਿਐ ਲੰਮੀਆਂ ਤਾਣੀ !

ਜੱਗਾ : ਕੀ ਐ ?

ਭਾਗੋ : ਚਾਹ ਪੀਲੈ, ਹੋਰ ਕੀ ਐ !

ਜੱਗਾ : ਤੜਕੇ ਈ ਚਾਹ ਨੂੰ ਤ੍ਰੀ ਜੰਨ ਚੜ੍ਹਨੈ ! ਸੌਣ ਵੀ ਨੀਂ ਦਿੰਦੀ ਘੰਟਾ ਸਮਾਰਕੇ ! ਪਤਾ ਨੀ ਕੀ ਦਿਹਨੇ ਮੈਥੋਂ ਦਾਲ ਦਲਾਉਣੀ ਐਂ !

ਭਾਗੋ : ਸਾਰੀ ਸਾਰੀ ਰਾਤ ਤਾਂ ਫਿਰਦਾ ਰਿਹਾ ਕਰ ਸਪੀਕਰ ਲਾਉਂਦਾ, ਉੱਠਣ ਵੇਲੇ ਵੇਖ ਕਿਮੇਂ ਪਟਮੇਲੀ ਪੈਂਦੀ ਐ ।

ਜਮੇਰੀ : (ਮੰਚ ਦੇ ਖੱਬੇ ਕੋਠੇ 'ਚੋਂ ਬਾਹਰ ਆਉਂਦੇ ਹੋਏ) ਹੈਂ— ਐਡਾ ਦਿਨ ਚੜ੍ਹ ਗਿਆ, ਉਏ ਬਿੰਦ ਪਹਿਲਾਂ ਜਗਾ ਦਿੰਦੀ ।

ਭਾਗੋ : ਰਾਤ ਤੈਨੂੰ ਕਣਸ ਜੀ ਹੋਈ ਪਈ ਸੀ, ਮੈਂ ਸੋਚਿਆ ਬਈ ਬਿੰਦ ਹੋਰ ਪਿਆ ਰਹਿਣ ਦੇ ! ਨਾਲੇ ਅੱਜ ਆਹ ਭਾਈ ਜੀ ਨੂੰ ਪਤਾ ਨੀ ਕੀ ਸੱਪ ਸੁੰਘ ਗਿਆ, ਹੁਣ ਬੋਲਣ ਲੱਗਿਐ ਮਾੜਾ 'ਕ ਚਿਰ ਹੋ ਗਿਆ !

ਜਮੇਰੀ : ਭਾਈ ਜੀ ਨੇ ਕਿਹੜਾ ਹੱਲ ਜੋੜਨੈ । ਸੱਜਣ ਸਿਹੁੰ ਮੈਨੂੰ ਕੁੱਤੇ-ਕੁੱਤੇ ਕਰੂ, ਟਾਹਲੀ ਆਲੇ ਦੀ ਵੱਤ ਆਈ ਪਈ ਐ ।

ਭਾਗੋ : ਕਿਧਰੇ ਨੀ ਸੁੱਕਦੀ ਵੱਤ, ਤੂੰ ਰਾਮ ਨਾਲ ਚਾਹ ਪੀ ਲੈ ! ਨਾਲੇ ਆਉਣੇ ਤਾਂ ਉਹੀ ਚਾਰ ਮਣ ਦਾਣੇ ਐਂ, ਭਾਮੇਂ ਬਾਹਲਾ ਕਰ ਲੈ ਭਾਮੇਂ ਥੋੜ੍ਹਾ ।

ਜਮੇਰੀ : ਏਸੇ ਨਾਲ ਈ ਕਬੀਲਦਾਰੀ ਤੁਰੀ ਜਾਂਦੀ ਐ ਹੋਰ ਕੀ ਆਪਣੀ ਪਿਲਸਣ ਆਉਂਦੀ ਐ ।

ਭਾਗੋ : ਸਵਾਹ ਰੁੜ੍ਹੀ ਜਾਂਦੀ ਐ ਕਬੀਲਦਾਰੀ, ਪਾਈ ਨੀਂ ਮੋੜੀ ਹਾਲੇ ਤਾਈਂ ਕਿਸੇ ਦੀ। ਤੈਨੂੰ ਕਿੰਨੀ ਵਾਰੀ ਕਿਹੈ ਬਈ ਕਿਸੇ ਤਕੜੇ ਘਰ ਨਾਲ ਸੀਰ ਕਰ ਲੈ, ਕਿਸੇ ਦਾ ਲੈਣ ਦੇਣਾ ਲਾਹੀਏ ਸਿਰੋਂ । ਪਰ ਤੂੰ ਮੰਨੇ ਵੀ ਕਿਸੇ ਦੀ ! ਤੂੰ ਤਾਂ ਬੱਸ ਸੱਜਣ ਦਾ ਈ ਖਹਿੜਾ ਨੀਂ ਛੱਡਦਾ, ਪਤਾ ਨੀ ਕੀ ਘੋਲਕੇ ਪਿਆਇਐ ਉਹਨੇ ਤੈਨੂੰ !

ਜਮੇਰੀ : ਸੱਜਣ ਸਿੰਹੁ ਸਾਬ੍ਹ-ਕਤਾਬ ਦਾਂ ਖਰਾ ਬੰਦੈ, ਪੈਸੇ ਦੀ ਬੇਈਮਾਨੀ ਨੀ ਕਰਦਾ ਸੀਰੀ ਨਾਲ !

ਭਾਗੋ : ਹਰ ਆਰੀ ਆੜ੍ਹਤੀਏ ਦਾ ਨਾਮਾ ਉਹਦੇ ਸਿਰ ਟੁੱਟਦੈ, ਬੇਈਮਾਨੀ ਕਾਹਦੀ ਕਰਲੇ ਤੇਰੇ ਨਾਲ !

ਜਮੇਰੀ : ਨਾਮਾ ਟੁੱਟਦੈ ਤਾਂ ਉਹਦੇ ਸਿਰ ਟੁੱਟਦੈ, ਆਪਣੇ ਨਾਲ ਤਾਂ ਪੂਰਾ ਉਤਰਦੈ ਸਾਬ੍ਹ ਚ ! ਨਾਲੇ ਆਹ ਤਕੜ ਘਰ ਤਾਂ ਸੀਰੀ ਦੀ ਫਸਲ ਉਈਂ ਲੱਲੇ ਭੱਾਭਆਂ 'ਚ ਪੂਰੀ ਕਰ ਦਿੰਦੇ ਐ ਤੇ ਜਿਹੜਾ ਪਿੱਛਾ ਤਕਾਉਂਦੇ ਐ ਉਹ ਵੱਖ...

ਭਾਗੋ : ਲੈ ਐਂ ਤਾਂ ਕੀਹਦੀ ਮਜਾਲ ਐ ਬਈ ..

[ਬਾਹਰੋਂ ਸੰਤੇ ਦਾ ਖੰਘੂਰਾ ਸੁਣਕੇ ਭਾਗੋ ਚੁਪ ਕਰਕੇ ਚਾਹ ਲੈਣ ਤੁਰ ਜਾਂਦੀ ਹੈ]

ਸੰਤਾ : (ਪ੍ਰਵੇਸ਼ ਕਰਦੇ ਹੋਏ) ਤੂੰ ਗਿਆ ਨ੍ਹੀਂ ਹਾਲੇ ।

ਜਮੇਰੀ : ਜਾਨਾਂ, ਚਾਹ ਜੀ ਪੀਣ ਲਗ ਗਿਆ ਸੀ ।

ਸੰਤਾ : ਗੋਲੀ ਗਾਲੀ ਲੈ ਲੈਣੀ ਸੀ । ਰਾਤ ਟੈਣੀ ਦਸਦਾ ਸੀ ਬਈ 'ਮੇਰੇ ਬਾਪੂ ਨੂੰ ਤਾਪ ਚੜ੍ਹ ਗਿਆ ।'

ਜਮੇਰੀ : ਗੋਲੀ ਤਾਂ ਰਾਤ ਈ ਲੈਲੀ ਸੀ । ਹੁਣ ਤਾਂ ਠੀਕ ਆਂ ।

ਸੰਤਾ : ਚੰਗਾ, ਚੰਗਾ ! ਟੈਮ ਸਿਰ ਵਗਜੀਏ ਕੰਮ ਤੇ, ਕਿਉਂ ਮਾੜੀ ਜੀ ਗੱਲ ਪਿਛੇ ਕਹਾਉਣੇ ਕਿਸੇ ਤੋਂ । ਨਾਲੇ ਸੱਜਣ ਸਿੰਹੁ ਤਾਂ ਬਚਾਰਾ ਉਈਂ ਸਾਊ ਬੰਦਾ ਐ ।

[ਅੰਦਰੋਂ ਟੈਣੀ ਰੋਂਦਾ ਹੋਇਆ ਮੰਚ ਤੇ ਪ੍ਰਵੇਸ਼ ਕਰਦਾ ਹੈ ।]

ਜਮੇਰੀ : ਉਏ, ਤੂੰ ਕਿਉਂ ਸਾਲਿਆ ਬੋਕ ਟੱਡਿਐ ।

ਟੈਣੀ : ਚਾਹ ਨੀਂ ਦਿੰਦੀ ।

ਭਾਗੋ : ਇਹਦਾ ਨਿਪੁੱਤੇ ਦਾ ਰੋਜ਼ ਦਾ ਇਹੀ ਕਜੀਆ ਕਲੇਸ਼ ।

ਜਮੇਰੀ : (ਜਾਂਦਾ ਹੋਇਆ) ਘਰ 'ਚ ਵਾਧਾ ਕਿਥੋਂ ਹੋ ਜੇ, ਤੜਕੇ ਈ ਲਗਜੂ ਕੰਜਰ ਦਾ ਬੂਹਕਣ ।

ਭਾਗੋ : ਆਹ ਕੁੜਤਾ ਤਾਂ ਲਾਹ ਜਾਂਦਾ, ਮੈਂ ਤੋਪਾ ਮਾਰ ਦਿੰਦੀ ! ਜਮਾਂ ਈ ਲੰਗਾਰ ਹੋਇਆ ਪਿਐ !

ਜਮੇਰੀ : ਤੇ ਪਾਊਂ ਕਿਹੜਾ ?

ਭਾਗੋ : ਉਹ ਜੇੜ੍ਹਾ ਅੰਦਰ ਪਿਐ ਲਾਲ ਜਾ, ਟੈਰਾਲੀਨ ਦਾ ।

ਜਮੇਰੀ : ਉਹ ਤਾਂ ਆਉਣ-ਜਾਣ ਨੂੰ ਰਖਿਐ, ਨਾਲੇ ਖੇਤਾਂ 'ਚ ਤਾਂ ਐਹੇ ਜੇ ਈ ਚਲਦੇ ਐ ।

[ਜਾਂਦਾ ਹੋਇਆ ਕੁਝ ਸੋਚ ਕੇ ਰੁਕ ਜਾਂਦਾ ਹੈ ।]

ਜਮੇਰੀ : ਸੱਚ ਬਾਪੂ, ਬਘੇਲ ਸਿੰਹੁ ਕਹਿੰਦਾ ਸੀ ਬਈ 'ਜੱਗੇ ਦਾ ਕਿਮੇਂ ਕਰਨੈਂ ਹੁਣ ।'

ਸੰਤਾ : ਕੀ ਦਸਾਂ, ਮੈਂ ਤਾਂ ਤਪਾ ਛੱਡਿਆਂ ਏਸ ਕੰਜਰ ਨੇ ।

ਜਮੇਰੀ : ਪਰ ਖਹਿੜਾ ਤਾਂ ਸਾਬ੍ਹ-ਕਤਾਬ ਨਬੇੜੇ ਤੋਂ ਈ ਛੁੱਟੂ, ਨਹੀਂ ਤਾਂ ਉਹਦੀ 'ਤਬਾਰੀ ਚੱਕੀ ਜਾਊ ਪਿੰਡ 'ਚੋਂ ! ਗਹਾਂ ਨੂੰ ਕਿਸੇ ਨੇ ਸੀਰੀ ਨੀ ਰਲਾਉਣਾ ਉਹਨੂੰ !



ਸੰਤਾ : ਚੰਗਾ ਸਾਲੇ ਨੂੰ ਭੋਰਾ ਅਕਲ ਆਊ, ਭੁੱਖੇ ਮਰਦੇ ਨੂੰ !

ਭਾਗੋ : (ਬੱਠਲ ਚੁੱਕ ਕੇ ਬਾਹਰ ਜਾਂਦੀ ਹੋਈ) ਜੇ ਅਕਲ ਆਲਾ ਹੁੰਦਾ ਤਾਂ ਚਾਰ ਜਮਾਤਾਂ ਹੋਰ ਪੜ੍ਹਕੇ ਕਿਸੇ ਕਿੱਤੇ ਨਾ ਲਗ ਜਾਂਦਾ, ਹੁਣ ਫਿਰਦੈ ਸਪੀਕਰ ਚੱਕੀ ।

ਜਮੇਰੀ : ਮੈਂ ਤਾਂ ਉਹਨੂੰ ਕਿਹਾ ਸੀ ਬਈ 'ਆਹ ਸਪੀਕਰ ਆਲਾ ਧੰਦਾ ਕਬੀਲਦਾਰਾਂ ਨੂੰ ਨੀਂ ਸੋਭਦਾ ! ਤੂੰ ਕਿਸੇ ਹੋਰ ਨਾਲ ਸੀਰ ਕਰ ਲੈ ! ਪਰ ਉਹ ਮੰਨੇ ਵੀ ਕਿਸੇ ਕੰਜਰ ਦੀ ।

ਸੰਤਾ : ਜੇ ਨਹੀਂ ਮੰਨਦਾ ਤਾਂਹੀਉਂ ਫਿਰਦੈ ਭੌਂਕਦਾ ਹੁਣ ।

[ਬਾਹਰੋਂ ਸੱਜਣ ਦੀ ਆਵਾਜ਼ ਆਉਂਦੀ ਹੈ : ਜਮੇਰੀ, ਉਏ ਜਮੇਰ ਸਿੰਹਾਂ...]

ਸੰਤਾ : ਆ ਜਾ, ਸ਼ੇਰਾ ਨੰਘਿਆ ।

ਸੱਜਣ : (ਪ੍ਰਵੇਸ਼ ਕਰਦੇ ਹੋਏ) ਕਿਮੇਂ ਹਾਲੇ ਹੋਇਆ ਨੀਂ ਸਰੀਰ ਠੀਕ, ਜਮੇਰੀ ?

ਜਮੇਰੀ : ਨਹੀਂ ਹੁਣ ਤਾਂ ਠੀਕ ਆਂ ! ਆ ਜਾ ਬਹਿਜਾ ਸੱਜਣ ਸਿੰਹਾਂ ।

ਸੱਜਣ : ਮੈਂ ਸੋਚਿਆ ਐਡਾ ਦਿਨ ਚੜ੍ਹ ਗਿਆ ਜਮੇਰੀ ਤਾਂ ਆਇਆ ਈ ਨੀ ਹਾਲੇ, ਚੱਲਕੇ ਪਤਾ ਤਾਂ ਲਮਾਂ ਕਿਤੇ ਜ਼ਿਆਦਾ ਈ ਢਿਲਾ ਨਾ ਹੋ ਗਿਆ ਹੋਵੇ ।

ਜਮੇਰੀ : ਮੈਂ ਬਾਪੂ ਨਾਲ ਗੱਲਾਂ ਜੀਆਂ ਕਰਨ ਲਗ ਗਿਆ ਸੀ ।

ਸੱਜਣ : ਵੇਖ ਲੈ, ਜੇ ਨਹੀਂ ਚਿੱਤ ਰਾਜੀ ਤਾਂ ਮੈਂ ਵਾਹ ਆਉਨਾਂ ।

ਸੰਤਾ : ਤੂੰ ਕਾਹਨੂੰ ਖੇਚਲ ਕਰਨੀ ਐ ਸ਼ੇਰਾ !

ਸੱਜਣ : ਲੈ ਤਾਇਆ ਖੇਚਲ ਕਾਹਦੀ, ਆਪਣਾ ਕੁਸ਼ ਵੰਡਿਐ !

ਜਮੇਰੀ : ਨਈਂ, ਮੈਂ ਈ ਜਾਨਾ ਖੇਤ ਨੂੰ

[ਜਾਣ ਲੱਗਦਾ ਹੈ]

ਭਾਗੋ : ਮਖਿਆਂ ਬੋਲਦਾ ਨੀ, ਆਹ ਮੌਠੂ ਦੇ ਬਾਪੂ ਨੂੰ ਪੁਛ ਲੈਂਦਾ ਕਣਕ ਦਾ ! ਤਿੰਨ ਦਿਨ ਹੋਗੇ ਆਟਾ ਮੁੱਕੇ ਨੂੰ !

ਜਮੇਰੀ : ਤੂੰ ਨੰਬਰਦਾਰਾਂ ਦੀ ਬੁੜ੍ਹੀ ਨਾਲ ਨੀ ਕੀਤੀ ਗੱਲ ? ਕਹਿ ਦੇਣਾ ਸੀ ਬਈ ਮਣ-ਧੌਣ ਕਣਕ ਹੋਰ ਦੇ ਦਿਓ, ਮੈਂ ਮਹੀਨਾ ਹੋਰ ਕਰਦੂੰ ਥੋਡਾ ਗੋਹਾ ਕੂੜਾ ।'

ਭਾਗੋ : ਉਹ ਤਾਂ ਕਹਿੰਦੀ ਬਈ 'ਪਹਿਲਾਂ ਪਿਛਲਾ ਲੈਣਾ-ਦੇਣਾ ਨਬੇੜ ਦਿਉ, ਫੇਰ ਭਾਮੇਂ ਜਿੰਨ੍ਹੀ ਮਰਜ਼ੀ ਲੈਜੀਂ ।'

ਜਮੇਰੀ : ਅੱਛਾ (ਸੱਜਣ ਨੂੰ) ਸੱਜਣ ਸਿੰਹਾਂ ਫੇਰ ਤੂੰ ਨੀ ਕਰਦਾ ਕੁਸ਼ ਕਣਕ ਦਾ ਬੰਨ੍ਹ-ਸੁੱਬ !

ਸੱਜਣ : ਕਣਕ ਤਾਂ ਜਮੇਰੀ ਵੇਖੇ ਤੋਂ ਪਤਾ ਲਗੂ, ਉਂ ਰਾਤ ਮੌਠੂ ਦੀ ਮਾਂ ਪਉਂਦੀ

ਸੀ ਪਖਾਣੇ ਜੇ ਬਈ 'ਐਂਤਕੀਂ ਤਾਂ ਕਣਕ...' (ਸੋਚਕੇ) ਚਲ ਭੇਜਦੀਂ ਕਿਸੇ ਨੂੰ, ਕਰਾਂਗੇ ਕੋਈ ਪ੍ਰਬੰਧ।

ਜਮੇਰੀ : ਚੰਗਾ (ਭਾਗੋ ਨੂੰ) ਆਹ ਤੂੰ ਐਂ ਕਰੀਂ, ਮੋਠੂ ਦੀ ਮਾਂ ਤੋਂ ਕਣਕ ਤਲਾ ਲਿਆਈਂ। (ਸੱਜਣ ਨੂੰ) ਮੈਂ ਜਾਨਾ ਫੇਰ ਖੇਤ ਨੂੰ!

[ਜਾਂਦਾ ਹੈ]

ਸੱਜਣ : ਚੰਗਾ ਤੂੰ ਚੱਲ ਹਲ ਲੈਕੇ ਮੈਂ ਐਧਰ ਦੀ ਘੁਲੇ ਕਿਉਂ ਸਹਾਗੀ ਚੱਕ ਲਿਆਮਾਂ

[ਜਾਣ ਲੱਗਦਾ ਹੈ]

ਸੰਤਾ : ਸੱਜਣਾ, ਮੋਠੂ ਨੀ ਦੇਖਿਆ ਕਈ ਦਿਨਾਂ ਦਾ, ਅੱਗੇ ਤਾਂ ਰੋਜ਼ ਮਾਂਗੂੰ ਮਾਰ ਜਾਂਦਾ ਸੀ ਗੇੜਾ ਮੇਰੇ ਕੋਲੇ।

ਸੱਜਣ : ਤਾਇਆ, ਉਹ ਤਾਂ ਹੁਣ ਬਾਹਲਾ ਖਰਾਬ ਕਰਨ ਲਗ ਗਿਆ ਸੀ, ਬੇਲ ਲਾਤੀ ਪਰਸੋਂ ਚੋਥੇ ਦੀ ਬਚਾਰੇ ਨੂੰ!

ਸੰਤਾ : ਅੱਛਾ, (ਕੁਝ ਸੋਚਕੇ) ਕਿਸੇ ਹੋਰ ਚੱਜਦੇ ਡਾਕਟਰ ਨੂੰ ਦਖਾ ਲੈਣਾ ਸੀ।

ਸੱਜਣ : ਮੈਂ ਤਾਂ ਤਾਇਆ ਉਹਨੂੰ ਰੋਹਤਕ ਤਾਈਂ ਦਖਾ ਲਿਆ ਪਰ...!

ਸੰਤਾ : ਕਿਸੇ ਸਾਧ ਸੰਤ ਤੋਂ ਈ ਧਾਗਾ ਤਬੀਤ ਕਰਾ ਲੈਂਦਾ।

ਸੱਜਣ : ਇਹਨਾਂ ਨੂੰ ਵੀ ਬਥੇਰਾ ਘਰ ਲਟਾਤਾ, ਪਰ ਕੋਈ ਰਾਮ ਨੀ ਆਇਆ।

ਸੰਤਾ : ਕਮਲਿਆ, ਐਂ ਜਣੇ ਖਣੇ ਕੋਲੇ ਥੋੜਾ ਈ ਹੁੰਦੀ ਸ਼ਕਤੀ। ਤੂੰ ਮੇਰੀ ਮੰਨ ਢਾਬ ਆਲੇ ਸੰਤਾਂ ਨੂੰ ਦਿਖਾ। ਕਹਿੰਦੇ ਕੇਰਾਂ ਕਿਸੇ ਵੱਡੇ ਘਰ ਦੀ ਜਵਾਨ ਕੁੜੀ ਨੂੰ ਜਿੰਨ ਚੁੰਬੜ ਗਿਆ, ਕਿਸੇ ਤੋਂ ਜਦੋਂ ਲੋਟ ਨਾ ਆਇਆ ਤਾਂ ਫੇਰ ਇਨ੍ਹਾਂ ਨੇ ਕੀਤਾ ਠੀਕ। ਤਾਈਂ ਕੁੜੀ ਦੇ ਮਾਂ ਪਿਉ ਖੁਸ਼ ਹੋ ਕੇ ਕਹਿੰਦੇ 'ਬੋਲੋ, ਸੰਤ ਜੀ ਕਿਨਾ ਨਾਮਾ ਦੇਈਏ...'! ਪਰ ਭਾਈ ਸੰਤ ਕਹਿੰਦੇ 'ਸਾਡਾ ਮਾਇਆ ਨਾਲ ਕੀ ਮੋਹ...!' ਪਰ ਭਾਈ ਜਦੋਂ ਉਹ ਨਾ ਈ ਮੰਨੇ ਤਾਂ ਸੰਤ ਕਹਿੰਦੇ 'ਚੰਗਾ ਭਾਈ ਇਕ ਡੇਰੇ ਦੇ ਦੋ ਪੱਕੇ ਕੱਮਰੇ ਪਾ ਦਿਉ ਤੇ ਇਕ ਲੈ ਦਿਉ ਮੋਟਰ ਸੈਂਕਲ...!'

ਸੱਜਣ : ਉਹਨਾਂ ਨੂੰ ਵੀ ਦਖਾਕੇ ਦੇਖਲਾਂਗੇ ਤਾਇਆ, ਪਰ ਮੈਨੂੰ ਤਾਂ ਨੀ ਲੱਗਦਾ ਬਈ ਕੁਸ਼ ਮੋੜ ਪੈਜੂ! ਜਦੋਂ ਐਨੇ ਸਾਲਾਂ ਦਾ ਨੀ ਫ਼ਰਕ ਪਇਆ, ਹੁਣ ਕੀ ਪੈਣਾ ਹੋਇਆ!

ਸੰਤਾ : ਤੂੰ ਐਂ ਦਿਲ ਨਾ ਛੋਟਾ ਕਰ, ਵੇਖ ਲੀਂ ਬੁਰੀ ਦੇ ਕਰਨ ਆਲੇ ਆਪੇ ਈ ਮੁੱਕ ਜਾਣਗੇ।

ਜੱਗਾ : ਕਿਥੇ ਤਾਇਆ, ਤੇਰੇ ਸਾਹਮਣੇ ਕੌੜੀ ਵੇਲ ਮਾਂਗੂੰ ਵਧੀ ਜਾਂਦੇ ਐ... ਕਹਿੰਦੇ ਨੰਬਰਦਾਰਾਂ ਦਾ ਮੇਲੂ ਹੁਣ ਠਾਣੇਦਾਰ ਬਣਨ ਆਲਾ ਐ।

ਸੰਤਾ : ਹਾਂ ਸੁਣਿਆ ਤਾਂ ਮੈਂ ਵੀ ਐ!

ਸੱਜਣ : ਬੱਸ ਫੇਰ, ਸਾਡੇ ਆਲਾ ਮੋਠੂ ਤੇ ਨੰਬਰਦਾਰਾਂ ਦਾ ਮੇਲੂ ਕੱਠੇ ਇਕੋ



ਪਾਲਟੀ 'ਚ ਹੁੰਦੇ ਸੀ। ਥੇਡੇ ਆਲਾ ਜੱਗਾ ਤਾਂ ਨਮਾ ਨਮਾ ਰਲਿਆ ਸੀ ਏਹਨਾਂ 'ਚ ਬਘੇਲੇ ਕੀ ਸੀਖਤ ਤੇ ਆ ਕੇ ਮੇਲੂ ਨੇ ਸਾਡੇ ਆਲੇ ਮੋਠੂ ਨੂੰ ਫੜਾਕੇ ਪੁਲਿਸ 'ਚ ਹੌਲਦਾਰੀ ਲੈਲੀ। ਸਾਡੇ ਆਲਾ ਮੋਠੂ ਉਦੋਂ ਦਾ ਭੰਨਿਆ ਨਾ ਜਿਉਂਦਿਆਂ 'ਚ ਨਾ ਮਰਿਆਂ 'ਚ! ਉਹ ਤਾਂ ਉਦੋਂ ਤੂੰ ਉਤਾ ਵਾਚ ਗਿਆ, ਨਹੀਂ ਤਾਂ ਥੇਡੇ ਆਲਾ ਜੱਗਾ ਵੀ...!

ਸੰਤਾ : ਕਮਲਿਆ, ਉਹਦੇ ਘਰੇਂ ਦੇਰ ਐ ਨ੍ਹੇਰ ਨੀ-ਵੇਖ ਲੀਂ ਤੇਰੇ ਸਾਹਮਣੇ ਹੋਣਗੇ ਨਬੇੜੇ।

ਸੱਜਣ : ਮੈਨੂੰ ਤਾਂ ਹਾਲੇ ਉਹਦੇ ਘਰੇ 'ਨ੍ਹੇਰ ਈ ਨ੍ਹੇਰ' ਲੱਗਦੇ ਤਾਇਆ, ਜਦੋਂ ਨਬੇੜੇ ਕਰੂ ਮੰਨਲਾਂਗੇ। (ਉਠਦਾ ਹੋਇਆ) ਚੰਗਾ ਮੈਂ ਚਲਦਾਂ, ਜਮੇਰੀ ਡੀਕਦਾ ਹੋਊ।

[ਜਾਂਦਾ ਹੈ। ਟੈਣੀ ਬਾਹਰ ਭੱਜਦਾ ਹੈ]

ਭਾਗੋ : ਵੇ ਤੈਂ ਕਿਧਰ ਸ਼ੂਟ ਵੱਟ ਲੀ!

ਟੈਣੀ : ਟੋਭੇ ਤੇ!

ਭਾਗੋ : ਵੇ ਛੇਤੀ ਮੁੜੀਂ, ਕਿਤੇ ਉਥੇ ਈ ਨਾ ਘਰ ਪਾਕੇ ਬਹਿਜੀਂ-ਤੈਂ ਸਕੂਲ ਵੀ ਜਾਣਾ ਹੋਊ ਪੜ੍ਹਣ!

ਟੈਣੀ : ਚੰਗਾ

[ਬਾਹਰ ਭੱਜ ਜਾਂਦਾ ਹੈ]

ਬੁੜ੍ਹੀ : ਵੇ ਘਰੇ ਈ ਐਂ ਮੁੰਡਿਆ!

ਸੰਤਾ : ਆ ਜਾ ਤਾਈ, ਨੰਘਿਆ, ਮੱਥਾ ਟੇਕਦਾਂ ਤਾਈ!

ਬੁੜ੍ਹੀ : ਜਿਉਂਦਾ ਰਹਿ ਪੁੱਤ, ਲੈ ਆਹ ਫੜ ਬਾਣ, ਦੂਹਰਾ ਕਰਕੇ ਮੇਲਦੀਂ ਸਮਾਰ ਕੇ! ਕੋਈ ਮੰਜਾ-ਮੁੰਜਾ ਭਰਿਆ ਜਾਂਦੈ, ਕਿਸੇ ਵਿਆਹ ਮੰਗਣੇ ਆਲੇ ਨੂੰ ਦਿੱਤਾ ਜਾਂਦੈ ਮੰਗਮਾਂ!

ਭਾਗੋ : (ਆਉਂਦੀਂ ਹੋਈ) ਮੱਥਾ ਟੇਕਦੀ ਆਂ ਅੰਮਾਂ ਜੀ।

ਬੁੜ੍ਹੀ : ਕੁੜੇ ਬਹੂ, ਤੂੰ ਕੱਲ੍ਹ ਨੀ ਆਈ?

ਭਾਗੋ : ਕੱਲ ਤਾਂ ਅੰਮਾਂ ਜੀ, ਮੈਂ ਧੰਨੋ ਕਿਆਂ ਨਾਲ 'ਕਾਣ ਵਗਗੀ ਸੀ!

ਬੁੜ੍ਹੀ : ਕੁੜੇ ਵੀਰ, ਜੰਮਣ-ਮਰਣ ਤਾਂ ਹੁੰਦੇ, ਪਰ ਕੰਮ-ਧੰਦਾ ਤਾਂ ਨੀ ਛਡਿਆ ਜਾਂਦਾ! ਤੂੰ ਅੱਜ ਵੀ ਕੁਵੇਲਾ ਕਰਤਾ, ਪਸ਼ੂਆਂ ਥੱਲੇ ਗੋਡੇ-ਗੋਡੇ ਗਰਕਣ ਹੋਈ ਪਈ ਐ।

ਭਾਗੋ : ਤੂੰ ਚਲ ਅੰਮਾਂ ਜੀ, ਮੈਂ ਆਹ ਦੋ ਭਾਂਡੇ ਮਾਂਜਕੇ ਹੁਣੇ ਆਈ।

ਬੁੜ੍ਹੀ : ਆਈ ਊਈ ਕੋਈ ਨੀ ਵੀਰ, ਉਦੋਂ ਗੋਂ ਵੇਲੇ ਲੂੰਲੜੀਆਂ ਕੱਢਦੇ ਸੀ, ਹੁਣ ਕੰਮ ਤੋਂ ਜਾਨ ਲਕੋਂਦੇ ਫਿਰਦੇ ਉਂ।

ਭਾਗੋ : ਕਾਹਨੂੰ ਅੰਮਾਂ ਜੀ।

ਬੁੜ੍ਹੀ : ਕਾਹਨੂੰ-ਕੁਹਨੂੰ ਕੋਈ ਨੀ ਵੀਰ, ਛੇਤੀ ਆ ਜਾ, ਨਾਲੇ ਕੱਲ ਦਾ ਪਿਐ

ਪੀਹਣ ਕਰਨ ਆਲਾ (ਉਠਦੀ ਹੋਈ) ਵੇ ਮੁੰਡਿਆ ਸਮਾਰਕੇ ਮੇਲਦੀਂ, ਕਿਤੇ ਉਂਈਂ ਫਾਹਾ ਜਾ ਨਾ ਵੱਢਦੀਂ !

[ਜਾਂਦੀ ਹੈ]

ਭਾਗੋ : ਆਹ ਬੁੜ੍ਹੀ ਨੇ ਤਾਂ ਸਾਡਾ ਲਹੂ ਪੀ ਛਡਿਐ !

[ਹਰਖਕੇ ਮੰਜਾ ਖੜਾ ਕਰ ਦਿੰਦੀ ਹੈ । ਜੱਗਾ ਸਪੀਕਰ ਤੇ ਟਰੰਕ ਚੁਕੀ, ਗਾਣਾ ਗਾਉਂਦਾ ਪ੍ਰਵੇਸ਼ ਕਰਦਾ ਹੈ : ਮੋਟਰ ਮਿਤਰਾਂ ਦੀ.. !']

ਸੰਤਾ : ਹੁਣ ਕਿਧਰ ਦੀ ਤਿਆਰੀ ਖਿੱਚਲੀ ਸਰਦਾਰ ਜੀ !

ਜੱਗਾ : ਬੱਸ ਕਰਤੀ ਨਾ ਉਹੀ ਗੱਲ, ਨਾ ਰਿਹਾ ਗਿਆ ਟੋਕੇ ਬਿਨਾ ! ਪਤਾ ਨੀ ਅੱਜ ਦਿਨ ਕਿਹਾ ਜਿਹਾ ਨੰਘੂ !

ਸੰਤਾ : ਟੋਕਣ ਨੂੰ ਤੂੰ ਸਾਲਿਆ ਮੁਕਲਾਵਾ ਲੈਣ ਚੱਲਿਐਂ, ਦੂਜੇ ਦਿਨ ਤੁਰ ਪੈਨੈ ਲੈਕੇ ਕੱਛ 'ਚ ਬਾਲਟੀ ਜੀ !

ਜੱਗਾ : (ਹਰਖਕੇ) ਕਿਉਂ ਤੇਰੇ ਦੰਦੀਆਂ ਵੱਢਦੀ ਐ ਮੇਰੀ ਬਾਲਟੀ ਜੀ ? ਚਾਰ ਰੁਪਈਏ ਕਮਾਉਂਨਾ ਈ ਆਂ, ਗਮਾਉਂਦਾ ਤਾਂ ਨੀ !

ਸੰਤਾ : ਮੈਂ ਭੁਲਿਆਂ ਤੇਰੀ ਕਮਾਈ ਨੂੰ ! ਚਾਰ ਰੁਪਈਆਂ ਦੀਆਂ ਤਾਂ ਤੂੰ ਬੀੜੀਆਂ ਪੀ ਜਾਨੈਂ ਨਿੱਤ !

ਜੱਗਾ : ਆਵਦੇ ਪੈਸਿਆਂ ਦੀਆਂ ਪੀਨਾਂ, ਤੈਥੋਂ ਨੀ ਮੰਗਦਾ ਸਰਦਾਰ ਜੀ !

ਭਾਗੋ : ਵੇ ਤੂੰ ਕੋਈ ਹੋਰ ਕੰਮ ਧੰਧਾ ਕਰ ਲੈ ! ਛੇਕੜ ਨੂੰ ਪੱਲੇਦਾਰੀ ਈ ਕਰ ਲੈ, ਵੀਹ ਮੁੰਡੇ ਜਾਂਦੇ ਐ ਆਪਣੇ ਪਿੰਡ ਦੇ ਮੰਡੀ ਰੋਜ਼ ।

ਸੰਤਾ : ਜੇ ਇਹ ਕਿਸੇ ਕਰਮ ਦਾ ਹੁੰਦਾ ਤਾਂ ਉਦੋਂ ਸੀਰ ਈ ਕਿਉਂ ਵਿਚਾਲਿਉਂ ਛੱਡਕੇ ਭੱਜਦਾ !

ਜੱਗਾ : ਮੈਂ ਚਾਅ ਨੂੰ ਛਡ ਕੇ ਆਇਆਂ, ਮਰਦੇ ਨੇ ਅੱਕ ਚੱਬਿਆ ਸੀ !

ਭਾਗੋ : ਵੇ ਪਹਿਲਾਂ ਵੀ ਤਾਂ ਕੱਟੇ ਈ ਸੀ ਦੋ ਸਾਲ । ਜੇ ਸਾਲ ਹੋਰ ਲਾ ਲੈਂਦਾ ਤਾਂ ਤੇਰਾ ਘਸ ਜਾਣਾ ਸੀ ਕੁਝ !

ਜੱਗਾ : ਮੈਨੂੰ ਈ ਪਤੈ, ਕਿਮੇਂ ਕੱਟੇ ਮੈਂ ਦੋ ਸਾਲ ! ਹਾੜ ਹੋਵੇ-ਸਿਆਲ ਹੋਵੇ, ਪਕਾ ਕੇ ਅੰਨ੍ਹੇ ਦੀ ਹਿੱਕ ਅਰਗੀਆਂ ਕੱਚੀਆਂ-ਪਿੱਲੀਆਂ ਜੀਆਂ, ਨਾਲ ਨੂੰ ਬੰਨ ਦਿੰਦੇ ਸੀ, ਮੈਂਸਾਂ ਨੂੰ ਪਾਉਣ ਆਲਾ ਕਾਲਾ ਜਾ ਗੁੜ ! ਅਖੇ 'ਖਾਲੋ ਬਈ' । ਜਿਮੇਂ ਸੀਰੀਆਂ ਦੇ ਅੰਦਰ ਜੇਰ ਗਲੀ ਹੁੰਦੀ ਐ ! ਫੇਰ ਸਾਰਾ ਦਿਨ ਧੰਦਾ ਕਰੋ ਤੇ ਰਾਤ ਨੂੰ ਦਾਰੂਆਂ ਕੱਢ-ਕੱਢ ਦਿਉ ਉਹਨਾਂ ਨੂੰ !

ਭਾਗੋ : ਤੈਥੋਂ ਮੂੰਹ ਪਾੜ ਕੇ ਜਵਾਬ ਨੀ ਦਿੱਤਾ ਜਾਂਦਾ ਸੀ, ਬਈ 'ਸਰਦਾਰ ਜੀ ਮੈਥੋਂ ਨੀ ਹੁੰਦੇ ਇਹ ਕੁੱਤੇ ਕੰਮ' ।

ਜੱਗਾ : ਅੱਗੇ ਮੇਰੇ ਆਲੇ ਚਾਚੇ ਚਰਨੇ ਨੇ ਕੀ ਕੱਢ ਲਿਆ ਜਵਾਬ ਦੇ ਕੇ ! ਉਂਈ ਉੱਘ-ਸੁੱਘ ਨੀ ਨਿਕਲਣ ਦਿੱਤੀ ਉਹਦੀ ਬਘੇਲੇ ਕਿਆਂ ਨੇ !



ਸੰਤਾ : ਉਏ ਚਰਨਾ ਤਾਂ ਹੀਰਾ ਬੰਦਾ ਸੀ ਹੀਰਾ, ਤੂੰ ਉਹਦੀ ਕੀ ਰੀਸ ਕਰਲੇਂਗਾ ! ਤੇਰੀ ਆਪਦੀ ਜੀਭ ਮੁੜਦੀ ਹੋਊ, ਮੈਂ ਕਿਹੜਾ ਭੁਲਿਆਂ ਤੈਨੂੰ !

ਜੱਗਾ : ਹੁਣ ਕਿੰਨੀ ਕੁ ਕੱਢ ਕੱਢ ਪੀਨਾ ! ਇਹ ਤਾਂ ਉਦੋਂ ਫਸੇ ਨੂੰ ਪੈਂਦਾ ਸੀ ਬਈ ਬਘੇਲੇ ਕਿਆਂ ਤੋਂ ਭੂਆ ਦੇ ਵਿਆਹ ਵੇਲੇ ਲਈ ਵਿਆਜੂ ਰਕਮ ਦਾ ਕੁਝ ਨਾ ਕੁਝ ਭਾਰ ਹੌਲਾ ਹੋ ਜੇ !'

ਸੰਤਾ : ਬੜਾ ਭਾਰ ਹੌਲਾ ਕੀਤਾ ਤੈਂ ! ਹਰ ਆਰੀ ਪੈਸੇ ਸਿਰ ਟੁੱਟਦੇ ਰਹੇ ਨੇ ।

ਜੱਗਾ : ਉਹ ਤਾਂ ਟੁੱਟਣੇ ਸੀ । ਬਘੇਲੇ ਕਿਆਂ ਨੇ ਅੱਗੇ ਕਿਸੇ ਜੋਗੀ ਨੂੰ ਦਿੱਤਾ ਉਹਦਾ ਹਿੱਸਾ ? ਦਾਰੂ ਮੂੰਹੋਂ ਨੀ ਕਰਤੀ ਮੇਰੀ ਫਸਲ ਪੂਰੀ ? ਜਦੋਂ ਦੇਖਿਆ ਬਈ ਬਚਦਾ-ਬੁਚਦਾ ਕੁਝ ਨੀ, ਮੈਂ ਕੇਰਾ ਹੱਕੇ ਸਾਬ੍ਹ ਮੰਗ ਲਿਆ, ਫੇਰ ਭਰੀ ਸੱਥ 'ਚ ਪੁਲਸ ਤੋਂ ਮੇਰੇ ਹੱਡ ਕੁਟਾਤੇ, ਅਖੇ 'ਮੇਰੇ ਖੇਤ 'ਚ ਚੋਰੀਓਂ ਦਾਰੂ ਕੱਢ-ਕੱਢ ਵੇਚਦੈ !' ਹਾਰ ਕੇ ਮੈਂ ਕੰਮ ਤੇ ਜਾਣਾ ਛੱਡਤਾ ! ਹੁਣ ਦੱਸ ਕਿਹੜਾ ਮੂੰਹ ਲੈਕੇ ਉਹਦੇ ਕੰਮ ਤੇ ਜਾਵਾਂ !

ਭਾਗੋ : ਵੇ ਫੇਰ ਤੂੰ ਕਿਸੇ ਹੋਰ ਨਾਲ ਸੀਰ ਕਰ ਲੈ ।

ਜੱਗਾ : ਮੈਨੂੰ ਤਾਂ ਮੇਰਾ ਆਹ ਸਪੀਕਰ ਈ ਚੰਗੈ ਭਾਬੀ, ਜਿਹੜੇ ਚਾਰ ਪੈਸੇ ਬਣ ਜਾਂਦੇ ਐ, ਦੋ ਆਪ ਖਾ ਛੱਡੀਂਦੇ ਐ ਤੇ ਦੋ ਘਰੇਂ ਦੇ ਛੱਡੀਂਦੇ ਐਂ ! ਨਾ ਕਿਸੇ ਦੀ ਹੈ-ਹੈ ਨਾ ਖੇ-ਖੇ !

[ਜੱਗਾ ਜਾਣ ਲੱਗਦਾ ਤਾਂ ਟੈਣੀ ਪ੍ਰਵੇਸ਼ ਕਰਦਾ ਹੈ ।]

ਟੈਣੀ : ਚਾਚਾ ਦੀਪੇ ਕੇ ਜਾਨੈਂ ਸਪੀਕਰ ਲਾਉਣ !

ਜੱਗਾ : ਆਹੋ, ਕਿਉਂ ?

ਟੈਣੀ : ਮੈਂ ਵੀ ਜਾਊਂਗਾ ਤੇਰੇ ਨਾਲ !

ਭਾਗੋ : ਵੇ ਤੂੰ ਉਥੇ ਕੀ ਕਰੇਂਗਾ ?

ਟੈਣੀ : ਪਤਾਸੇ ਖਾਊਂਗਾ !

ਜੱਗਾ : ਤੂੰ ਘਰੇਂ ਈ ਰਹਿ ਉਏ, ਮੈਂ ਤੈਨੂੰ ਐਥੇ ਈ ਲਿਆਦੂੰ ਫਲਾਫ਼ਾ !

[ਜਾਂਦਾ ਹੈ ।]

ਟੈਣੀ : ਮੈਂ ਨੀ ਮੈਂ ਤਾਂ ਜਾਊਂਗਾ !

ਭਾਗੋ : ਵੇ ਮੁੜ ਐਧਰ, ਪੜ੍ਹਨ ਨੀ ਜਾਣਾ ਤੈਂ ?

ਟੈਣੀ : ਮੈਂ ਨੀ ਜਾਂਦਾ ਸਕੂਲ !

ਭਾਗੋ : ਤੂੰ ਤਾਂ ਭੱਜਿਆ ਜਾਮੇਂਗਾ ।

ਟੈਣੀ : ਮੈਂ ਨੀ ਜਾਂਦਾ, ਲੈ ਲਾ ਲੈ ਜ਼ੋਰ, ਆਹ ਖੜਾਂ ।

ਭਾਗੋ : ਵੇ ਤੂੰ ਤੁਰ ਜਾ ਪਟਮੇਲੀ ਪੈਣਿਆਂ, ਤੂੰ ਕਿਉਂ ਮੇਰਾ ਲਹੂ ਪੀਨੈਂ !

[ਟੈਣੀ ਨੂੰ ਫੜਣ ਲੱਗਦੀ ਹੈ ।]

ਟੈਣੀ : (ਸੰਤੇ ਕੋਲ ਲੁਕਦਾ ਹੋਇਆ) ਹਾਏ ਉਏ ਬਾਬਾ ਮਾਰਤਾ ਉਏ !

ਸੰਤਾ : ਪੜ੍ਹਨ ਕਿਉਂ ਨੀ ਜਾਂਦਾ ਉਏ ਤੂੰ ?

ਟੈਣੀ : ਉਥੇ ਮੈਨੂੰ ਭੈਣਜੀਆਂ ਕੁੱਟਦੀਆਂ ਨੇ, ਧੁੱਪੇ ਕੰਨ ਫੜਾ ਕੇ ।

ਸੰਤਾ : ਸਬਕ ਨੀ ਯਾਦ ਕਰਦਾ ਹੋਏਂਗਾ !

ਟੈਣੀ : ਕਾਹਨੂੰ ਬਾਬਾ, ਮੇਰੇ ਕੋਲੇ ਕਾਪੀਆਂ ਹੈਨੀ, ਸਵਾਲ ਕੱਢਣ ਨੂੰ !

ਸੰਤਾ : ਐਤਕੀ ਥੋਨੂੰ ਸਕੂਲ ਆਲਿਆਂ ਨੇ ਨੀ ਦਿੱਤੀਆਂ ਕਾਪੀਆਂ ?

[ਟੈਣੀ ਨਾਂਹ ਵਿਚ ਸਿਰ ਮਾਰਦਾ ਹੈ ।]

ਭਾਗੋ : ਕਿਥੇ ਬਾਬਾ ਜੀ, 'ਕਰਤਾਰੇ ਕੀ ਗੁੱਡੀ ਦੱਸਦੀ ਸੀ ਬਈ ਜਿਹੜਾ ਨਵਾਂ ਮਾਸਟਰ ਆਇਐ ਨਾ, ਉਹਨੇ ਅੱਧੀਆਂ ਕਾਪੀਆਂ ਸਰਪੰਚਾਂ ਦੇ ਕਾਕੇ ਨੂੰ ਦੇਤੀਆਂ, ਕੁਝ ਹੇਮੂ ਬਾਣੀਏ ਨੂੰ ਚਕਾਤੀਆਂ ਅੱਧ ਮੁੱਲ ਤੇ ! ਬਾਕੀ ਦੀਆਂ ਆਪਦੇ ਜੁਆਕਾਂ ਨੂੰ ਵੰਡਤੀਆਂ ।

ਸੰਤਾ : ਸਰਪੰਚਾਂ ਦੇ ਕਾਕੇ ਨੂੰ ਤਾਂ ਦੇਣੀਆਂ ਈ ਹੋਈਆਂ ਭਾਈ ! ਮਾਸਟਰਾਂ ਦਾ ਸਾਰਾ ਦੁੱਧ-ਲੱਸੀ ਸਰਪੰਚਾਂ ਦੇ ਘਰੋਂ ਈ ਤਾਂ ਜਾਂਦੈ ! (ਟੈਣੀ ਨੂੰ) ਤੂੰ ਵੱਗ ਜਾ ਸ਼ੇਰਾ, ਮੈਂ ਕੱਲ੍ਹ ਨੂੰ ਲਿਆਦੂੰ ਤੈਨੂੰ ਕਾਪੀਆਂ !

ਟੈਣੀ : ਮੈਂ ਨੀ ਗਾ । ਅੱਜ ਫੇਰ ਮੇਰੇ ਕੁੱਟਾਂ ਪੈਣਗੀਆਂ !

ਸੰਤਾ : ਚੰਗਾ, ਤੇਰੀ ਮਰਜ਼ੀ !

ਭਾਗੋ : ਕਿਧਰੇ ਨੀ ਇਹਦਾ ਦੋ ਛਿਤਰਾਂ ਨਾਲ ਨੂਣ ਟਿਲਕਦਾ ! ਮੈਂ ਛੱਡਕੇ ਆਉਨੀ ਆਂ ਇਹਨੂੰ ਸਕੂਲ !

[ਟੈਣੀ ਨੂੰ ਫੜਨ ਲੱਗਦੀ ਹੈ । ਉਹ ਫੇਰ ਸੰਤੇ ਕੋਲ ਲੁਕ ਜਾਂਦਾ ਹੈ ।]

ਟੈਣੀ : ਹਾਏ ਉਏ ਬਾਬਾ ਮਾਰਤਾ ਉਏ !

ਸੰਤਾ : ਰਹਿਣ ਦੇ ਭਾਈ, ਕਿਉਂ ਜੁਆਕ ਨੂੰ ਰਵਾਉਨੀ ਐਂ ? ਨਾਲੇ ਉਥੇ ਕੇਹੜਾ ਕੋਈ ਚੱਜ ਨਾਲ ਪੜ੍ਹਾਉਂਦੈ ! ਮਾਸਟਰਨੀਆਂ ਨੂੰ ਤਾਂ ਸਵਾਟਰ ਬੁਨਣ ਤੋਂ ਵੇਹਲ ਨੀ ਮਿਲਣੀ ਤੇ ਮਾਸਟਰ ਪੀ ਕੇ ਪਜੇਰੀ-ਪਸੇਰੀ ਲੱਸੀ, ਊਂ' ਊਂਘੀ ਜਾਂਦੇ ਐ ਸਾਰਾ ਦਿਨ !

ਟੈਣੀ : ਨਾਲੇ ਬਾਬਾ, ਸਾਡੀ ਉਹ ਤੱਪੜ ਜੀ ਮਾਸਟਰਨੀ ਨਾ, ਮੈਨੂੰ ਆਪਦਾ ਜੁਆਕ ਫੜਾ ਦਿੰਦੀ ਐ ਰੋਜ ਈ ਅਖੇ "ਇਹਨੂੰ-ਖੇਡਾ ਲੈ" । ਉਹ ਕੰਜਰ ਦਾ ਨਾ ਚੁੱਪ ਕਰੇ ਨਾ ਹੋਰ !

ਸੰਤਾ : ਲੈ ਵੇਖ ਲੈ ਭਾਈ !

ਭਾਗੋ : ਉਥੇ ਸਮਿਉਂ ਤਾਂ ਰਹੂ, ਇਥੇ ਸਾਰਾ ਦਿਨ ਡੱਪ-ਡੱਪ ਕਰਦਾ ਫਿਰੂ ਗਲੀਆਂ 'ਚ !

ਟੈਣੀ : ਮੈਂ ਗਾਂ ਲੈ ਜਾਨਾਂ ਚਾਰਨ !

ਭਾਗੋ : ਮੈਂ ਤਾਂ ਕਿਤੇ ਹੁਣ ਨਾ ਲਾਦਿਆਂ ਸੱਜਰ-ਸੂਈ ਗਾਂ ਤੇਰੇ ਮੂਹਰੇ, ਮਸਾਂ ਮਰਦਿਆਂ ਨੂੰ ਘੁੱਟ ਦੁੱਧ ਦੀ ਹੋਈ ਐ !

ਟੈਣੀ : ਫੇਰ ਮੈਂ ਬੱਕਰੀਆਂ ਲੈ ਜਾਨਾ ਛੱਡਕੇ ।



ਸੰਤਾ : ਚੰਗਾ ਲੈ ਜਾ । ਪਰ ਦੇਖੀਂ ਕਿਸੇ ਤੋਂ ਉਲਾਂਭਾ ਨਾ ਦਿਵਾਈਂ ।

ਟੈਣੀ : ਨਹੀਂ ।

[ਬਾਹਰ ਨੂੰ ਭੱਜ ਜਾਂਦਾ ਹੈ ।]

ਨੂਰਾ : ਚਾਚੀ, ਤੈਨੂੰ ਮੇਰੀ ਭੂਆ ਨੇ ਸੱਦਿਐ ਸਾਡੇ ਘਰੇ !

ਭਾਗੋ : ਵੇ ਕੀ ਕਰਾਉਣੈਂ ਉਹਨੇ ਮੈਥੋਂ !

ਨੂਰਾ : ਚਾਦਰ ਦਾ ਨਮੂਨਾ ਪੁੱਛਣੈ !

ਭਾਗੋ : ਨੰਬਰਦਾਰਾਂ ਦੇ ਗੋਹਾ ਕੂੜਾ ਕਰਨ ਆਈ ਦਸ ਆਉਂ ਮੈਂ !

ਨੂਰਾ : ਚੰਗਾ

[ਜਾਣ ਲੱਗਦਾ ਹੈ ।]

ਸੰਤਾ : ਉਏ ਐਤਕੀ ਕੀਹਦੇ ਨਾਲ ਐਂ ਤੂੰ !

ਨੂਰਾ : ਬਾਬਾ, ਮੈਂ ਤਾਂ ਬਘੇਲੇ ਕਿਆਂ ਨਾਲ ਈ ਆਂ ਐਂਤਕੀ ਵੀ ।

ਭਾਗੋ : ਵੇ ਆਹ ਗੀਝੇ 'ਚ ਕੀ ਐ ਤੇਰੇ ?

ਨੂਰਾ : ਪੰਜ ਰੁਪਈਏ !

ਸੰਤਾ : ਉਏ ਕਿਤੇ ਕਿਸੇ ਦੇ ਚੱਕ ਤਾਂ ਨੀ ਲਿਆਇਆ ?

ਨੂਰਾ : ਕਾਹਨੂੰ ਬਾਬਾ, ਬਘੇਲੇ ਦਾ ਮੁੰਡਾ, ਜਿਹੜਾ ਮੰਡੀ ਵੱਡੇ ਸਕੂਲ 'ਚ ਪੜ੍ਹਦਾ, ਨਾ, ਉਹ ਮੈਨੂੰ ਕਹਿੰਦਾ "ਮਰਾਸੀਆ ਬਾਗੀ ਪਾ ਕੇ ਸੁਣਾ ਉਏ !" ਜਦੋਂ ਮੈਂ ਬਾਗੀ ਪਾਈ ਨਾ ਉਹਨੇ ਮੈਨੂੰ ਆਹ ਪੈਸੇ ਦਿੱਤੇ ।

ਸੰਤਾ : ਤੇ ਬਘੇਲੇ ਨੇ ਨੀ ਕੁਝ ਦਿੱਤਾ !

ਨੂਰਾ : ਕਿਥੇ ਬਾਬਾ, ਉਹ ਤਾਂ ਬਾਹਲਾ ਕੰਜੂਸ ਐ ਕੰਜਰ ਦਾ ! ਉਹ ਤਾਂ ਆਪਦੇ ਮੁੰਡੇ ਨੂੰ ਕਹਿੰਦਾ ਸੀ ਬਈ ਅੱਠ ਚਾਰ ਆਨੇ ਈ ਬਹੁਤ ਐ ।' ਪਰ ਮੈਂ ਤਾਂ ਫੜਦਾ ਈ ਪੈਸੇ ਭੱਜ ਆਇਆ, ਸੋਚਿਆ ਕਿਤੇ ਕੰਜਰ ਦਾ ਇਹ ਵੀ ਨਾ ਖੋਹ ਲਵੇ !

ਭਾਗੋ : ਵੇ ਤੂੰ ਬਾਗੀ ਪਾਉਣ ਜੋਗਾ ਹੋ ਵੀ ਗਿਆ ?

ਨੂਰਾ : ਪਾ ਕੇ ਵਖਾਮਾਂ ?

[ਨੂਰਾ ਬਾਗੀ ਪਾਉਂਦਾ ਹੈ] "ਵੇਹਟੀ ਆਈ ਨਾਭੇ ਦੀ
ਦਾੜ੍ਹੀ ਪੱਟੇ ਬਾਬੇ ਦੀ...

[ਭਾਗੋ ਗੁੱਝਾ ਜਿਹਾ ਹਾਸਾ ਹਸਦੀ ਹੈ ।]

ਸੰਤਾ : ਭੱਜ ਉਏ ਕੰਜਰਾ ਐਥੋਂ !

[ਭੱਜਿਆ ਜਾਂਦਾ ਬਾਹਰੋਂ ਆਉਂਦੇ ਚਰਨੇ ਵਿਚ ਵੱਜਦਾ ਹੈ ।]

ਚਰਨਾ : ਬਚ ਮੱਲਾ !

[ਸੰਤਾ ਚਰਨੇ ਨੂੰ ਹੈਰਾਨੀ ਨਾਲ ਵੇਖਦਾ ਹੈ, ਭਾਗੋ ਵੀ ਉਹਨੂੰ ਨੰਗੇ ਮੂੰਹ ਵੇਖ ਰਹੀ ਹੈ ।]

ਚਰਨਾ : ਕਿਮੇਂ ਵੱਡੇ ਭਾਈ ਭਮਤਰਿਆ ਖੜੈਂ ?

ਸੰਤਾ : ਹੈਂ, ਚਰਨਿਆਂ ਤੂੰ । ਕਿਧਰ ਤੁਰ ਗਿਆ ਸੀ ਤੂੰ ? ਅਸੀਂ ਤਾਂ ਤੇਰੀ ਆਸ ਈ ਮਕਾਤੀ ਸੀ !

ਚਰਨਾ : ਅਗਲਿਆਂ ਨੇ ਤਾਂ ਭਾਈ ਆਸ ਮਕਾਉਣ ਅਲੀ ਗੱਲ ਕੀਤੀ ਸੀ, ਪਰ ਭਾਈ ਮਾਰਨ ਆਲੇ ਨਾਲੋਂ ਬਚਾਉਣ ਆਲਾ ਜ਼ੋਰਾਵਰ ਐ !

ਸੰਤਾ : ਪਰ ਤੂੰ ਖੜਾ ਕਿਉਂ ਐਂ ? ਆ ਐਧਰ ਬੈਠ ਮੰਜੇ ਤੇ ! (ਭਾਗੋ ਨੂੰ) ਚਾਹ ਦੀ ਘੁੱਟ ਧਰੀਂ ਭਾਈ !

ਭਾਗੋ : ਚਾਹ ਤਾਂ ਹੈਗੀ ਸਮਝ ਬਾਬਾ ਜੀ !

ਸੰਤਾ : ਲੈ ਜਲ ਛੱਕ ਛੋਟੇ ਭਾਈ !

ਚਰਨਾ : ਹੋਰ ਸੁਣਾ ਵੱਡੇ ਭਾਈ, ਤੇਰੇ ਜੁਆਕਾਂ ਦਾ ਕੀ ਹਾਲ ਐ ?

ਸੰਤਾ : ਸਭ ਠੀਕ ਠਾਕ ਐ ਵਾਖਰੂ ਦੀ ਕ੍ਰਿਪਾ ਨਾਲ ! ਵੱਡਾ ਜਮੈਤੀ ਤਾਂ ਸੱਜਣ ਨਾਲ ਸੀਰ ਕਰਦੈ ! ਇਕ ਮੁੰਡਾ ਵੀ ਐ ਉਹਦਾ ਸੱਤ-ਅੱਠ ਸਾਲ ਦਾ !

ਚਰਨਾ : ਚਲੋ ਭਲੀ ਹੋਈ !

ਸੰਤਾ : ਤੇ ਛੋਟੇ ਜੱਗੇ ਨੇ ਆਪਦਾ ਕੰਮ ਧੰਦਾ ਤੋਰ ਛਡਿਐ !

ਚਰਨਾ : ਤੂੰ ਸੇਪੀ ਦਾ ਕੰਮ ਛਡਤਾ ਕਿ ਕਰੀਂ ਜਾਨੈਂ ?

ਸੰਤਾ : ਸੋਚਿਆ ਸੀ ਬਈ ਕੱਲੇ ਜੋੜੇ ਜਿਉਣ ਦਾ ਕੰਮ ਕਰ ਲਈਏ ! ਪਰ ਭਾਈ ਪਿੰਡ ਆਲੇ ਬਾਹਲਾ ਜ਼ੋਰ ਪਾਉਣ ਲੱਗਗੇ !

ਚਰਨਾ : ਚਲ, ਐਨੇ ਨਾਲ ਚਾਰ ਮਣ ਦਾਣੇ ਕੱਠੇ ਹੋ ਜਾਂਦੇ, ਨਾਲੇ ਦਿਨ ਸੌਖਾ ਲੰਘ ਜਾਂਦੈ !

ਸੰਤਾ : ਕਿਥੇ ਚਰਨਿਆਂ, ਪਹਿਲਾਂ ਸੀ ਬਈ ਅਗਲੇ ਪਿੜਾਂ 'ਚੋ ਈ ਚਕਾ ਦਿੰਦੇ ਸੀ ਦਾਣੇ ! ਹੁਣ ਤਾਂ ਗੇੜੇ ਮਾਰ-ਮਾਰ ਥੱਕ ਜਾਂਈਦੈ, ਦਾਣੇ ਦੇਣ ਦਾ ਨਾਂ ਈ ਨੀ ਲੈਂਦੇ !

[ਭਾਗੋ ਚਾਹ ਧਰਕੇ ਚਰਨੇ ਦੇ ਪੈਰੀਂ ਹੱਥ ਲਾਉਂਦੀ ਹੈ ।]

ਚਰਨਾ : ਜਿਉਂਦੀ ਵਸਦੀ ਰਹਿ ਭਾਈ !

ਭਾਗੋ : ਬਾਬਾ ਜੀ, ਮੈਂ ਨੰਬਰਦਾਰਾਂ ਦੇ ਗੋਹਾ ਕੂੜਾ ਕਰ ਆਮਾਂ । ਆ ਕੇ ਕਰਦੀ ਆਂ ਰੋਟੀ ਟੁੱਕ ਦਾ ।

[ਜਾਂਦੀ ਹੈ ]

ਚਰਨਾ : ਸੱਚ ਵੱਡੇ ਭਾਈ, ਆਹ ਲੰਬਰਦਾਰਨੀ ਮਰਗੀ ਕਿ ਹਾਲੇ ਹੈਗੀ ?

ਸੰਤਾ : ਕਿਥੇ ਉਮੈਂ ਦੀ ਉਮੈਂ ਤੁਰੀ ਫਿਰਦੀ ਐ ! ਆਹ ਵੇਖ ਬਾਣ ਫੜਾਗੀ ਸੀ । ਕਹਿੰਦੀ ਦੂਹਰਾ ਕਰਕੇ ਮੇਲਦੀਂ ਸਮਾਰਕੇ...'

ਚਰਨਾ : ਇਹ ਬੁੜੀ ਅੱਡ ਮੂਤ 'ਚੋਂ ਮੱਛੀਆਂ ਭਾਲਦੀ ਐ ! ਭਲਾਂ ਕੋਈ ਪੁਛਣ ਆਲਾ ਹੋਵੇ ਬਈ ਤੇਰੇ ਘਰੇਂ ਘਾਟੈ ਕਿਸੇ ਚੀਜ਼ ਦਾ, ਐਮੇਂ ਕਿਰਸ ਤੇ ਲੱਕ ਬੰਨ੍ਹ ਛਡਿਐ !

ਸੰਤਾ : ਕਿਰਸ ਬਿਨਾ ਮਾਇਆ ਵੀ ਤਾਂ ਕੱਠੀ ਨੀ ਹੁੰਦੀ ਚਰਨਿਆ !



ਚਰਨਾ : ਕਿਰਸ ਨਾਲ ਕਿ ਲੁੱਚ-ਪਹੁ ਨਾਲ । ਨਾਲੇਂ ਤੈਨੂੰ ਕਿਹੜਾ ਭੁਲਿਐ ਬਈ ਆਹ ਨੰਬਰਦਾਰਾਂ ਕੇ ਕਿਮੇਂ ਨਾਮਾ ਕੱਠਾ ਹੋਇਐ ! ਫੜਾਕੇ ਧੋਖੇ ਨਾਲ ਕਰੋੜਾ ਡਾਕੂ, ਨਾਲੇ ਉਹਦਾ ਮਾਲ ਰਖ ਲਿਆ ਤੇ ਨਾਲੇ ਭਾਈ ਸਰਕਾਰੋਂ ਪੈਸੇ ਮਿਲਗੇ । ਨਾਲੇ ਆਪਣੇ ਨਾਲੋਂ ਵੱਡਾ ਕਿਹੜਾ ਕਿਰਸੀ ਹੋਊ ਜਹਾਨ 'ਚ, ਨਾ ਚੱਜਦਾ ਖਾਣਾ ਨਾ ਚੱਜਦਾ ਹੰਢਾਉਣਾ ।

ਸੰਤਾ : ਸਭ ਪਿਛਲੇ ਜਨਮ ਦੀਆਂ ਗੱਲਾਂ ਐ ਛੋਟੇ ਭਾਈ ! ਉਨ੍ਹਾਂ ਦੇ ਕਰਮ ਉਨ੍ਹਾਂ ਨਾਲ ਤੇ ਆਪਣੇ, ਆ-ਣੇ ਨਾਲ !

ਚਰਨਾ : ਤੂੰ ਤਾਂ ਭੋਲੀਆਂ ਗੱਲਾਂ ਕਰਦੈਂ ! ਨਾ ਐਂ ਦੱਸ ਬਈ ਸਾਡੀ ਜਾਤ ਬਰਾਦਰੀ 'ਚੋਂ ਕਿਸੇ ਕੰਜਰ ਨੇ ਚੱਜਦੇ ਕਰਮ ਕੀਤੇ ਈ ਨੀ, ਸਾਰੇ ਦੇ ਸਾਰੇ ਮਾੜੇ ਕਰਮ ਕਰਦੇ ਰਹੇ ਨੇ ਪਿਛਲੇ ਜਨਮ 'ਚ ? ਨਾਲੇ ਆਹ ਤੇਰੇ ਬਘੇਲੇ ਕਿਆਂ ਨੇ ਕੀਤੇ ਹੋਣੇ ਚੱਜਦੇ ਕਰਮ ! ਹਾਲੇ ਬਘੇਲੇ ਦੇ ਫੁੱਫੜ ਦਾ ਸਿਵਾ ਨੀ ਠੰਡਾ ਹੋਇਆ ਸੀ, ਜਦੋਂ ਉਹਦਾ ਸਾਰਾ ਕੁਝ ਵੇਚਕੇ ਵੱਟਕੇ ਬਘੇਲੇ ਦੀ ਭੂਆ ਨੂੰ ਐਥੇ ਚਕ ਲਿਆਏ !

ਸੰਤਾ : ਪਰ ਯਾਰ ਮੈਂ ਤਾਂ ਸੁਣਿਆ ਸੀ ਬਈ ਬਘੇਲੇ ਦੇ ਪਿਉ ਨੇ ਮਰਵਾਤਾ ਸੀ ਉਹ ਜ਼ਮੀਨ ਦੇ ਲਾਲਚ ਪਿਛੇ !

ਚਰਨਾ : ਤੇ ਹੋਰ ਕੀ ਨਹੀਂ ! ਕੁਝ ਚਿਰ ਤਾਂ ਲੋਕ-ਲੱਜੋਂ ਪੁਛ-ਪ੍ਰਤੀਤ ਕੀਤੀ, ਪਰ ਮਗਰੋਂ ਉਹੀ ਬਾਹਾਂ ਉਹੀ ਕਹਾੜੀ ! ਜੇ ਕਦੇ ਵਿਚਾਰੀ ਨੂੰ ਪੁੱਛ ਬੈਠਦੇ ਤਾਂ ਉਹ ਰੋ ਰੋ ਕੇ ਦੱਸਦੀ ਬਈ 'ਇਹ ਕੰਜਰ ਉਹਦੇ ਨਾਲ ਕੀ ਕੁੱਤੇਖਾਣੀ ਕਰਦੈਂ !' ਕਰਦੇ ਵੀ ਕਿਉਂ ਨਾ ਜਿਹੜੀ ਗਰਜ਼ ਸੀ ਉਹ ਤਾਂ ਪੂਰੀ ਹੋਗੀ ਸੀ !

ਸੰਤਾ : ਅਸੀਂ ਤਾਂ ਸਮਝਦੇ ਸੀ ਬਈ ਕਿਤੇ ਤੂੰ ਤੇ ਉਹ...! ਤਾਂਹੀ ਤਾਂ ਉਹਨਾਂ ਨੇ ਤੇਰੇ ਨਾਲ ਐਂ ਕੀਤੀ !

ਚਰਨਾ : ਕਿਥੇ ਯਾਰ, ਉਹ ਤਾਂ ਜਦੋਂ ਮੱਠੂ ਤੇ ਮੇਲੂ ਭੱਜੇ ਫਿਰਦੇ ਸੀ ਨਾ, ਉਦੋਂ ਉਹ ਲੰਘਦੇ ਟੱਪਦੇ ਮੇਰੇ ਕੋਲੋਂ ਚਾਹ ਪਾਣੀ ਪੀ ਜਾਂਦੇ ਸੀ ! ਜਦੋਂ ਬਘੇਲੇ ਨੂੰ ਲਗ ਗਿਆ ਪਤਾ, ਉਹ ਮੈਨੂੰ ਲਾਲਚ ਜੇ ਦੇਣ ਲੱਗ ਪਿਆ ! ਪਰ ਮੈਂ ਤਾਂ ਟਕੇ ਅਰਗਾ ਜਵਾਬ ਦੇਤਾ ਉਹਨੂੰ । ਪਰ ਭਾਈ ਮਗਰੋਂ ਕੰਜਰ ਦੇ ਮੇਲੂ ਨੇ ਈ ਫੜਾਤਾ ਬਚਾਰਾ ਮੱਠੂ ! ਅਸਲ ਗੁੱਸਾ ਤਾਂ ਸੀ ਆਹ, ਤੇ ਗੱਲ ਬਣਾਤੀ ਹੋਰ !

ਸੰਤਾ : ਪਰ ਤੂੰ ਐਨਾ ਚਿਰ ਰਿਹਾ ਕਿਥੇ ?

ਚਰਨਾ : ਰਹਿਣਾ ਕਿਥੇ ਸੀ ! ਜਦੋਂ ਸੁਰਤ ਆਈ ਹਸਪਤਾਲ 'ਚ ਪਿਆ ਸੀ, ਉਥੇ ਇੱਕ ਟਰੱਕ ਆਲੇ ਨਾਲ ਮਲਾਹਜ਼ਾ ਪੈ ਗਿਆ ! ਉਹਦੇ ਨਾਲ ਚੜ੍ਹਕੇ ਬੰਗਾਲ ਕੰਨੀ ਤੁਰ ਗਿਆ ! ਹੁਣ ਬਾਈ ਉਥੇ ਚੌਂਕੀਦਾਰਾ ਕਰਕੇ ਗੁਜ਼ਾਰਾ ਕਰੀਦੈ ! (ਕੁਝ ਸੋਚਕੇ) ਸੰਤਿਆ, ਆਪਣੇ ਜ਼ੋਟੀਦਾਰਾਂ ਦੀ ਦੇਹ

ਕੋਈ ਗੱਲ ।

ਸੰਤਾ : ਉਹ ਤਾਂ ਸਾਰੇ ਹੋਗੇ ਰੱਬ ਨੂੰ ਪਿਆਰੇ, ਕੱਲਾ ਕਾਕੂ ਈ ਐ, ਬੈਠਾ ਬਚਾਰਾ ਮੁੰਡਿਆਂ ਦਾ ਕੱਢਿਆ ਬਾਹਰਲੇ ਘਰੇਂ ।

ਰਚਨਾ : ਚੰਗਾ, ਮੈਂ ਚਲਦਾਂ ਕਾਕੂ ਕੋਲੇ ! ਤੂੰ ਮਾਰਲੀਂ ਰਾਤ ਨੂੰ ਗੇੜਾ, ਕਰਾਂਗੇ ਦੁੱਖ-ਸੁੱਖ ਸਾਂਝੇ !

ਸੰਤਾ : ਚੰਗਾ !

[ਚਰਨਾ ਜਾਂਦਾ ਹੈ । ਭਾਗੋ ਕਣਕ ਦਾ ਬੱਠਲ ਲੈ ਕੇ ਪ੍ਰਵੇਸ਼ ਕਰਦੀ ਹੈ ।]

ਭਾਗੋ : ਬਾਬਾ ਜੀ, ਤੂੰ ਸੋਹਣੇ ਦੀ ਮਸ਼ੀਨ ਦਾ ਪਤਾ ਲਿਆਉਂਦਾ ! ਜੇ ਚਲਾਊਗਾ ਤਾਂ ਮੈਂ ਪੀਹਣ ਕਰ ਦਿੰਦੀ, ਤੂੰ ਕੋਲੇ ਖੜ੍ਹਕੇ ਪਿਹਾ ਲੈਂਦਾ !

ਸੰਤਾ : ਜਾਨਾ ਭਾਈ !

[ਉਠਣ ਲੱਗਦਾ ਹੈ ।]

ਸਾਧ : (ਪ੍ਰਵੇਸ਼ ਕਰਦੇ ਹੋਏ) ਅਲੱਖ ਨਿਰੰਜਨ ! ਸੰਤਾਂ ਨੇ ਭੋਜਨ ਛਕਣਾ ਸੀ ਬੱਚਾ !

ਭਾਗੋ : ਰੋਟੀ ਤਾਂ ਹਾਲੇ ਪਕਾਈ ਨੀ ਬਾਬਾ ।

ਸੰਤਾ : ਚੱਲ, ਆਟੇ ਦੀ ਮੁੱਠੀ ਪਾ ਦੇ ਭਾਈ !

ਭਾਗੋ : ਆਟਾ ਤਾਂ ਪਿਹਾਉਣ ਆਲਾ ਬਾਬਾ ਜੀ।

ਸੰਤਾ : ਫੇਰ ਭਾਈ, ਕਣਕ ਦੀ ਬਾਟੀ ਪਾਊ ਭਾਈ ਭਰਕੇ ਸੰਤਾਂ ਨੂੰ !

ਭਾਗੋ : ਬਾਬਾ ਜੀ, ਕਣਕ ਤਾਂ ਮੋਠੂ ਦੀ ਮਾਂ ਨੇ ਮਸਾਂ ਮਰਦੀ-ਜਿਊਂਦੀਂ ਨੇ ਵੀਹ ਸੇਰ ਦਿੱਤੀ ਐ ! ਉਹਦੇ 'ਚੋਂ ਕੀ ਇਹਨੂੰ ਪਾ ਦਿਆਂ ਤੇ ਕੀ...!

ਸਾਧ : ਫਿਰ ਕਿਆ ਹੂਆ ਬੱਚਾ, ਵਸਤੇ ਘਰੋਂ ਕੀ ਆਸ ਲੇਕਰ ਹੀ ਆ ਜਾਤੇ ਹੈਂ ਸੰਤ ਫਕੀਰ।

ਜੱਗਾ : (ਪ੍ਰਵੇਸ਼ ਕਰਦੇ ਹੋਏ) ਫੇਰ ਨਾ ਜਾਇਆ ਕਰਨ ਵਸਦੇ ਘਰਾਂ ਨੂੰ ਛੱਡਕੇ । ਉਦੋਂ ਤਾਂ ਪਾਕੇ ਤਗਮੇ ਬਨ ਜਾਂਦੇਂ ਸਾਧ !

ਸਾਧ : ਐਸੇ ਥੋੜਾ ਬਨ ਜਾਤੇ ਹੈ ਸਾਧੂ, ਬੱਚਾ ! ਘਰ-ਬਾਰ, ਮੋਹ-ਪਿਆਰ, ਬਾਲ-ਬੱਚਾ ਸਭੀ ਕੁਸ਼ ਤਿਆਗਨਾ ਪੜਤਾ ਹੈ ।

ਜੱਗਾ : ਫੇਲ ਐਥੇ ਫੇਰੇ ਦੇਣ ਆਇਐਂ ? ਕਿਸੇ ਪਹਾੜ ਦੀ ਟੀਸੀ 'ਤੇ ਬੈਠ ਚੜ੍ਹਕੇ । ਉਦੋਂ ਤਾਂ ਇਹਨਾਂ ਘਰਾਂ ਦੀਆਂ ਜ਼ੁਮੇਵਾਰੀਆਂ ਤੋਂ ਭੱਜਕੇ ਬਣ ਜਾਂਨੇ ਓ ਸਾਧ, ਫੇਰ ਟੁੱਕ ਦੀ ਬੁਰਕੀ ਖਾਤਰ ਇਹਨਾਂ ਈ ਘਰਾਂ ਦੀ ਆਸ ਤਕਦੇ ਓਂ ! ਹੂੰ...ਸ਼ਰਮ ਤਾਂ ਨੀ ਆਉਂਦੀ !

ਸੰਤਾ : ਇਹਦੀ ਗੱਲ ਦਾ ਗੁੱਸਾ ਨਾ ਕਰਿਓ ਜੀ, ਮਛੂੰਰ ਮੱਤ ਐ !

ਸਾਧ : ਸਾਧੂ ਕਿਸੀ ਕੀ ਬਾਤ ਕਾ ਗੁੱਸਾ ਨਹੀਂ ਮਾਨਤੇ ਬੱਚਾ !

ਜੱਗਾ : ਉਏ ਬੂਵਨਿਆਂ, ਐਂ ਕਰ, ਚਲ ਮੇਰੇ ਨਾਲ, ਚੱਕ ਤਕਾਟਾਂ ਆਲੀ ਪੇਟੀ ! ਆਪਣਾ ਅੱਧੋ-ਅੱਧ, ਖਾਣ ਪੀਣ ਦੀ ਉਂ ਐਸ਼ !



ਸਾਧ : ਕਾਮ-ਕਾਜ ਮੇਂ ਪੜਕਰ ਭਗਤੀ ਕੇ ਲੀਏ ਸਮਾਂ ਨਹੀਂ ਮਿਲਤਾ ਬੱਚਾ !

ਜੱਗਾ : ਸਮਾਂ ਨੀ ਮਿਲਤਾ ਕਿ ਢੂਹੀ ਨੂੰ ਮੁੜ੍ਹਕਾ ਆਉਂਦੈ ?

[ਭਾਗੋਂ ਸਾਧ ਨੂੰ ਕਣਕ ਦੀ ਬਾਟੀ ਪਾਉਂਦੀ ਹੈ ।]

ਸਾਧ : ਜੀਤੀ ਰਹਿ ਬੱਚਾ !

[ਸਾਧ ਜਾਂਦਾ ਹੈ ।]

ਭਾਗੋ : (ਜੱਗੇ ਦੇ ਮੱਥੇ 'ਤੇ ਬੰਨ੍ਹੀ ਪੱਟੀ ਵੇਖਦੇ ਹੋਏ) ਵੇ ਜੱਗਿਆ, ਆਹ ਕੀ ਮਾਰ ਲਿਆ ਮੱਥੇ ਤੇ ?

ਜੱਗਾ : ਇਹਤਾਂ ਲੜਾਈ ਜੀ ਹੋਗੀ ਸੀ ਭਾਬੀ !

ਸੰਤਾ : ਤੂੰ ਕੋਈ ਨਾ ਕੋਈ ਉਧ ਮੂਲ ਖੜਾ ਕਰੀਂ ਰਖੇਗਾ ! ਉਏ ਕੀਹਦੇ ਨਾਲ ਲੜ ਪਿਆ ਕੰਜਰ ਦਿਆ ਪੁੱਤਾ ?

ਜੱਗਾ : ਕਾਹਨੂੰ ਯਾਰ ਬਾਪੂ, ਮੈਂ ਗਿਆ ਸੀ ਦੀਪੇ ਕੇ ਮੰਗਣੇ 'ਤੇ ਸਪੀਕਰ ਲਾਉਣ ! ਉਥੇ ਬਘੇਲੇ ਕਾ ਕਾਕਾ, ਡੱਕਿਆ ਦਾਰੂ ਦਾ ਕਹਿੰਦਾ 'ਉਏ ਚਮਿਆਰਾ, ਕੋਈ ਨਵਾਂ ਜਾ ਰਕਾਟ ਲਾ ਉਏ' ਜਦੋਂ ਮੈਂ ਰਕਾਟ ਲਾਉਣ ਲੱਗਿਆ, ਤਾਂ ਮੇਰਾ ਸਾਲਾ ਮੈਨੂੰ ਗਾਲਾਂ ਦੇਣ ਲਗ ਗਿਆ, ਕਹਿੰਦਾ "ਤੂੰ ਸਾਡੇ ਸੀਰ 'ਚੋਂ ਭੱਜ ਆਇਆ ਉਏ ।" ਗਾਲਾਂ ਦਿੰਦੇ-ਦਿੰਦੇ ਨੇ ਮੇਰੀ ਰਕਾਟਾਂ ਆਲੀ ਪੇਟੀ 'ਚ ਲੱਤ ਮਾਰੀ । ਮੈਨੂੰ ਤੇ ਫੇਰ ਚੜ੍ਹ ਗਿਆ ਗੁਸਾ । ਮੈਂ ਤਾਂ ਫ਼ੇਰ ਸਿਟ ਈ ਲਿਆ, ਦੇ ਕੇ ਲੱਤਾਂ ਵਚਾਲੇ ਸਿਰ, ਪੂਛ ਈ ਪੂਛ ਕੱਟੀ ਮੇਰੇ ਪੁਤ ਦੀ ! ਆਹ ਪਤਾ ਨੀ ਕਦੋਂ ਨਹੁੰਦਰ ਜੀ ਮਾਰ ਗਿਆ ।

ਸੰਤਾ : ਹੋਰ ਤੈਂ ਕੀ ਭਦਰਕਾਰਾ ਕਰਨਾ ਸੀ, ਤੈਨੂੰ ਵੀਹ ਵਾਰੀ ਕਿਹੈ 'ਬਈ ਆਹ ਕੰਜਰ ਖਾਨਾ ਛਡਦੇ' ਪਰ ਤੂੰ ਮੰਨੇ ਵੀ ਕਿਸੇ ਦੀ ! ਉਤੋਂ ਆਹ ਵੀਹ ਲਗਾਊੜ ਕਬੂਤਰ ਪਾਲ ਛਡੇ ਐ, ਬਿੱਠਾਂ ਦਾ ਘਰ ! ਦੋ ਸੇਰ ਰੋਜ਼ ਕਣਕ ਦਾ ਖਰਚ !

ਜੱਗਾ : ਕਬੂਤਰਾਂ ਨੂੰ ਪਾਈ ਕਣਕ ਤਾਂ ਤੈਨੂੰ ਦੁੱਖਦੀ ਐ, ਤੇ ਆਪ ਜਦੋਂ ਭਰਕੇ ਵੀਹ ਸੇਰ ਕਣਕ ਦਾ ਬੱਠਲ ਚੜ੍ਹੀ ਸੰਗਰਾਂਦ ਪੂਰਨ ਸਾਧ ਦੇ ਡੇਰੇ ਸਿੱਟ ਆਉਨੈਂ, ਉਹ !

ਸੰਤਾ : ਉਹ ਪੁੰਨ-ਧਰਮ ਦਾ ਕੰਮ ਐ, ਚੰਗਾ ਬੀਜਾਂਗੇ ਚੰਗਾ ਵੱਢਾਂਗੇ ।

ਜੱਗਾ : ਆਹੋ, ਨਾਲੇ ਥੋਡੇ ਪੂਰਨ ਸਾਧ ਦੇ ਬੱਠਲੀ ਸਿਰੇ ਜੇ ਚੇਲੇ ਨੇ ਕੀਤਾ ਹੋਣੈ ਪੁੰਨ ਧਰਮ ਦਾ ਕੰਮ ! ਅਖੇ "ਹਮ ਬੀਬੀਓ ਕੋ ਕਥਾ ਸੁਣਾਇਆ ਕਰੇਗੇਂ !" ਉਦੋਂ ਈ ਪਤਾ ਲੱਗਿਆ, ਜਦੋਂ ਉਹਨਾਂ ਦੀ ਕੁੜੀ ਲੈ ਗਿਆ ਦਬੱਲਕੇ ! ਮਗਰੋਂ ਤੁਸੀਂ ਚੱਕੀਂ ਵਿਰਦੇ ਸੀ ਟੱਬੇ, ਅਖੇ 'ਕਿਤੇ ਮਿਲਜੇ, ਜੇ ਮੇਰਾ ਸਾਲਾ ਬੂਵਨਾ, ਮਾਰ-ਮਾਰ ਢੂਹਾ ਕਿਹੜਾ ਨਾ ਤੋੜਦੀਏ ।'

ਭਾਗੋ : ਵੇ ਜਾਣਦੇ ਜੱਗਿਆ ।

ਸੰਤਾ : ਲੂਤਰੋ ਦੇਖ ਸਾਲੇ ਦੀ ਕਿੰਨੀ ਚਲਦੀ ਐ, ਜੇ ਐਨਾ ਕੰਮ ਕਰਲੇਂ, ਕਿਸੇ ਦਾ ਲੇਣਾ ਦੇਣਾ ਨਾ ਲਾਹਦੀਏ ਸਿਰੋਂ !

ਜੱਗਾ : ਕਿਉਂ ਮੈਥੋਂ ਪੁਛਕੇ ਲਿਆ ਸੀ ? ਜਿਹੜਾ ਮੈਂ ਲਾਹੁੰਦਾ ਫਿਰਾਂ ! ਨਾ ਚੱਕਦਾ ਐਨਾ ਭਾਰ !

ਭਾਗੋ : ਬਾਬਾ ਜੀ ਨੇ ਵੀ ਬਚਾਰੇ ਨੇ ਆਪਣੇ ਖਾਤਰ ਈ ਚੱਕਿਆ ਸੀ ਭਾਰ !

ਜੱਗਾ : ਮੈਨੂੰ ਤਾਂ ਕੁਸ਼ ਬਣਾਇਆ ਨੀ ਦੀਂਹਦਾ, ਕਾਹਤੇ ਲਾਤਾ ਐਨਾ ਪੈਸਾ।

ਸੰਤਾ : ਹੋਰ ਮੈਂ ਥੋਡੀ ਖਾਤਰ ਖੂਹ ਪੱਟ ਦਿੰਦਾ, ਜਮੇਰੀ ਦਾ ਵਿਆਹ ਕੀਤਾ, ਤੇਰੀ ਭੂਆ ਦਾ ਸਿਰ ਗੁੰਦਣ ਕੀਤਾ, ਤੈਨੂੰ ਪੜ੍ਹਾਇਆ।

ਜੱਗਾ : ਪੜ੍ਹਾਕੇ ਮੈਨੂੰ ਤਾਂ ਲਵਾਤਾ ਜੱਜ, ਸਕਮਾਂ ਦੀ ਖੱਸੀ ਕਰਾਕੇ ਰੱਖ ਤੇ !

ਭਾਗੋ : ਉਦੋਂ ਹੋਰ ਪੜ੍ਹ ਲੈਂਦਾ, ਤੈਨੂੰ ਕਿਸੇ ਨੇ ਹਟਾਇਆ ਸੀ।

ਸੰਤਾ : ਲੱਛਣ ਚੱਜਦੇ ਹੁੰਦੇ ਤਾਂ ਕੁਸ਼ ਬਣ ਨਾ ਜਾਂਦਾ ! ਉਦੋਂ ਤਾਂ ਰਲਕੇ ਪਾਲਟੀ ਆਲਿਆਂ ਨਾਲ ਕਦੇ ਕਾਲਜ ਸਕੂਲ ਬੰਦ ਕਰਾਤੇ ਤੇ ਕਦੇ ਬੱਸਾਂ ਭੰਨਤੀਆਂ।

ਜੱਗਾ : ਕਿਸੇ ਗੱਲ ਤੋਂ ਈ ਭੰਨਦੇ ਸੀ ਬੱਸਾਂ, ਐਵੇਂ ਸਾਡਾ ਦਿਮਾਗ ਨੀ ਸੀ ਹਿੱਲਿਆ।

ਸੰਤਾ : ਦਿਮਾਗ ਤਾਂ ਤੇਰਾ ਮੌਠੂ ਮਾਂਗੂੰ ਪੁਲਸ ਆਲੇ ਈ ਹਲਾ ਦਿੰਦੇ, ਜੇ ਕਿਤੇ ਮੈਂ ਸਰਦਾਰ ਬਘੇਲ ਸਿੰਹੁ ਦੀਆਂ ਮਿੰਨਤਾਂ ਕਰਕੇ ਤੈਨੂੰ ਛਡਾਕੇ ਨਾ ਲਿਆਉਂਦਾ। ਤੂੰ ਭੰਨਦਾ ਬੱਸਾਂ ਕਿ ਤੇਰਾ ਜੀ ਜਾਣਦਾ !

ਜੱਗਾ : ਨਾ ਜਾਂਦਾ, ਮੈਂ ਤੈਨੂੰ ਸੱਦਣ ਗਿਆ ਸੀ !

ਸੰਤਾ : ਤੈਨੂੰ ਤਾਂ ਹੈ ਨੀ ਸੰਗ-ਸ਼ਰਮ ਜੱਗ-ਜਹਾਨ ਦੀ ! ਮੇਰਾ ਤਾਂ ਫੇਰ ਵੀ ਲਹੂ ਮੱਚਦੈ ! ਆਪਦਾ ਖੂਨ ਐ, ਕਿਸੇ ਬਗਾਨੇ ਦਾ ਥੋੜਾ ਈ ਐ, ਜਿਹਨੂੰ ਪਿਆ ਰਹਿਣ ਦਿੰਦਾ ਠਾਣੇ !

ਜੱਗਾ : ਠਾਣੇ ਵੇਲੇ ਤਾਂ ਪੁੱਤ ਦਾ ਖਿਆਲ ਆ ਗਿਆ ਸੀ, ਉਦੋਂ ਨੀ ਸੀ ਮੈਂ ਤੇਰਾ ਪੁੱਤ, ਜਦੋਂ ਬਘੇਲੇ ਕਿਆਂ ਨਾਲ ਸੀਰੀ ਰਲਾਇਆ ਸੀ ? ਤੂੰ ਭਲਿਐਂ ਬਘੇਲੇ ਕੇ ਲਾਣੇ ਨੂੰ ! ਪਰ ਨਹੀਂ, ਤੈਨੂੰ ਤਾਂ ਐਂ ਸੀ ਬਈ ਕਿਮੇਂ ਨਾ ਕਿਮੇਂ ਬਘੇਲੇ ਕਾ ਕਰਜ਼ਾ ਲਹਿਜੇ ਸਿਰੋਂ ! ਜੇ ਉਦੋਂ ਕਿਸੇ ਹੋਰ ਨਾਲ ਸੀਰ ਕਰਾਇਆ ਹੁੰਦਾ ਤਾਂ ਆਹ ਦਿਨ ਕਿਉਂ ਦੇਖਣੇ ਪੈਂਦੇ ? ਬਾਪੂ, ਆਹ ਦਿਨ ਕਿਉਂ ਆਉਂਦੇ ?

ਭਾਗੋ : ਵੇ ਫੇਰ ਤੂੰ ਕੋਈ ਹੋਰ ਧੰਦਾ ਕਰ ਲੈ ! ਆਹ ਸਪੀਕਰ ਲਾਉਂਦਾ ਤਾਂ ਚੰਗਾ ਨੀ ਲੱਗਦਾ।

ਜੱਗਾ : ਜੇ ਹੋਰ ਕੰਮ ਕਰਨ ਦੀ ਪਹੁੰਚ ਹੁੰਦੀ ਤਾਂ ਸਪੀਕਰ ਈ ਕਿਉਂ ਲਾਉਣ ਲੱਗਦਾ ! ਜੇ ਹੁਣ ਕਿਸੇ ਨਾਲ ਸੀਰ ਦੀ ਗੱਲ ਕਰੀਂਦੀ ਤਾਂ ਅੱਗੋਂ ਮੇਰੇ ਸਹੁਰੇ ਟਿੱਚਰਾਂ ਕਰਦੇ, ਅਖੇ 'ਪਾੜਤੀਆਂ ਤੈਥੋਂ ਕੱਟਿਆ ਨੀ



ਜਾਣਾ ਕੰਮ 'ਚ ! ਬਾਕੀ ਬਘੇਲੇ ਨੇ ਭਰੀ ਸੱਥ 'ਚ ਕਟਾਕੇ ਮੇਰੀ ਰਹਿੰਦੀ ਖੂੰਹਦੀ ਪੜਤ ਵੀ ਮਾਰਤੀ ! ਹੁਣ ਦੱਸ ਮੈਂ ਕੀ ਕਰਾਂ, ਕੀ ਕਰਾਂ ਮੈਂ ਭਾਬੀ ?

[ਜੱਗਾ ਅੰਦਰ ਚਲਾ ਜਾਂਦਾ ਹੈ। ਭਾਗੋ ਤੇ ਸੰਤਾ ਚੁਪ-ਚਾਪ ਆਪਣਾ ਕੰਮ ਕਰਨ ਲੱਗਦੇ ਹਨ।]

ਬਘੇਲਾ : (ਪ੍ਰਵੇਸ਼ ਕਰਦੇ ਹੋਏ) ਕਿਮੇਂ ਤਾਇਆ ਤਕੜੈ ਸਰੀਰ ?

ਸੰਤਾ : ਠੀਕ ਐ ਬਘੇਲ ਸਿੰਹਾ, ਤੂੰ ਸੁਣਾ, ਕਿਮੇਂ ਗੇੜਾ ਮਾਰਿਆ ?

ਬਘੇਲਾ : ਕੀ ਦੱਸਾਂ ਤਾਇਆ, ਆਪਣਾ ਪਿੰਡ ਤਾਂ ਸਾਲਾ ਸਾਰਾ ਈ ਕੰਜਰਾਂ ਦੈ। ਕਿਸੇ ਨੇ ਠਾਣੇ ਚੁਗਲੀ ਕਰਤੀ ਬਈ 'ਨਰੈਣਾ' ਫੀਮ ਵੇਚਦੈ...'!

ਸੰਤਾ : ਨਰੈਣਾ ਕਿਹੜਾ ?

ਬਘੇਲ : ਕਰਤਾਰੇ ਕਾ, ਹੋਰ ਕਿਹੜਾ , ਪਰ ਭਾਈ ਠਾਣੇਦਾਰ ਜਾਣ-ਪਛਾਣ ਆਲਾ ਸੀ, ਕਹਿ ਕਹਾਕੇ ਮੈਂ ਉਹਦਾ ਖਹਿੜਾ ਤਾਂ ਛਡਾਤਾ, ਪਰ ਮੈਂ ਫਸ ਗਿਆ। ਥਾਣੇਦਾਰ ਕਹਿੰਦਾ 'ਮੀਟ ਦਾ ਪ੍ਰਬੰਧ ਕਰ ਲੈ, ਰੋਟੀ ਖਾਕੇ ਜਾਮਾਂਗੇ' ! ਆਹ ਹੁਣ ਸੀਰੀ ਘੱਲਿਐ ਦੋ ਮੁਰਗੇ ਲੈ ਕੇ ਘਲੇ। ਕਿਉਂ, ਉਹਤੋਂ ਲੈਣੇ ਸੀ ਪੰਦਰਾਂ ਕੁ ਰੁਪਈਏ ! ਮੈਂ ਸੋਚਿਆ ਚਲ ਨਾਲੇ ਸਾਬ੍ਹ ਬਰਾਬਰ ਹੋਜੂ ! ਨੰਘਦੇ ਨੂੰ ਬੈਠਾ ਤੂੰ ਦਿਸ ਗਿਆ, ਮੈਂ ਸੋਚਿਆ, ਤਾਏ ਦੇ ਦਰਸ਼ਨ ਕਰ ਚੱਲੀਏ !

ਸੰਤਾ : ਹੋਰ ਸੁਣਾ ਬਘੇਲ ਸਿੰਹਾ, ਤੇਰਾ ਕੀ ਹਾਲ ਐ ?

ਬਘੇਲਾ : ਜੱਟਾਂ ਦਾ ਹਾਲ ਤਾਂ ਫਸਲ ਨਾਲ ਈ ਹੁੰਦੈ ! ਆਹ ਥੋਡਾ ਜੱਗਾ ਵਿਚਾਲੇ ਈ ਸੀਰ ਛੱਡ ਆਇਆ।

ਸੰਤਾ : ਕੀ ਕਰੀਏ ਬਘੇਲ ਸਿੰਹਾਂ, ਉਹ ਮੰਨਦਾ ਈ ਨੀ ਕਿਸੇ ਦੀ !

ਬਘੇਲਾ : ਚਲ ਉਹਦੀ ਮਰਜ਼ੀ ! ਫੇਰ ਮੈਂ ਹੋਰ ਬੰਦਾ ਰੱਖ ਲੈਣਾ ! ਪਰ ਪਹਿਲਾਂ ਆਪਾਂ ਸਾਬ੍ਹ ਕਤਾਬ ਕਰ ਲਈਏ !

ਸੰਤਾ : ਖਾਲੀ ਹੱਥੀਂ ਕਾਹਦਾ ਸਾਬ੍ਹ ਕਤਾਬ ! ਮਾੜੀ ਮੋਟੀ ਫਸਲ ..!

ਬਘੇਲਾ : ਫਸਲ ਦੀ ਤਾਂ ਖੁਸ਼ੀ ਝਾਕ ਰੱਖ ! ਮੀਂਹ ਕੰਨੀਉਂ ਤਾਂ ਲੋਕਾਂ ਦੀ ਟੀਂ ਬੋਲੀ ਪਈ ਐ। ਤੂੰ ਕੋਈ ਹੋਰ ਬੰਨ-ਸੁਬ੍ਹ ਬਣਾ !

ਸੰਤਾ : ਕੀ ਬਣਾਈਏ, ਸਾਨੂੰ ਤਾਂ ਕੋਈ ਰਾਹ ਨੀ ਦਿਸਦਾ !

ਬਘੇਲਾ : (ਕੁਝ ਸੋਚਕੇ) ਐਂ ਕਰ, ਮੇਰੀ ਭਾਬੀ ਦੀ ਕੋਈ ਟੂੰਮ ਟਾਕੀ...!

ਸੰਤਾ : ਕਿਥੇ ਉਹਦੇ ਕੋਲੇ ਟੂੰਮਾਂ -- ਜਿਹੜੀਆਂ ਪਿੱਪਲ ਪੱਤੀਆਂ ਸੀ, ਉਹ ਵਿਆਹ ਵੇਲੇ ਪਾਤੀਆਂ ਸੀ ਜੱਗੇ ਦੀ ਭੂਆ ਨੂੰ !

ਬਘੇਲਾ : ਫੇਰ ਐਂ ਕਰ, ਮੈਨੂੰ ਥੋਡੀ ਗਾਂ ਦੇ ਦਿਉ !

ਭਾਗੋ : ਗਾਂ ਨੀ ਮੈਂ ਦਿੰਦੀ, ਕਿਹੜੇ ਹਾਲੀਂ ਮੈਂ ਬੱਛੀ ਪਾਲੀ ਐ !

ਬਘੇਲਾ : ਫ਼ੇਰ ਮੇਰਾ ਲੈਣਾ-ਦੇਣਾ ਸੋਹੀ ਕਾ ਬੁੜ੍ਹਾ ਲਾਹੂ ?

ਜੱਗਾ : (ਅੰਦਰੋਂ ਆਉਂਦਾ ਹੋਇਆ) ਹਾਲੇ ਵਿਚੇ ਈ ਤੁਰਿਆ ਫਿਰਦੈ ਤੇਰਾ ਲੈਣਾ ਦੇਣਾ, ਕਿਧਰ ਗਈ ਮੇਰੀ ਦੋ ਸਾਲਾਂ ਦੀ ਫ਼ਸਲ ?

ਬਘੇਲਾ : ਉਦੋਂ ਤਾਂ ਬੋਤਲਾਂ ਦੀਆਂ ਬੋਤਲਾਂ ਪੀ ਜਾਂਦਾ ਸੀ, ਹੁਣ ਭਾਲਦੈਂ ਢਾਮੇਂ ?

ਜੱਗਾ : ਸਾਰੀ ਦੀ ਸਾਰੀ ਫ਼ਸਲ ਤਾਂ ਨੀ ਫੂਕਤੀ ਬੋਤਲਾਂ ਮੂੰਹੇ ! ਐਂ ਕਿਉਂ ਨੀ ਕਹਿੰਦਾ ਬਈ ਤੇਰਾ ਢਿਡ ਈ ਪੂਰਾ ਹੋਇਐ ।'

ਬਘੇਲਾ : ਕਿਉਂ ਤਾਇਆ, ਕਿਮੇਂ ਕਰਨੈ, ਫੇਰ ਨਾ ਆਖੀਂ ਬਈ ਦਸਿਆ ਨੀ !

ਜੱਗਾ : ਦੱਸਣ ਨੂੰ ਤੂੰ ਕੀ ਬੰਬ ਡੇਗਦੇਂਗਾ ! ਠਾਣੇ 'ਚ ਇਕ ਆਰੀ ਹੋਰ ਢੂਹਾ ਕਟਾ ਦੇਂਗਾ ।

ਸੰਤਾ : ਕਿਉਂ ਭੌਂਕਦੈ ਕੁੱਤਿਆ, ਕਰਾਂਗੇ ਜ਼ੇਰਾ ਤੇਰੇ ਨਾਲ ਸਾਬ੍ਹ ! ਦੇਮਾਂਗੇ ਜਿਹੜਾ ਬਣਦੈ ! ਹੱਥ ਬੰਨ੍ਹਕੇ ਦੇਮਾਂਗੇ ।

ਬਘੇਲਾ : ਮੈਂ ਤਾਂ ਭਲੀਮਾਣਸੀ ਵਰਤਦਾ ਸੀ, ਪਰ ਤੁਸੀਂ ਕਾਹਨੂੰ...!

ਜੱਗਾ : ਤੂੰ ਲਾਲੀਂ ਜਿਹੜਾ ਜ਼ੋਰ ਲਾਉਣੈ !

ਬਘੇਲਾ : ਤੂੰ ਰਹਿਣ ਦੇ ਉਏ ! ਮੈਨੂੰ ਦਸਤਾ, ਸਾਡੇ ਆਲੇ ਛੋਟੇ ਕਾਕੇ ਨੇ, ਜਿਹੜੀ ਤੂੰ ਉਹਦੇ ਨਾਲ ਕੀਤੀ ਐ ! ਉਹਨੇ ਤਾਂ ਚੱਕ ਲੀ ਦਮੂਕ, ਪਰ ਠਾਣੇਦਾਰ ਕਹਿੰਦਾ 'ਤੂੰ ਰਹਿਣ ਦੇ ਕਾਕਾ, ਮੈਂ ਆਪੇ ਈ ਸਾਲੇ ਦਾ ਦਿਮਾਗ ਠੀਕ ਕਰ ਦੂੰ' ! ਇਹ ਤਾਂ ਮੈਂ ਤਾਏ ਦੇ ਮੂੰਹ ਨੂੰ ਚੁੱਪ ਸੀ, ਲੈ ਹੁਣ ਮੈਂ ਤੈਨੂੰ ਜ਼ੋਰ ਲਾਕੇ ਦਿਖਾਉਂ ।

[ਜਾਂਦੇ ਬਘੇਲ ਸਿੰਘ ਨੂੰ ਸੰਤਾ ਰੋਕਣਾ ਚਾਹੁੰਦਾ ਹੈ, ਪਰ ਉਹ ਰੁਕਦਾ ਨਹੀਂ ।]

ਸੰਤਾ : ਤੂੰ ਕਿਉਂ ਕੁੱਤਿਆ, ਸਾਨੂੰ ਸੁੱਖ ਨਾਲ ਟੁੱਕੜ ਨੀ ਖਾਣ ਦਿੰਦਾ ?

ਜੱਗਾ : ਹੁਣ ਇਹਤੋਂ ਕਿਤੇ ਸਿਰ 'ਚ ਗਲੀਆਂ ਨਾ ਕਰਾਲੀਏ !

ਸੰਤਾ : ਕੰਮ ਨੀ ਕਰਨਾ ਕਾਰ ਨੀ ਕਰਨਾ, ਮਿਲ ਜਾਂਦੀਐਂ ਨਾ ਪੱਕੀਆਂ ਪਕਾਈਆਂ ਖਾਣ ਨੂੰ !

ਜੱਗਾ : ਕਿਉਂ, ਮੈਂ ਕਮਾ ਕੇ ਨੀ ਦਿੰਦਾ ਘਰੇਂ !

ਸੰਤਾ : ਕੀ ਅੰਤ ਐ ਤੇਰੇ ਕਮਾਂਦਰੇ ਦਾ, ਕਮਾਈ ਨਾਲੋਂ ਵਧ ਤਾਂ ਤੂੰ ਖਾ ਜਾਨੈ !

ਜੱਗਾ : ਫੇਰ ਅੱਡ ਕਰ ਦਿਉ !

ਸੰਤਾ : ਚੱਕ ਆਪਦੇ ਚਾਰ ਭਾਂਡੇ ਤੇ ਤੁਰਦਾ ਬਣ ।

ਜੱਗਾ : ਚੱਕ ਲਾਂਗੇ ਜੇ ਐਨਾ ਈ ਔਖਾ ਤਾਂ । (ਜਾਂਦੇ ਜੱਗੇ ਨੂੰ ਭਾਗੋ ਰੋਕਦੀ ਹੈ) ਉਇ ਛਡ ਪਰੇ ।

ਭਾਗੋ : ਵੇ ਜਾਣ ਦੇ ਜੱਗਿਆ ।

ਸੰਤਾ : ਜਾਣ ਦੇ ਇਹਨੂੰ ਕਿਧਰੇ ਨੀ ਇਹਦੇ ਬਿਨਾ ਆਪਾਂ ਭੁੱਖੇ ਮਰਦੇ ।

[ਬਾਹਰੋਂ ਟੈਣੀ ਰੋਂਦਾ ਹੋਇਆ ਪ੍ਰਵੇਸ਼ ਕਰਦਾ ਹੈ]

ਸੰਤਾ : ਉਏ, ਕੀ ਹੋ ਗਿਆ ਤੈਨੂੰ ?



ਟੈਣੀ : ਵੇਖੀਂ ਬਾਬਾ...।

ਭਾਗੋ : ਵੇ ਕਿਉਂ ਰੋਈ ਜਾਨੈ ਤੂੰ ?

ਟੈਣੀ : ਮੈਨੂੰ ਨਾ ਬੇਬੇ ਨੰਬਰਦਾਰਾਂ ਦੇ ਕੈਲੇ ਨੇ ਕੁੱਟਿਆ ।

ਭਾਗੋ : ਕਿਉਂ, ਉਹਦੇ ਕੀ ਤੂੰ ਪੈਰ ਲਤੜਦਾ ਸੀ ਮੇਰੇ ਪਿਉ ਦੇ ਸਾਲੇ ਦੇ ?

ਟੈਣੀ : ਮੈਨੂੰ ਕਹਿੰਦਾ 'ਤੂੰ ਬਕਰੀਆਂ ਸਾਡੀ ਫ਼ਸਲ 'ਚ ਵਾੜਤੀਆਂ ।

ਸੰਤਾ : ਕਰਤੀ ਨਾ ਉਹੀ ਗੱਲ ...!

ਟੈਣੀ : ਕਾਹਨੂੰ ਬਾਬਾ, ਬੱਕਰੀਆਂ ਤਾਂ ਖਾਲ 'ਚ ਫਿਰਦੀਆਂ ਸੀ ਚਰਦੀਆਂ ! ਉਹ ਮੈਨੂੰ ਕਹਿੰਦਾ, ਸਾਡੇ ਨਾਲ ਖੱਬਲ ਕੱਠਾ ਕਰਾ ਉਦੇ ਆ ਕੇ । ਜਦੋਂ ਮੈਂ ਜਵਾਬ ਦੇਤਾ ਤਾਂ ਨਾਲੇ ਮੈਨੂੰ ਕੁੱਟਿਆ ਛਿਤਰਾਂ ਨਾਲ, ਨਾਲੇ ਆਪਣੀ ਡੱਬੀ ਬੱਕਰੀ ਦਾ ਸਿੰਗ ਤੋੜਤਾ, ਡੰਡਾ ਮਾਰ ਕੇ ।

ਭਾਗੋ : ਵੇ ਬੱਕਰੀਆਂ ਕਿਥੇ ਐਂ, ਪਟਮੇਲੀ ਪੈਣਿਆਂ ?

ਟੈਣੀ : ਪਿੱਪਲਾਂ ਹੇਠ ।

ਸੰਤਾ : ਚਲ ਮੇਰੇ ਨਾਲ, ਮੈਂ ਦੇਖਦਾਂ ਚਲਕੇ ।

[ਦੋਵੇਂ ਜਾਂਦੇ ਹਨ ।]

ਭਾਗੋ : ਜਿਉਣਾ ਦੁੱਭਰ ਕਰ ਛਡਿਐ ਇਹਨਾ ਨੇ ਗਰੀਬ ਗੁਰਬੇ ਦਾ, ਪਤਾ ਨੀ ਕੀ ਭਾਲਦੇ ਐ ਭੈਣ ਦੇ ਖ਼ਸਮ ।

[ਸੱਜਣ ਦਾ ਪ੍ਰਵੇਸ਼]

ਸੱਜਣ : ਤਾਇਆ, ਉਏ ਤਾਇਆ ।

ਭਾਗੋ : ਉਹ ਤਾਂ ਜੀ ਪਿੱਪਲਾਂ ਕੰਨੀ ਗਿਐ ; ਕਿਉਂ ਸੁੱਖ ਐ ?

ਸੱਜਣ : ਸੁੱਖ ਕਾਹਦੀ, ਬਘੇਲੇ ਨੇ ਜਮੇਰੀ ਫੜਾ ਤਾ ਪੁਲਸ 'ਚ ।

ਭਾਗੋ : ਤੇ ਜੱਗਾ !

ਸੱਜਣ : ਉਹ ਤਾਂ ਚੜ੍ਹ ਗਿਆ ਰੋਹੀਏਂ । ਬਘੇਲਾ ਕਹਿੰਦਾ 'ਇਹਨਾਂ ਕੋਲੇ ਉਪਰੇ ਬੰਦੇ ਆਉਂਦੇ ਐ ਨਾਲੇ ਦੋਮੇਂ ਭਾਈ ਫ਼ੀਮ ਵੇਚਦੇ ਐ ।'

ਭਾਗੋ : ਐਥੇ ਹੁਣ ਜੱਗੇ ਨਾਲ ਔਖਾ ਭਾਰਾ ਹੋਕੇ ਗਿਆ ਸੀ ਜੀ ਕੰਜਰ, ਅਸੀਂ ਕਿਹੜੀ ਫ਼ੀਮ ਵੇਚਣੀ ਹੋਈ ?

ਸਜਣ : ਮੈਨੂੰ ਕਿਹੜਾ ਕੁਝ ਭੁਲਿਐ । ਕੋਈ ਨਾ, ਮੈਂ ਜਾਨਾ ਤਾਏ ਨੂੰ ਲੈਕੇ ਮੰਡੀ ਚੌਧਰੀ ਕੋਲੇ, ਕਰਦੇ ਆਂ ਕੋਈ ਪ੍ਰਬੰਧ...।

[ਸੱਜਣ ਚਲਾ ਜਾਂਦਾ ਹੈ । ਬਘੇਲੇ ਦਾ ਠਾਣੇਦਾਰ, ਸਰਪੰਚ ਅਤੇ ਨੂਰੇ ਨਾਲ ਪ੍ਰਵੇਸ਼]

ਸਰਪੰਚ : ਤਾਇਆ, ਉਏ ਤਾਇਆ, । ਨੂਰਿਆ ਮੰਜਾ ਡਾਹ ਉਏ ਸਰਦਾਰ ਖਾਤਰ (ਥਾਣੇਦਾਰ ਨੂੰ) ਐਧਰ ਮੰਜੇ 'ਤੇ ਬੈਠੋ ਜੀ । (ਭਾਗੋ ਨੂੰ) ਭਾਬੀ ਕਿਥੇ ਐ ਮੇਰਾ ਤਾਇਆ ?

ਭਾਗੋ : ਕਿਉਂ ? ਕੀ ਕਰਾਉਣੈ ਤੂੰ ਉਹਤੋਂ ?

[ਭਾਗੋ ਨੰਗੇ ਮੂੰਹ ਖੜੀ ਹੈ।]

ਬਘੇਲਾ : ਕਿਉਂ ਵੇਖਦੇਂ ਸਰਪੰਚਾ ? ਕਿਮੇਂ ਚਪਰ-ਚਪਰ ਬੋਲਦੀ ਐ ਪੰਚੈਤ ਮੂਹਰੇ ਨੰਗੇ ਮੂੰਹ !

ਭਾਗੋ : ਕਿਉਂ ਪੰਚੈਤ ਸਾਡੇ ਘਰੇਂ ਦਾਣੇ ਸਿੱਟ ਜਾਂਦੀ ਐ ਖਾਣ ਨੂੰ ? ਤੂੰ ਕੀ ਲੈਣ ਆਇਐਂ, ਅੱਗ ਲਾਕੇ ਤਮਾਸ਼ਾ ਦੇਖਣ ਆਇਐਂ ?

ਬਘੇਲਾ : ਲੱਛਣ ਆਪਦੇ ਚੱਜਦੇ ਨੀ, ਅੱਗਾਂ ਲਾਉਂਦਾ ਮੈਨੂੰ ਪਰਖਦੀ ਐ।

ਠਾਣੇਦਾਰ : ਤੂੰ ਕਿਉਂ ਬਘੇਲ ਸਿੰਹਾਂ ਬੋਲਦੈਂ, ਤੂੰ ਆਪਦੇ ਕੰਮ ਦੀ ਗੱਲ ਕਰ।

ਭਾਗੋ : ਕਿਹੜੇ ਕੰਮ ਦੀ ਗੱਲ ?

ਸਰਪੰਚ : ਉਹ ਆਪਣਾ ਜੱਗਾ ਸੀਰ ਛਡ ਆਇਆ ਸੀ ਨਾ, ਉਹਦੀ ਗੱਲ।

ਬਘੇਲਾ : ਤੇ ਜਿਹੜੇ ਵਿਆਹ ਵੇਲੇ ਵਿਆਜੂ ਲਏ ਸੀ, ਉਹ ਵੀ।

ਭਾਗੋ : ਇਹ ਲੈਣੇ-ਦੇਣੇ ਦੀਆਂ ਗੱਲਾਂ ਬੰਦਿਆਂ ਨਾਲ ਕਰਿਓ।

ਬਘੇਲਾ : ਬੰਦੇ ਤਾਂ ਥੋਡੇ ਬੈਠੇ ਐ ਠਾਣੇ, ਸਾਲ ਨਾ ਮੁੜਣ, ਛੀ ਮਹੀਨੇ ਨਾ ਮੁੜਣ।

ਭਾਗੋ : ਜੇ ਲੈਣੇ ਦੇਣੇ ਦਾ ਐਨਾ ਈ ਸੰਸਾ ਸੀ, ਉਦੋਂ ਨਾ ਫੜਾਉਂਦਾ ਪਤੰਦਰਾਂ ਨੂੰ।

ਸਰਪੰਚ : ਤੁਸੀਂ ਝਗੜਾ ਨਬੇੜਣ ਆਲੀ ਗੱਲ ਕਰੋ।

ਭਾਗੋ : ਇਹ ਸਾਡੀ ਦੋ ਸਾਲਾਂ ਦੀ ਫਸਲ ਦਾ ਸਾਬ੍ਹ ਦੇ ਦੇ, ਅਸੀਂ ਪੈਸੇ ਮੋੜ ਦਿਆਂਗੇ।

ਬਘੇਲਾ : ਵੇਖਿਆ ਠਾਣੇਦਾਰ ਸਾਹਿਬ, ਆਉਂਦੀ ਐ ਕਿਸੇ ਰਾਹ 'ਤੇ !

ਠਾਣੇਦਾਰ : ਵੇਖ ਉਏ ਕਿਮੇਂ ਵਕੀਲ ਮਾਗੂੰ ਝਮੜਦੀ ਐ। ਬਘੇਲ ਸਿੰਹਾਂ, ਤੂੰ ਭੇਜ ਆਪਦੇ ਪਾਲੀ ਨੂੰ, ਗਾਂ ਖੋਲ੍ਹ ਲਿਆਵੇ।

ਬਘੇਲਾ : ਜਾਹ ਉਏ ਨੂਰਿਆ, ਗਾਂ ਖੋਲ੍ਹ ਲਿਆ ਉਧਰ ਦੀ।

ਭਾਗੋ : (ਨੂਰੇ ਦੇ ਅੱਗੇ ਹੋਕੇ) ਗਾਂ ਨੂੰ ਹੱਥ ਸੋਚ ਕੇ ਲਾਈਂ ਮਰਾਸੀਆ।

ਨੂਰਾ : ਕਿਉਂ ਚਾਚੀ ਧੱਕਾ ਕਰਦੀ ਐਂ।

ਠਾਣੇਦਾਰ : (ਡੰਡਾ ਮਾਰਨ ਜਾਂਦਾ ਹੈ) ਤੂੰ ਹੱਟਦੀ ਐਂ ਪਾਸੇ ਕਿ ਕੁੱਟਾਂ ਪੁੜੇ (ਨੂਰੇ ਨੂੰ) ਜਾਹ ਉਏ, ਖੋਲ੍ਹ ਗਾਂ, ਮੈਂ ਦੇਖਦਾਂ ਇਹ ਕੀ ਕਰਦੀ ਐ।

ਬਘੇਲਾ : ਆਉ ਜੀ, ਆਪਾਂ ਤਾਂ ਚਲੀਏ ਫੇਰ

[ਸਾਰੇ ਜਾਂਦੇ ਹਨ। ਬਾਹਰੋਂ ਟੈਣੀ ਦਾ ਪ੍ਰਵੇਸ਼।]

ਟੈਣੀ : ਬੇਬੇ...ਬੇਬੇ...।

ਭਾਗੋ : ਹਾਂ।

ਟੈਣੀ : ਵੇਖੀ ਨਾ, ਮੇਰਾ ਬਾਬਾ ਨੰਰਬਦਾਰਾਂ ਦੇ ਉਲਾਭਾਂ ਦੇਣ ਗਿਆ ਸੀ। ਉਨ੍ਹਾਂ ਦੇ ਕੱਲੇ ਨੇ ਡਾਂਗ ਮਾਰਕੇ ਸਿਰ ਪਾੜਤਾ ਮੇਰੇ ਬਾਬੇ ਦਾ। ਉਹ ਲਹੂ-ਲੁਹਾਣ ਹੋਇਆ ਪਿਐ ਬੀਹੀ 'ਚ।



ਭਾਗੋ : ਪਤਾ ਨੀ ਲੋਕ ਕਾਹਦਾ ਖੋਰ ਕੱਢਦੇ ਐ, ਕਿਸੇ ਆਪਦੇ ਬਰਾਬਰ ਦੇ ਨਾਲ ਮੱਥਾ ਲਾਉਣ ਤਾਂ ਪਤਾ ਲੱਗੇ ਬਈ ਕਿੰਨੇ ਵੀਹੀਂ ਸੌ ਹੁੰਦੇ। ਸਾਥੋਂ ਕੀ ਭਾਲਦੇ ਐ, ਗਰੀਬਾਂ ਤੋਂ ਰੁੱਖੀ-ਮਿੱਸੀ ਖਾਂਦੇ ਵੀ ਜਰੇ ਨੀ ਜਾਂਦੇ। ਟੈਣੀ ਨੂੰ ਬੁਕਲ 'ਚ ਲੈਂਦੀ ਹੈ। ਬਾਹਰੋਂ ਜੱਗੇ ਦਾ ਪ੍ਰਵੇਸ਼। ਉਹ ਅੰਦਰੋਂ ਡਾਂਗ ਲੈਕੇ ਬਾਹਰ ਆਉਂਦਾ ਹੈ।]

ਜੱਗਾ : ਭਾਬੀ, ਮੈਂ ਤਾਂ ਇਹ ਰੋਜ਼-ਰੋਜ਼ ਦੀ ਕੁਤੇ-ਕੁਤੇ ਤੋਂ ਤੰਗ ਆ ਗਿਆ। ਮੈਂ ਚਲਿਆਂ ਆਪਦੀ ਪਾਲਟੀ ਆਲਿਆਂ ਕੋਲੇ। ਹੁਣ ਤਾਂ ਇਕ ਪਾਸਾ ਕਰਕੇ ਈ ਸਰੂ।

[ਬਾਹਰ ਜਾਂਦਾ ਹੈ। ਗੀਤ ਦੀਆਂ ਲਾਈਨਾਂ ਉਭਰਦੀਆਂ ਹਨ। ਸਾਰੇ ਪਾਤਰ ਸਟਿੱਲ ਹੋ ਜਾਂਦੇ ਹਨ।

ਫਰੀਦਾ ਰਾਤੀ ਵੱਡੀਆਂ, ਧੁੱਖ ਧੁੱਖ ਉਠਣ ਪਾਸ,
ਧ੍ਰਿਗ ਤਿਨ੍ਹਾਂ ਕਾ ਜੀਵਿਆ, ਜਿਨ੍ਹਾਂ ਵਡਾਣੀ ਆਸ।]

□

# ਅਉਰੇ ਕੀ ਅਉਰੇ ਭਈ, ਉਰਫ 'ਤੇ ਸ਼ਰਾਰਤੀ ਕੌਣ

ਸਤਿੰਦਰ ਸਿੰਘ ਨੰਦਾ

**ਪਾਤਰ :**

ਜਸਬੀਰ, ਹਰਬੰਸ ਸਿੰਘ, ਰਜਨੀ, ਚੰਚਲ, ਹਰਜੀਤ, ਬਾਵਾ, ਅੰਮ੍ਰਿਤਾ, ਬਜ਼ੁਰਗ, ਜੱਸੀ, ਪੁਸ਼ਪਾ, ਦੰਗਈ 1, ਦੰਗਈ 2, ਅਮਲੀ, ਕ੍ਰਿਸ਼ਨ ਅਤੇ 3 ਨੌਜਵਾਨ

[ਸੰਗੀਤਕ ਧੁਨ ਦੇ ਨਾਲ ਪਰਦਾ ਉਠਣ ਲੱਗ ਪੈਂਦਾ ਹੈ । ਰਲੀ ਮਿਲੀ ਲਾਲ-ਪੀਲੀ ਰੰਗੀਨ ਰੋਸ਼ਨੀ ਦੀਆਂ ਕਿਰਨਾਂ ਉਭਰਦੀਆਂ ਹਨ ਤੇ ਸੂਤਰ-ਧਾਰ ਦੇ ਰੂਪ ਵਿਚ ਪਰਦੇ ਪਿਛੋਂ ਆਵਾਜ਼ ਉਭਰਨ ਲੱਗ ਪੈਂਦੀ ਹੈ]

ਆਵਾਜ਼ : ਮੈਂ ਸਮਾਂ ਹਾਂ । ਜੀ ਹਾਂ, ਮੈਂ ਸਮਾਂ ਹਾਂ । ਮੈਂ ,ਸਭ ਕੁਝ ਦੇਖ ਰਿਹਾ ਹਾਂ । ਸਦੀਆਂ ਤੋਂ ਦੇਖਦਾ ਆ ਰਿਹਾ ਹਾਂ । ਮੈਂ ਆਪਣੇ ਨਾਜ਼ੁਕ ਪਿੰਡੇ ਉਤੇ ਕਈ ਹੁਨਾਲ ਤੇ ਸਿਆਲ ਹੰਢਾਏ ਹਨ । ਮੈਂ ਜੁਗਗਰਦੀ ਦੀਆਂ ਅਨੇਕ ਹਨੇਰੀਆਂ ਤੇ ਜ਼ੁਲਮ ਦੇ ਝੱਖੜ ਆਪਣੇ ਸਿਰ ਉਤੇ ਝੱਲੇ ਨੇ । (ਸੰਗੀਤ ਦੇ ਨਾਲ ਨਾਲ ਰਲੀ-ਮਿਲੀ ਰੋਸ਼ਨੀ ਦਾ ਪ੍ਰਭਾਵ ਵਧਦਾ ਘਟਦਾ ਹੈ) ਭਾਰਤ...ਭਾਰਤ ਜਿਸ ਨੂੰ ਆਜ਼ਾਦੀ ਖਾਤਰ ਜੂਝਦਿਆਂ ਮੈਂ ਆਪਣੀ ਅੱਖੀਂ ਵੇਖਿਆ ਹੈ ਅਤੇ ਖੂਨ ਦੀ ਹੋਲੀ ਵਿਚੋਂ ਲੰਘ ਕੇ ਸੰਸਾਰ ਨਾਲ ਬਰ ਮੇਚਦਿਆਂ ਵੀ ਡਿੱਠਾ ਹੈ । ਹੁਣ...ਹੁਣ ਮੈਂ ਭਾਰਤ ਦੀ ਪਾਵਨ ਧਰਤੀ ਨੂੰ ਦੁਨੀਆਂ ਦੀ ਇਕ ਵੱਡੀ ਤਾਕਤ ਬਣਦਿਆਂ ਵੀ ਵੇਖ ਰਿਹਾ ਹਾਂ (ਸੰਗੀਤ ਤੇਜ਼ ਹੁੰਦਾ ਹੈ । ਰੋਸ਼ਨੀ ਫੜਫੜਾਉਣ ਲੱਗ ਪੈਂਦੀ ਹੈ । ਦੂਰੋਂ ਚੀਖ-ਪੁਕਾਰ ਤੇ ਹਾਲ ਪਾਹਰਿਆ ਸੁਣਾਈ ਦੇਣ ਲੱਗ ਪੈਂਦਾ ਹੈ । ਸ਼ੋਰ ਮੱਧਮ ਪੈਂਦਾ ਹੈ) ਇਹ ਕੀ ਹੈ ? ਇਹ ਕਿਉਂ ਹੈ ? ਇਹ ਕੌਣ ਹੈ ਜੋ ਸਾਡੇ ਵਿਚ ਨਫ਼ਰਤ ਦਾ ਬੀਜ ਬੀਜਣ ਦੀ ਕੋਸ਼ਿਸ਼ ਕਰ ਰਿਹਾ ਹੈ ? ਇਹ ਕੌਣ ਹੈ ਜੋ ਸਾਡੇ ਪਿਆਰ ਦੇ ਪਵਿਤਰ ਦੁਧ ਵਿਚ ਘਿਰਨਾ ਦੀ ਕਾਂਜੀ ਘੋਲ ਕੇ ਸਾਨੂੰ ਲੜਾ ਰਿਹਾ ਹੈ ? ਸਾਡਾ ਇਤਿਹਾਸ ਗੁਆਹ ਹੈ ਕਿ ਅਸੀਂ ਮੁਦ-ਕਦੀਮ ਤੋਂ ਇਕ ਭਾਈਚਾਰੇ ਦੇ ਸੂਤਰ ਵਿਚ ਬੱਝੇ ਹੋਏ ਹਾਂ । ਅਸੀਂ ਇਕ ਸਾਂ, ਇਕ ਹਾਂ ਤੇ ਇਕ ਰਹਾਂਗੇ ਦਾ ਉਪਦੇਸ਼ ਬਜ਼ੁਰਗ, ਰਿਸ਼ੀਆਂ-ਮੁਨੀਆਂ, ਪੀਰਾਂ-ਫਕੀਰਾਂ ਤੇ ਗੁਰੂਆਂ ਤੋਂ ਲਿਆ ਹੈ । ਸਾਡੀ ਰੋਟੀ-ਬੇਟੀ ਸਾਂਝੀ ਹੈ । ਅਸੀਂ ਆਪਸ ਵਿਚ ਇਕ ਦੂਜੇ ਦੀ ਸੱਜੀ ਖੱਬੀ ਅੱਖ ਹਾਂ । ਅਸੀਂ ਇਕ ਦੂਜੇ ਦੀ ਬਾਂਹ ਹਾਂ, ਪਰ ਸਾਨੂੰ ਕੌਣ ਵੱਖ ਕਰਨ ਤੇ ਤੁਲਿਆ ਹੈ ? ਆਓ...ਆਓ ਆਪਾਂ ਰਲ ਕੇ ਉਸ ਬੁਰੇ ਅਨਸਰ ਨੂੰ ਪਛਾਣੀਏ । ਆਓ ਆਪਾਂ ਰਲ ਕੇ ਉਸ ਬੁਰੇ ਅਨਸਰ ਨੂੰ ਪਛਾਣੀਏ । ਆਓ ਆਪਾਂ ਰਲ ਕੇ ਏਕੇ ਦਾ ਸਬਕ ਸਿਖੀਏ ।...ਨਹੀਂ ਤਾਂ...ਨਹੀਂ ਤਾਂ ਮਾੜਾ ਅਨਸਰ ਸਾਨੂੰ ਮੁੜ ਕੇ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਨ ਤੋਂ ਗੁਰੇਜ਼ ਨਹੀਂ ਕਰੇਗਾ ।]

ਆਵਾਜ਼ : 31 ਅਕਤੂਬਰ, 1984 ਦੇ ਬਾਅਦ ਦੁਪਹਿਰ ਦਾ ਸਮਾਂ

[ਰੋਸ਼ਨੀ ਮੱਧਮ ਹੋ ਕੇ ਪੂਰੇ ਜੋਬਨ ਉਤੇ ਆ ਜਾਂਦੀ ਹੈ । ਮੰਚ ਉਤੇ ਦਿੱਲੀ ਵਿਖੇ ਰਹਿੰਦਾ ਇਕ ਸਿਖ ਪਰਿਵਾਰ ਨਜ਼ਰੀਂ ਪੈਂਦਾ ਹੈ । ਰੇਡੀਓ ਉਤੇ ਧਾਰਮਕ ਰਿਕਾਰਡ ਵੱਜ ਰਿਹਾ ਹੈ । ਚਾਲੀ ਕੁ ਸਾਲ ਦੀ ਜਸਬੀਰ ਕੌਰ ਸਵੈਟਰ ਬੁਣ ਰਹੀ ਹੈ । ਪੰਜਤਾਲੀ ਕੁ ਸਾਲਾਂ ਦਾ ਹਰਬੰਸ ਸਿੰਘ ਘਬਰਾਇਆ ਹੋਇਆ ਤੇ ਥਕਿਆ ਟੁੱਟਿਆ ਆਉਂਦਾ ਹੈ । ਜਸਬੀਰ ਕੌਰ ਤ੍ਰਭਕ ਕੇ ਉਠਦੀ ਹੈ ।]

ਜਸਬੀਰ : ਮੈਂ ਕਿਹਾ ਜੀ, ਸੁਖ ਤਾਂ ਹੈ ? ਏਨੇ ਘਾਬਰੇ ਹੋਏ ਕਿਉਂ ਹੋ ? ਕੀ ਹੋਇਐ ?

ਹਰਬੰਸ ਸਿੰਘ : ਕੀ ਦਸਾਂ ਕੀ ਹੋਇਐ ?...ਅੱਛਾ ਇਹ ਦਸ ਕੁੜੀਆਂ ਤੇ ਘਰ ਹੀ ਨੇ ਕਿ ?

ਜਸਬੀਰ : ਹਾਂ ਹਾਂ ਘਰ ਹੀ ਨੇ ।

ਹਰਬੰਸ ਸਿੰਘ : ਉਨ੍ਹਾਂ ਨੂੰ ਬਾਹਰ ਨਾ ਨਿਕਲਣ ਦੇਵੀਂ...

ਜਸਬੀਰ : ਪਰ ਹੋਇਆ ਕੀ ਏ ?

ਹਰਬੰਸ ਸਿੰਘ : ਅਨਰਥ ਹੋ ਗਿਐ । ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਹੋ ਗਿਐ । ਕਹਿੰਦੇ ਨੇ, ਕਤਲ ਸਿਖਾਂ ਨੇ ਕੀਤੈ । ਸ਼ੈਤਾਨ ਲੋਕਾਂ ਨੇ 'ਗਮੂਦ ਦ ਪਗੜੀ' ਦਾ ਨਾਹਰਾ ਮਾਰਿਐ ।

[ਜਸਬੀਰ ਕੌਰ ਚਿੰਤਾ ਦੇ ਡੂੰਘੇ ਸਮੁੰਦਰ ਵਿਚ ਡੋਰ ਭੌਰ ਹੋਈ ਕਹਿੰਦੀ ਹੈ]

ਜਸਬੀਰ : ਤਾਹੀਉਂ ਰੇਡੀਓ ਤੋਂ ਧਾਰਮਕ ਰਿਕਾਰਡ ਵੱਜੇ ਰਹੇ ਨੇ...ਪਰ ਦਸਿਆ ਤਾਂ ਕੁਝ ਵੀ ਨਹੀਂ ।

[ਜਵਾਨੀ ਦੀ ਦਹਿਲੀਜ਼ ਤੇ ਬੈਠੀਆਂ ਦੋ ਮੁਟਿਆਰ ਕੁੜੀਆਂ ਅੰਦਰੋਂ ਆਉਂਦੀਆਂ ਹਨ ]

ਚੰਚਲ : ਸੱਚ ਪਾਪਾ, ਇਹ ਭਾਣਾ ਵਰਤ ਗਿਐ ?

ਰਜਨੀ : ਚੰਗਾ ਹੋਇਆ ਜੋ ਅਸੀਂ ਅਜ ਪੜ੍ਹਨ ਨਹੀਂ ਗਈਆਂ ।

ਜਸਬੀਰ : (ਯਾਚਨਾ ਕਰਦਿਆਂ) ਰੱਬਾ ਸੁਖ ਵਰਤਾਈਂ ।

[ਜਸਬੀਰ ਕੌਰ ਦੋਵੇਂ ਕੰਜਕਾਂ ਨੂੰ ਬਗਲ ਵਿਚ ਲੈ ਲੈਂਦੀ ਹੈ]

ਹਰਬੰਸ ਸਿੰਘ : ਮੈਂ ਵੀ ਡਰਦਿਆਂ ਦਫ਼ਤਰੋਂ ਛੁੱਟੀ ਦੇ ਕੇ ਆ ਗਿਆਂ । ਲੋਕ ਭਾਂਤ-ਭਾਂਤ ਦੀਆਂ ਗੱਲਾਂ ਕਰਦੇ ਸਨ ।

ਜਸਬੀਰ : ਕੀ ਗੱਲਾਂ ਕਰਦੇ ਸਨ ?

ਹਰਬੰਸ ਸਿੰਘ : ਇਹੋ ਹੀ ਕਿ ਸਿਖਾਂ ਨੇ ਕਤਲ ਕੀਤੈ ।

ਜਸਬੀਰ : ਮੋਇਆਂ ਨੂੰ ਗੱਲਾਂ ਹੀ ਕਰਨੀਆਂ ਆਉਂਦੀਐਂ । ਇਹ ਨਹੀਂ ਸੋਚਦੇ, ਕਿਸੇ ਦੇ ਦਿਲ ਨੂੰ ਠੇਸ ਲਗੇਗੀ ।

ਚੰਚਲ : ਤਾਹੀਉਂ ਮੁਹੱਲੇ ਵਾਲੇ ਸਾਡੇ ਘਰ ਵੱਲ ਘੂਰ-ਘੂਰ ਕੇ ਗੱਲਾਂ ਕਰ ਰਹੇ ਸਨ ।

ਰਜਨੀ : ਹਾਂ ਪਾਪਾ ! ਅਸੀਂ ਤਾਂ ਅਜ ਘਰੋਂ ਬਾਹਰ ਹੀ ਨਹੀਂ ਨਿਕਲੇ । ਅਸੀਂ ਕੋਠੇ ਤੇ ਖੜ੍ਹੀਆਂ ਸੀ ਤਾਂ ਮੁਸ਼ਟੰਡੇ ਸਾਨੂੰ ਟਿੱਚਰਾਂ ਕਰਦੇ ਸਨ ।

ਜਸਬੀਰ : ਉਹ ਜਾਣੇ, ਜੇ ਮੋਏ ਮਛਰਦੇ ਸੀ । ਤੁਸੀਂ ਘਰ ਹੀ ਰਹੋ । ਰੱਬ ਇਨ੍ਹਾਂ ਨੂੰ ਸਜ਼ਾ ਦੇਵੇਗਾ । (ਜਸਵੀਰ ਕੌਰ ਚੰਚਲ ਤੇ ਰਜਨੀ ਨੂੰ ਛੱਡ ਕੇ ਰੇਡੀਓ ਬੰਦ ਕਰਨ ਲਈ ਉਲਰਦੀ ਹੈ ਕਿ ਰੇਡੀਓ ਤੋਂ ਜ਼ਰੂਰੀ ਸੂਚਨਾ ਸੁਣਨ ਦਾ ਐਲਾਨ ਹੁੰਦਾ ਹੈ : ਇਕ ਜ਼ਰੂਰੀ ਸੂਚਨਾ । ਬੜੇ ਦੁਖੀ ਹਿਰਦੇ ਨਾਲ ਦਸਣਾ ਪੈ ਰਿਹਾ ਹੈ ਕਿ ਸਾਡੇ ਪਿਆਰੇ ਪ੍ਰਧਾਨ ਮੰਤਰੀ ਹੁਣ ਨਹੀਂ ਰਹੇ । ਉਨ੍ਹਾਂ ਨੂੰ ਅੱਜ ਸਵੇਰੇ ਉਨ੍ਹਾਂ ਦੇ ਗ੍ਰਿਹ ਵਿਖੇ ਆਪਣੇ ਹੀ ਅੰਗ ਰਖਿਅਕਾਂ ਨੇ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ । ਪ੍ਰਧਾਨ ਮੰਤਰੀ ਦਾ ਪਾਰਥਵ ਸਰੀਰ ਲੋਕਾਂ ਦੇ ਦਰਸ਼ਨਾਂ ਹਿਤ ਦਿੱਲੀ ਦੇ ਤ੍ਰੈ-ਮੂਰਤੀ ਭਵਨ ਵਿਖੇ ਰਖਿਆ ਜਾ ਰਿਹਾ ਹੈ ।)

[ਜ਼ਰੂਰੀ ਸੂਚਨਾ ਦੇ ਖ਼ਤਮ ਹੋਣ ਸਾਰ ਹੀ ਮਾਤਮੀ ਧੁਨ ਸ਼ੁਰੂ ਹੋ ਜਾਂਦੀ ਹੈ । ਜਸਬੀਰ ਕੌਰ ਰੇਡੀਓ ਬੰਦ ਕਰ ਦਿੰਦੀ ਹੈ ।]

ਚੰਚਲ : ਹੁਣ ਕੀ ਹੋਵੇਗਾ ਮੰਮੀ ?

ਜਸਬੀਰ : ਹੋਣਾ ਕੀ ਏ । ਦੋ-ਚਾਰ ਦਿਨ ਝੰਡੇ ਝੁਕੇ ਰਹਿਣਗੇ ।

ਰਜਨੀ : ਹੁਣ ਕਾਲਜ ਵੀ ਬੰਦ ਹੋ ਜਾਣਗੇ ।

ਜਸਬੀਰ : ਮੈਂ ਕਿਹਾ ਜੀ ! ਤੁਸੀਂ ਕਿਹੜੀਆਂ ਸੋਚਾਂ ਵਿਚ ਡੁੱਬ ਗਏ ਹੋ ?

[ਦੂਰੋਂ ਰੌਲੇ-ਰੱਪੇ ਦੀਆਂ ਆਵਾਜ਼ਾਂ ਆਉਣ ਲੱਗ ਪੈਂਦੀਆਂ ਹਨ]

ਹਰਬੰਸ ਸਿੰਘ : ਜੋ ਕੁਝ ਮੈਂ ਸੁਣ ਆਇਆਂ ਤੇ ਜੋ ਕੁਝ ਮੈਂ ਬਜ਼ਾਰਾਂ ਵਿਚ ਵੇਖ ਆਇਆਂ, ਉਨ੍ਹਾਂ ਗੱਲਾਂ ਤੋਂ ਮੈਨੂੰ ਡਰ ਲੱਗ ਰਿਹੈ । ਕਿਧਰੇ...ਕਿਧਰੇ...

['ਮਾਰ ਦਿਉ, ਲੁਟ ਲਓ, ਸਾੜ ਦਿਉ, ਫੂਕ ਦਿਉ, ਬਰਬਾਦ ਕਰ ਦਿਓ ਦਾ ਸ਼ੋਰ-ਸ਼ਰਾਬਾ ਨੇੜਿਉਂ ਸੁਣਾਈ ਦੇਣ ਲੱਗ ਪੈਂਦਾ ਹੈ ਤੇ ਹਰਬੰਸ ਸਿੰਘ ਦੇ ਬੋਲ ਵਿਚੇ ਗੁਆਚ ਜਾਂਦੇ ਹਨ । ਸਾਰੇ ਘਬਰਾ ਜਾਂਦੇ ਹਨ । ਸਾਰਿਆਂ ਨੂੰ ਹੱਥਾਂ ਬਾਹਾਂ ਦੀ ਪੈ ਜਾਂਦੀ ਹੈ]

ਚੰਚਲ : ਪਾਪਾ ! ਉਹ ਵੇਖੋ ਲੋਕ ਤਾਂ ਹਰਲ-ਹਰਲ ਕਰਦੇ ਆ ਰਹੇ ਨੇ ।

ਰਜਨੀ : ਹਾਂ ਪਾਪਾ ! ਉਹ ਵੇਖੋ, ਭੀੜ ਬਿਸ਼ਨ ਸਿੰਘ ਹੋਰਾਂ ਨੂੰ ਵਾਲਾਂ ਤੋਂ ਫੜ ਕੇ ਘੜੀਸ ਰਹੀ ਹੈ ।



ਚੰਚਲ : ਹਾਏ ਪਾਪਾ ! ਉਹ ਵੇਖੋ ! ਉਹ ਤਾਂ ਗੱਲ ਵਿਚ ਟਾਇਰ ਪਾ ਕੇ ਫੂਕ ਰਹੇ ਨੇ ।

ਜਸਬੀਰ : ਨੂਰ ਸਾਂਈ ਦਾ...ਕੀ ਇਹ ਅਜ਼ਾਦੀ ਏ ?...ਕੀ ਮੁੜ ਬਰਬਾਦ ਹੋਣ ਲਈ ਅਜ਼ਾਦੀ ਮੰਗਦੇ ਸੀ ? ਕੀ ਸਾਡੀ ਕਿਸਮਤ ਵਿਚ ਉਜੜਨਾ ਹੀ ਲਿਖਿਐ ? ਅਸੀਂ ਕਦ ਤਕ ਬਲੀ ਦੇ ਬਕਰੇ ਬਣਦੇ ਰਹਾਂਗੇ ? ਕਦ ਤਕ ਖਾਨਾਬਦੋਸ਼ਾਂ ਵਾਲੀ ਜ਼ਿੰਦਗੀ ਬਿਤਾਂਦੇ ਰਹਾਂਗੇ ? ਕਦ ਤਕ...

ਰਜਨੀ : ਮੰਮੀ ! ਉਹ ਵੇਖੋ, ਬਬਲੂ ਤੇ ਮਿੰਟੂ ਨੂੰ ਤੇਲ ਪਾ ਕੇ ਫੂਕ ਰਹੇ ਨੇ । ਹੁਣ ਉਹ ..

ਚੰਚਲ : (ਵਿਚੋਂ) ਉਹ ਵੇਖੋ ਪਾਪਾ ਜੀ ! ਮੇਰੀ ਸਹੇਲੀ ਗੁਰਪ੍ਰੀਤ...। ਹਾਏ ! ਉਸ ਦੇ ਕੱਪੜੇ ਵੀ ਫਾੜ ਦਿੱਤੇ ਨੇ...

ਰਜਨੀ : ਹੁਣ ਉਹ ਸਾਨੂੰ ਵੀ...

ਜਸਬੀਰ : (ਦੋਵਾਂ ਨੂੰ ਛਾਤੀ ਨਾਲ ਘੁਟਦਿਆਂ) ਘਬਰਾਉ ਨਾ ਧੀਓ, ਮੈਂ ਆਪਣੇ ਜੀਂਦੇ ਜੀਅ ਤੁਹਾਨੂੰ ਬੇਪੱਤ ਨਹੀਂ ਹੋਣ ਦਿਆਂਗੀ । ਮੈਂ ਕਿਹਾ ਜੀ ! ਤੁਸੀਂ ਕਿਰਪਾਨ ਕੱਢ ਲਿਆਉ ਜੇ ਦੰਗਈ ਸਾਡੇ ਉਤੇ ਹਮਲਾ ਕਰਨਗੇ ਤਾਂ ਅਸੀਂ ਆਪਣੇ ਹੱਥੀਂ...

ਚੰਚਲ : ਮੰਮੀ...

ਹਰਬੰਸ ਸਿੰਘ : ਮੈਨੂੰ ਸਮਝ ਨਹੀਂ ਆ ਰਹੀ ਕਿ ਕੀ ਕਰਾਂ ? ਪਸਤੌਲਾਂ ਤੇ ਕਿਰਪਾਨਾਂ ਦਾ ਕੋਈ ਮੇਲ ਨਹੀਂ ।

ਜਸਬੀਰ : ਫਿਰ ਕਰਨਾ ਕੀ ਹੈ ?

[ਜਸਬੀਰ ਕੌਰ ਫੁਟ-ਫੁਟ ਕੇ ਰੋਂਦਿਆਂ ਚੁੰਨੀ ਨੂੰ ਵੱਟ ਦੇਣ ਲਗਦੀ ਹੈ]

ਹਰਬੰਸ ਸਿੰਘ : ਇਹ ਕੀ ਕਰਨ ਲਗੀ ਏਂ ਜਸਬੀਰ ?

ਜਸਬੀਰ : ਆਪਾਂ ਆਪਣੇ ਹੱਥੀਂ ਇਨ੍ਹਾਂ ਨੂੰ ਫਾਂਸੀ ਲਾ ਦਿੰਦੇ ਹਾਂ ਤੇ ਫਿਰ ਤੁਸੀਂ ਮੈਨੂੰ ਵੀ...

ਹਰਬੰਸ ਸਿੰਘ : ਇਸ ਗੱਲ ਦੀ ਨੌਬਤ ਤਾਂ ਅਜ਼ਾਦੀ ਵੇਲੇ ਆਈ ਸੀ । ਕੀ ਹੁਣ ਫਿਰ... ਅਜ਼ਾਦੀ ਮੰਗੀ ਸੀ ਸੁਖ ਸ਼ਾਂਤੀ ਵਾਸਤੇ...ਇਸ ਲਈ ਨਹੀਂ ਸਾਂ ਅਜ਼ਾਦੀ ਮੰਗਦੇ ਕਿ ਮਾਪਿਆਂ ਨੂੰ ਆਪਣੇ ਹਥੀਂ ਆਪਣੀ ਔਲਾਦ ਨੂੰ ਸੂਲੀ ਟੰਗਣਾ ਪਵੇ ?

[ਸ਼ੋਰ ਤੇਜ਼ ਹੋ ਜਾਂਦਾ ਹੈ]

ਜਸਬੀਰ : ਮੈਂ ਕਿਹਾ ਜੀ, ਤੁਸੀਂ ਅੰਦਰੋਂ ਰੱਸੀ ਲੈ ਆਉ । ਮੈਂ ਉਨਾ ਚਿਰ ਆਪਣੇ ਲਈ ਆਪਣੀ ਕਬਰ ਖੁਦ ਖੋਦ ਲਵਾਂ ਤੇ ਤੁਸੀਂ ਆ ਕੇ ਸਾਨੂੰ ਮਨੁੱਖਤਾ ਦੇ ਦੁਸ਼ਮਣਾਂ ਕੋਲੋਂ ਛੁਟਕਾਰਾ ਦਿਵਾ ਦੇਣਾ । ਜਾਨ ਚਲੀ ਜਾਵੇ, ਪਰ... ਪਰ ਇਜ਼ਤ ਨਾ ਜਾਵੇ ।

[ਹਰਬੰਸ ਸਿੰਘ ਸਿਰ ਪਕੜ ਕੇ ਆਪਣੀ ਬੇਬਸੀ ਉਤੇ ਝੂਰਦਾ ਹੈ]

ਚੰਚਲ : ਮੇਰੇ ਪਾਪਾ ਜੀ ! ਮੰਮੀ ਠੀਕ ਆਖਦੇ ਨੇ । ਦੁਸ਼ਮਣਾਂ ਦੇ ਹਥੋਂ ਖੁਆਰ ਹੋਣ ਨਾਲੋਂ ਤਾਂ ਆਪੇ ਮੌਤ ਸਹੇੜ ਲੈਣਾ ਅਕਲਮੰਦੀ ਹੈ ।

ਰਜਨੀ : ਹਾਂ ਪਾਪਾ ਜੀ ! ਅਸੀਂ ਰੁਲਣ ਨਾਲੋਂ ਮੌਤ ਸਹੇੜਨੀ ਜ਼ਿਆਦਾ ਪਸੰਦ ਕਰਦੀਆਂ ਹਾਂ . ਨਾਲੇ ਤੁਸੀਂ ਦਸਦੇ ਹੁੰਦੇ ਸੀ ਕਿ ਸੰਤਾਲੀ ਦੇ ਦੰਗਿਆਂ ਵੇਲੇ ਸਿਦਕੀ ਤੇ ਸਿਰੜੀ ਪੋਠੋਹਾਰਨਾਂ ਨੇ ਖੂਹਾਂ, ਤਲਾਬਾਂ ਤੇ ਨਦੀਆਂ ਵਿਚ ਛਾਲਾਂ ਮਾਰ-ਮਾਰ ਕੇ ਜਾਨ ਤਾਂ ਦੇ ਦਿਤੀ, ਪਰ ਆਪਣੀ ਆਨ ਨੂੰ ਬਚਾਈ ਰਖਿਆ । ਅਜ ਅਸੀਂ ਮੁੜ ..

ਹਰਬੰਸ ਸਿੰਘ : (ਵਿਚੋਂ) ਨਹੀਂ ਮੇਰੀਓ ਬਚੀਓ ! ਨਹੀਂ ! ਮੈਂ ਇਹ ਸਭ ਕੁਝ ਨਹੀਂ ਵੇਖ ਸਕਦਾ ।

ਜਸਬੀਰ : ਕੀ ਫਿਰ ਸਾਨੂੰ ਬੇਪੱਤ ਹੁੰਦਿਆਂ ਵੇਖ ਸਕਦੇ ਹੋ ?

ਹਰਬੰਸ ਸਿੰਘ : ਨਹੀਂ...ਕਦੀ ਵੀ ਨਹੀਂ । ਇਹ ਸਭ ਕੁਝ ਵਾਪਰਨ ਤੋਂ ਪਹਿਲਾਂ ਮੈਂ ਆਪ ਮਰ ਜਾਵਾਂਗਾ ।

[ਸ਼ੋਰ ਨੇੜਿਉਂ ਸੁਣਾਈ ਦੇਣ ਲੱਗ ਪੈਂਦਾ ਹੈ]

ਜਸਬੀਰ : ਤੁਹਾਡੇ ਮਰਨ ਨਾਲ ਉਨ੍ਹਾਂ ਨੇ ਸਾਨੂੰ ਬਖਸ਼ ਤਾਂ ਨਹੀਂ ਦੇਣਾ ।

ਹਰਬੰਸ ਸਿੰਘ : ਕਰਨਾ ਕੀ ਹੈ । ਤੁਸੀਂ ਰੱਸੀ ਲੈ ਆਉ । ਦੰਗਬਾਜ਼ਾਂ ਦੇ ਆਉਣ ਤੋਂ ਪਹਿਲਾ-ਪਹਿਲਾ ਸਾਨੂੰ ਪੱਖੇ ਨਾਲ ਲਟਕਾ ਕੇ ਫਾਂਸੀ ਦੇ ਦਿਉ ।

ਚੰਚਲ : ਹਾਂ ਪਾਪਾ ਜੀ ! ਜਲਦੀ ਕਰੋ !

[ਹਰਬੰਸ ਸਿੰਘ ਮਜਬੂਰੀ ਦੀ ਹਾਲਤ ਵਿਚ ਅੰਦਰ ਜਾਂਦਾ ਹੈ । ਜਸਬੀਰ ਕਾਹਲੀ ਨਾਲ ਸਹਿਮੀਆਂ ਤੇ ਡਰੀਆਂ ਬੱਚੀਆਂ ਦੇ ਗਲਾਂ ਵਿਚ ਚੁੰਨੀ ਦਾ ਫੰਦਾ ਪਾਉਣ ਲੱਗ ਪੈਂਦੀ ਹੈ । ਪਿਛੋਂ ਸਵਰਗੀ ਪ੍ਰੋ. ਮੋਹਨ ਸਿੰਘ ਦੀਆਂ ਸਤਰਾਂ ''ਆ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ । ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ । ਜੋ ਖ਼ਾਬ ਸੀ ਤੂੰ ਦੇਖਿਆ, ਵਣ ਥੱਲੇ ਸੁਤਿਆਂ । ਸੋਹਣਾ ਉਹ ਤੇਰਾ ਖ਼ਾਬ ਪਰੇਸ਼ਾਨ ਹੋ ਗਿਆ'' ਬੜੇ ਦਰਦੀਲੇ ਸੰਗੀਤ ਨਾਲ ਗੂੰਜਣ ਲੱਗ ਪੈਂਦੀਆਂ ਹਨ]

ਹਰਬੰਸ ਸਿੰਘ : (ਆ ਕੇ) ਨਹੀਂ ਜਸਬੀਰ ਨਹੀਂ । ਮੇਰੇ ਤੋਂ ਇਹ ਕੁਕਰਮ ਨਹੀਂ ਹੋਣਾ ।

[ਨਾਹਰਿਆਂ ਦੀਆਂ ਤੇਜ਼ ਆਵਾਜ਼ਾਂ ਸੁਣਾਈ ਦੇਣ ਲੱਗ ਪੈਂਦੀਆਂ ਹਨ]

ਜਸਬੀਰ : ਹਾਇਆ ! ਹੁਣ ਕੀ ਕਰੀਏ ? ...ਕਿਥੇ ਜਾਈਏ ?

ਹਰਬੰਸ ਸਿੰਘ : ਸ਼ਾਇਦ ਦੰਗਈ ਸਾਨੂੰ ਮਾਰਨ ਆ ਗਏ ਹਨ । ਸ਼ਾਇਦ ਉਹ ਇਧਰ ਹੀ ਆ ਰਹੇ ਨੇ...ਚਲੋ ਚਲੋ, ਆਪਾਂ ਜੋਸ਼ੀ ਸਾਹਿਬ ਦੇ ਘਰ ਚਲੇ ਜਾਂਦੇ ਹਾਂ ।

ਜਸਬੀਰ : ਕੀ ਉਹ ਸਾਡੀ ਏਸ ਵੇਲੇ ਮਦਦ ਕਰਨਗੇ ?

ਹਰਬੰਸ ਸਿੰਘ : ਕਿਉਂ ਨਾ ਕਰਨਗੇ । ਹਮਸਾਏ ਮਾਂ ਪਿਓ ਜਾਏ ਹੁੰਦੇ ਨੇ । ਰਿਸ਼ਤੇਦਾਰਾਂ



ਨਾਲੋਂ ਗੁਆਂਢੀ ਜ਼ਿਆਦਾ ਨੇੜੇ ਹੁੰਦੇ ਨੇ । (ਦਰਵਾਜ਼ਾ ਖੜਕਣ ਲੱਗ ਪੈਂਦਾ ਹੈ । 'ਨਿਕਲੋ ਬਾਹਰ-ਨਿਕਲੋ ਬਾਹਰ' ਦਾ ਹਾ-ਹੁੱਲਾ ਮੱਚਣ ਲੱਗ ਪੈਂਦਾ ਹੈ । ਬੱਚੀਆਂ ਰੋਣ ਲੱਗ ਪੈਂਦੀਆਂ ਹਨ) ਨਾ-ਨਾ ਕਮਲੀਓ ! ਇਹ ਰੋਣ ਦਾ ਵੇਲਾ ਨਹੀਂ ਹੈ । ਚਲੋ ਜਲਦੀ ਚਲੋ । ਦੰਗਈ ਆ ਗਏ ਨੇ । ਆਪਾਂ ਕੋਠਿਆਂ ਤੋਂ ਟੱਪ ਟੱਪ ਕੇ ਉਨ੍ਹਾਂ ਦੇ ਘਰ ਪੁਜ ਜਾਵਾਂਗੇ ।

ਜਸਬੀਰ : ਮੈਂ ਕਿਹਾ ਜੀ, ਕੁਝ ਨਕਦੀ ਤੇ ਜੇਵਰ ਤਾਂ ਨਾਲ ਲੈ ਚਲੀਏ ।

ਹਰਬੰਸ ਸਿੰਘ : ਭਲੀਏ ! ਜਾਨ ਹੈ ਤਾਂ ਜਹਾਨ ਹੈ । ਏਸ ਵੇਲੇ ਨਕਦੀ ਤੇ ਜ਼ੇਵਰ ਸੰਭਾਲੀਏ ਜਾਂ ਜਾਨ ?

[ਸਾਰੇ ਇਕਦਮ ਘਬਰਾਏ ਹੋਏ ਇਕ ਪਾਸੇ ਵਲ ਪ੍ਰਸਥਾਨ ਕਰ ਜਾਂਦੇ ਹਨ ਅਤੇ ਹਰਬੰਸ ਸਿੰਘ ਅੰਦਰੋਂ ਕਿਰਪਾਨ ਕੱਢ ਕੇ ਨਾਲ ਲੈ ਜਾਂਦਾ ਹੈ । 'ਉਹ ਭਜ ਗਏ ਪਕੜ ਲਉ, ਮਾਰ ਦਿਉ' ਦਾ ਸ਼ੋਰ ਪੈਂਦਾ ਹੈ । ਰੋਸ਼ਨੀ ਸਿਮਟ ਜਾਂਦੀ ਹੈ]

[ਰਲੀ ਮਿਲੀ ਰੋਸ਼ਨੀ ਦੇ ਪ੍ਰਭਾਵ ਨਾਲ ਆਵਾਜ਼ ਉਭਰਦੀ ਹੈ ਅਤੇ ਸੰਗੀਤ ਦੇ ਨਾਲ ਨਾਲ ਬਹੁਤ ਦੂਰ ਤੋਂ ਰੌਲੇ-ਗੌਲੇ ਦੀਆਂ ਆਵਾਜ਼ਾਂ ਵੀ ਸੁਣਾਈ ਪੈਂਦੀਆਂ ਰਹਿੰਦੀਆਂ ਹਨ]

ਆਵਾਜ਼ : ਜੀ ਹਾਂ ਦਿੱਲੀ...ਦਿੱਲੀ ਜੋ ਸਦੀਆਂ ਤੋਂ ਲੁਟਦੀ ਆ ਰਹੀ ਹੈ । ਦਿੱਲੀ, ਜਿਸ ਦੇ ਸੀਨੇ ਉਤੇ ਮੁਗਲਾਂ ਤੋਂ ਹੋਰ ਕਈ ਜਰਵਾਣਿਆਂ ਨੇ ਆਪਣੇ ਘੋੜਿਆਂ ਰਾਹੀਂ ਆਪਣੀ ਛਾਪ ਲਾਈ ਅਤੇ 'ਸੋਨੇ ਦੀ ਚਿੜੀ' ਕੁਹਾਉਣ ਵਾਲੇ ਇਸ ਦੇਸ਼ ਨੂੰ ਬਦੇਸ਼ੀ ਤਾਕਤਾਂ ਨੇ ਲੁਟ ਕੇ ਆਪਣੇ ਦੇਸ਼ਾਂ ਨੂੰ ਮਾਲਾਮਾਲ ਕੀਤਾ । ਪਰ ਅਜ ਮੈਂ ਆਪਣੀਆਂ ਅੱਖਾਂ ਨਾਲ ਦਿੱਲੀ ਨੂੰ ਆਪਣਿਆਂ ਦੇ ਹੀ ਹਥੋਂ ਲੁਟਦਿਆਂ ਵੇਖ ਰਿਹਾ ਹਾਂ । ਜਦੋਂ ਨਸਲੀ ਵਿਤਕਰੇ ਤੇ ਫਿਰਕੂ ਅੱਗ ਭੜਕਦੀ ਹੈ ਤਾਂ ਉਹ ਹਿੰਦੂ, ਮੁਸਲਮ, ਸਿਖ ਜਾਂ ਇਸਾਈ ਦਾ ਵਿਤਕਰਾ ਨਹੀਂ ਕਰਦੀ । ਉਹ ਅੱਗ ਤਾਂ ਸਭ ਨੂੰ ਝੁਲਸ ਦਿੰਦੀ ਹੈ—ਸਭ ਨੂੰ ਸਾੜ ਦਿੰਦੀ ਹੈ । ਸਭ ਕੁਝ ਬਰਬਾਦ ਕਰ ਦਿੰਦੀ ਹੈ । ਮੈਂ ਅਜ ਉਸੇ ਅੱਗ ਨੂੰ ਦਿੱਲੀ ਵਿਚ ਵੇਖ ਰਿਹਾ ਹਾਂ । ਮੈਨੂੰ ਇਸ ਅੱਗ ਦੇ ਸਿਟਿਆਂ ਤੋਂ ਡਰ ਲੱਗ ਰਿਹਾ ਹੈ । ਪਰ...ਪਰ...

[ਰੋਸ਼ਨੀ ਬੰਦ ਹੋ ਜਾਂਦੀ ਹੈ]

[ਰੋਸ਼ਨੀ ਜੋਸ਼ੀ ਦੇ ਉਤੇ ਪੈਂਦੀ ਹੈ । ਜੋਸ਼ੀ ਆਰਤੀ ਦੇ ਬੋਲ ਗੁਣਗੁਣਾ ਰਿਹਾ ਹੁੰਦਾ ਹੈ । ਹਰਬੰਸ ਸਿੰਘ ਸਹਿਮੇ ਹੋਏ ਪਰਿਵਾਰ ਨਾਲ ਪ੍ਰਵੇਸ਼ ਕਰਦਾ ਹੈ ।]

ਹਰਬੰਸ ਸਿੰਘ : ਜੋਸ਼ੀ ਸਾਹਬ ! ਜੋਸ਼ੀ ਸਾਹਬ ! ਬਚਾ ਲਉ (ਜੋਸ਼ੀ ਖਬਰਾ ਜਾਂਦਾ ਹੈ)

ਸਾਨੂੰ ਲੁਕਾ ਲਉ ਜੋਸ਼ੀ ਸਾਹਬ । ਸਾਨੂੰ ਬਚਾ ਲਉ । ਦੰਗਈਆਂ ਨੇ ਸਾਡੇ ਘਰ 'ਤੇ ਹਮਲਾ ਕਰ ਦਿਤੈ ।

ਜਸਬੀਰ : ਸਾਨੂੰ ਮਾਰਨ ਆ ਪਏ ਨੇ । ਅਸੀਂ ਤੁਹਾਡੇ ਕੋਲ ਸ਼ਰਨ ਲਈ ਆਏ ਹਾਂ ।

ਜੋਸ਼ੀ : ਠੀਕ ਹੈ, ਮੇਰੇ ਤੁਹਾਡੇ ਨਾਲ ਚੰਗੇ ਸੰਬੰਧ ਹਨ, ਪਰ ਏਸ ਘੜੀ ਮੈਂ ਤੁਹਾਡੀ ਕੋਈ ਮਦਦ ਨਹੀਂ ਕਰ ਸਕਦਾ । ਜੇ ਉਨ੍ਹਾਂ ਨੂੰ ਪਤਾ ਲੱਗ ਗਿਆ ਤਾਂ ਉਹ ਸਾਨੂੰ ਵੀ ਬਖ਼ਸ਼ਣ ਨਹੀਂ ਲਗੇ । ਨਾ ਬਾਬਾ ਨਾ... ਮੈਂ ਬਗਾਨੀ ਅੱਗ ਵਿਚ ਨਹੀਂ ਕੁੱਦ ਸਕਦਾ ।

ਪੁਸ਼ਪਾ : (ਆ ਕੇ) ਕੌਣ ਨਹੀਂ ਕੁੱਦ ਸਕਦਾ ?

ਜੋਸ਼ੀ : ਤੂੰ ਅੰਦਰ ਚਲ ਪੁਸ਼ਪਾ... ਆਪਾਂ ਕੀ ਲੈਣਾ ਏਂ ?

ਪੁਸ਼ਪਾ : ਲੈਣਾ ਕਿਉਂ ਨਹੀਂ ? ਅਜ ਬਿਪਤਾ ਵੇਲੇ ਤੁਸੀਂ ਮੂੰਹ ਫੇਰਦੇ ਹੋ । ਤੁਹਾਡੇ ਵਰਗੇ ਮਰਦਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ । (ਜਸਬੀਰ ਕੋਲ ਜਾ ਕੇ) ਜੇ ਤੁਸੀਂ ਮਜ਼ਲੂਮਾਂ ਦੀ ਮਦਦ ਨਹੀਂ ਕਰ ਸਕਦੇ ਤਾਂ ਐ ਲਉ ਮੇਰੀ ਚੁੰਨੀ (ਚੁੰਨੀ ਦੇਂਦੀ ਹੈ) ਤੇ ਘੁੰਡ ਕੱਢ ਕੇ ਅੰਦਰ ਬੈਠੋ । ਮੈਂ ਆਪੇ ਆਪਣੇ ਹਮਦਰਦਾਂ ਨੂੰ ਬਚਾ ਲਵਾਂਗੀ । ਆਉ ਸਰਦਾਰ ਜੀ ਤੁਸੀਂ ਸਾਡੇ ਘਰ ਰਹੋ । ਦੇਖਦੀ ਹਾਂ ਕੌਣ ਤੁਹਾਡੀ ਵਾ ਵਲ ਵੇਖਦਾ ਹੈ ।

ਜੋਸ਼ੀ : ਮੈਨੂੰ ਮਾਫ਼ ਕਰ ਦੇ ਪੁਸ਼ਪਾ ।

[ਦਰਵਾਜ਼ਾ ਖੜਕਦਾ ਹੈ । ਪੁਸ਼ਪਾ ਸਾਰਿਆਂ ਨੂੰ ਕਮਰੇ ਵਿਚ ਲੈ ਜਾਂਦੀ ਹੈ । ਜੋਸ਼ੀ ਦਰਵਾਜ਼ਾ ਖੋਲ੍ਹ ਦਿੰਦਾ ਹੈ । ਦੋ ਤਿੰਨ ਨੌਜਵਾਨ ਮੁੰਡੇ ਹੱਥਾਂ ਵਿਚ ਤ੍ਰਿਸ਼ੂਲ ਆਦਿ ਪਕੜੀ ਅੰਦਰ ਆਉਂਦੇ ਹਨ ਅਤੇ ਬਾਕੀ ਬਾਹਰੋਂ ਰੌਲਾ ਰੱਪਾ ਪਾਉਂਦੇ ਰਹਿੰਦੇ ਹਨ]

ਦੰਗਈ 1. : ਕਿਥੇ ਲੁਕਾਏ ਨੇ ...ਅਸੀਂ ਉਨ੍ਹਾਂ ਨੂੰ ਖ਼ਤਮ ਕਰਨਾ ਹੈ ?

ਜੋਸ਼ੀ : ਇਥੇ ਕੋਈ ਵੀ ਨਹੀਂ ਆਇਆ । ਚਾਹੇ ਤਲਾਸ਼ੀ ਲੈ ਲਉ ।

ਦੰਗਈ 2. : ਅਸੀਂ ਖ਼ੁਦ ਦੇਖਿਐ ਇਧਰ ਆਉਂਦਿਆਂ ।

ਪੁਸ਼ਪਾ : (ਆ ਕੇ) ਵੈਸੇ ਤਾਂ ਇਥੇ ਕੋਈ ਆਇਆ ਹੀ ਨਹੀਂ । ਜੇ ਕੋਈ ਆਇਆ ਵੀ ਹੈ ਤਾਂ ਅਸੀਂ ਤੁਹਾਨੂੰ ਕੋਈ ਭੈੜਾ ਕਾਰਾ ਨਹੀਂ ਕਰਨ ਦੇਣਾ ।

ਦੰਗਈ 1. : ਦੇਖੋ ! ਅਸੀਂ ਤੁਹਾਡੇ ਨਾਲ ਬੁਰਾ ਨਹੀਂ ਪੈਣਾ ਚਾਹੁੰਦੇ ।

ਦੰਗਈ 2. : ਤੁਸੀਂ ਸਾਡੇ ਸ਼ਿਕਾਰ ਸਾਨੂੰ ਦੇ ਦਿਉ, ਅਸੀਂ ਚਲੇ ਜਾਵਾਂਗੇ ।

ਪੁਸ਼ਪਾ : ਸਾਡੇ ਨਾਲ ਹਮਦਰਦੀ ਜਤਾਉਂਦੇ ਹੋ ਤੇ ਕੀ ਉਹ ਬਗਾਨੇ ਨੇ ?

ਦੰਗਈ 1. : ਤੁਸੀਂ ਸਿਧੀ ਤਰ੍ਹਾਂ ਉਹਨਾਂ ਨੂੰ ਸਾਡੇ ਹਵਾਲੇ ਕਰ ਦਿਉ, ਨਹੀਂ ਤਾਂ...

ਪੁਸ਼ਪਾ : ਨਹੀਂ ਤਾਂ ਕੀ ਕਰ ਲਉਗੇ ? ਸਾਨੂੰ ਮਾਰ ਹੀ ਦਿਉਗੇ ਨਾ ? ਲਉ ਮਾਰ ਦਿਉ । ਤੁਸੀਂ ਸਾਡੇ ਜੀਂਦੇ ਜੀਅ ਕਿਸੇ ਦੀ ਹੱਤਿਆ ਨਹੀਂ ਕਰ ਸਕਦੇ ।



ਦੰਗਈ 2. : ਚਲੋ ਯਾਰੋ ਛੱਡੋ, ਆਪਾਂ ਫਿਰ ਬਦਲਾ ਲੈ ਲਵਾਂਗੇ । ਕਦੀ ਤਾਂ ਬਾਹਰ ਨਿਕਲਣਗੇ । ਅਸੀਂ ਬਾਹਰ ਪਹਿਰਾ ਦਿਆਂਗੇ ।

ਦੰਗਈ 1. : ਠੀਕ ਹੈ । ਕਦੋਂ ਤਕ ਬਚਦੇ ਰਹਿਣਗੇ ।

[ਦੰਗਈ ਨਾਹਰੇ ਮਾਰਦੇ ਚਲੇ ਜਾਂਦੇ ਹਨ ਹਰਬੰਸ ਸਿੰਘ ਹੋਰੀਂ ਆ ਜਾਂਦੇ ਹਨ]

ਜਸਬੀਰ : ਹੁਣ ਕੀ ਹੋਵੇਗਾ ? ਹੁਣ ਕਿਥੇ ਲੁਕੀਏ ?

ਪੁਸ਼ਪਾ : ਘਬਰਾਉ ਨਾ । ਇਥੇ ਕੋਈ ਵੀ ਤੁਹਾਡਾ ਵਾਲ ਵਿੰਗਾ ਨਹੀਂ ਕਰ ਸਕਦਾ ।

ਹਰਬੰਸ ਸਿੰਘ : ਅਸੀਂ ਤੁਹਾਡੇ ਸਦਾ ਰਿਣੀ ਰਹਾਂਗੇ ।

ਜੋਸ਼ੀ : ਕਿਉਂ ਸ਼ਰਮਿੰਦਾ ਕਰਦੇ ਹੋ ?

[ਬਾਹਰੋਂ ਘੁਸਰ-ਮੁਸਰ ਦੀਆਂ ਤੇਜ਼ ਤੇਜ਼ ਆਵਾਜ਼ਾਂ ਆਉਂਦੀਆਂ ਸੁਣਾਈ ਦਿੰਦੀਆਂ ਹਨ । ਸਾਰੇ ਘਬਰਾਉਂਦੇ ਹਨ ।]

ਪੁਸ਼ਪਾ : ਡਰਨ ਦੀ ਲੋੜ ਨਹੀਂ । ਅਸੀਂ ਤੁਹਾਡੇ ਨਾਲ ਹਾਂ । ਅਸੀਂ ਜਾਨ 'ਤੇ ਖੇਡ ਕੇ ਵੀ ਤੁਹਾਡੀ ਰਾਖੀ ਕਰਾਂਗੇ । ਜਬਰੀਂ ਇਹ ਤੁਹਾਨੂੰ ਇਥੋਂ ਲਿਜਾ ਨਹੀਂ ਸਕਦੇ ।

ਜਸਬੀਰ : ਹੁਣ ਮੁਸ਼ਕਲ ਦੀ ਘੜੀ ਤੁਸੀਂ ਹੀ ਸਾਡੇ ਆਪਣੇ ਹੋ ।

ਪੁਸ਼ਪਾ : ਫਿਰ ਤੁਸੀਂ ਚਿੰਤਾ ਛੱਡ ਦਿਉ । ਅਸੀਂ ਆਪੇ ਨਿਬੜ ਲਵਾਂਗੇ ।

ਜੋਸ਼ੀ : ਆਉ ! ਤੁਸੀਂ ਅੰਦਰ ਚਲ ਕੇ ਨਿਸ਼ਚਿੰਤ ਹੋ ਕੇ ਬੈਠੋ ।

ਪੁਸ਼ਪਾ : ਅਸੀਂ ਦੋਵੇਂ ਜਣੇ ਦਰਵਾਜ਼ੇ ਕੋਲ ਬੈਠ ਕੇ ਪਹਿਰਾ ਦਿਆਂਗੇ ।

[ਪੁਸ਼ਪਾ ਸਾਰਿਆਂ ਨੂੰ ਅੰਦਰ ਲੈ ਜਾਂਦੀ ਹੈ]

ਆਵਾਜ਼ : ਦਿੱਲੀ ਦੇ ਦੰਗਿਆਂ ਦੀ ਗਾਥਾ ਬਾਰੇ ਇਕ ਝਲਕ ਤਾਂ ਤੁਸੀਂ ਵੀ ਮੇਰੇ ਨਾਲ ਵੇਖੀ । ਹੁਣ ਮੈਂ ਤੁਹਾਨੂੰ ਆਪਣੇ ਨਾਲ ਪੰਜਾਬ ਦੇ ਮਾਝੇ ਵਿਚ ਵਿਚ ਲੈ ਚਲਦਾ ਹਾਂ, ਜਿਥੇ ਹਰ ਰੋਜ਼ ਕੋਈ ਨਾ ਕੋਈ ਭਾਣਾ ਵਰਤਦਾ ਹੈ । ਜਿਥੇ ਲੋਕ ਡਰ ਤੇ ਸਹਿਮ ਦੀ ਛੱਤਰੀ ਥਲੇ ਦਿਨ ਕਟੀ ਕਰਦੇ ਹਨ...

[ਰੋਸ਼ਨੀ ਹੁੰਦੀ ਹੈ]

[ਪਿੰਡ ਦੇ ਬਾਹਰਵਾਰ ਇਕ ਅਮਲੀ ਇਕੱਲਾਕਾਰਾ ਘੁੰਮਦਾ ਨਜ਼ਰੀ ਪੈਂਦਾ ਹੈ]

ਅਮਲੀ : ਓਏ ! ਗੁੜ ਨਾਲੋਂ ਇਸ਼ਕ ਮਿੱਠਾ...(ਲਟਕਾ ਕੇ) ਹਾਏ ! ਹਾਏ !! ਹਾਏ !!! ਰੱਬਾ ਲੱਗ ਨਾ ਕਿਸੇ ਨੂੰ ਜਾਵੇ...(ਲਟਕਾ ਕੇ) ਹਾਏ ! ਹਾਏ !! ਹਾਏ !!! ਹੈ, ਲੋਕਾਂ ਨੂੰ ਕੀ ਹੋਣ ਡਿਹੈ ? ਕੋਈ ਦੀਂਹਦਾ ਈ ਨਹੀਂ । ਕਦੀ ਉਹ ਵੀ ਦਿਨ ਹੁੰਦੇ ਸੀ ਜਦ ਅੱਧੀ-ਅੱਧੀ ਰਾਤ ਤਕ ਭੰਗੜੇ ਤੇ ਗਿੱਧੇ ਪੈਂਦੇ ਹੁੰਦੇ ਸੀ । ਲੋਕੀਂ ਹਸਦੇ-ਖੇਡਦੇ, ਗੰਨੇ ਚੂਪਦੇ, ਹੋਲਾਂ ਖਾਂਦੇ

ਤੇ ਦਾਰੂ ਦੇ ਘੁਟ ਨਾਲ ਬਕਰੇ ਬੁਲਾਂਦੇ ਸੀ। ਹੁਣ ਕਿਹੜੀ ਮਾਰ ਵਗਣ ਡਹੀ ਐ ਕਿ ਮੇਰੇ ਪੰਜਾਬ ਨੂੰ ਨਜ਼ਰ ਲੱਗ ਗਈ ਐ...ਹੁਣ ਕਿਹੜੀ ਬਿੱਲੀ ਨਿਛ ਗਈ ਐ ਕਿ ਮੇਰੇ ਸਾਲੇ ਦੇ ਸਾਢੇ ਛੇ ਵੀ ਨਹੀਂ ਵੱਜਣ ਦੇਂਦੇ ਤੇ ਕਹਿੰਦੇ ਐ ਘੁਸ ਜਾਉ ਘੁਰਨਿਆਂ 'ਚ, ਵੜ ਜੋ ਘਰਾਂ ਨੂੰ...ਕੋਈ ਮੇਰੇ ਸਾਲੇ ਦਾ ਮੇਰੇ ਨਾਲ ਡਹਿ ਕੇ ਵੇਖੇ ਖਾਂ ਜੇ ਭੂਤਨੀ ਨਾ ਭੁਲਾ ਦੇਵਾਂ ਤਾਂ ਅਮਲੀ ਨਾ ਕਹੇ ਕੋਈ...ਪਰ ਚਲ ਅਮਲੀਆ, ਤੈਂ ਕੀ ਲੈਣੈ .. ਤੂੰ ਇਥੋਂ ਚਲ ਤੇ ਮਾਵਾ-ਸ਼ਾਵਾ ਛਕ। ਕਿਧਰੇ ਬਗਾਨੇ ਪੁੱਤ ਤੇਰੀ ਹੀ ਮੰਜੀ ਨਾ ਠੋਕ ਦੇਣ...ਉਏ ! ਨਾਭੇ ਦੀਏ ਬੰਦ ਬੋਤਲੇ ! ਉਏ ਹੋਏ ਹੋਏ...ਤੈਨੂੰ ਪੀਣਗੇ ਨਸੀਬਾਂ ਵਾਲੇ ..

[ਅਮਲੀ ਬੋਲਦਾ ਬੋਲਦਾ ਇਕ ਪਾਸੇ ਚਲਾ ਜਾਂਦਾ ਹੈ।]

ਆਵਾਜ਼ : ਤੁਹਾਨੂੰ ਆਪਣੇ ਨਾਲ ਪੰਜਾਬ ਦੇ ਇਕ ਸ਼ਹਿਰ ਦੇ ਕਿਸੇ ਮੁਹੱਲੇ ਵਿਚ ਲੈ ਚਲਦਾ ਹਾਂ। ਉਸ ਪੰਜਾਬ ਵਿਚ ਜਿਥੇ ਹਿੰਦੂ-ਸਿੱਖ ਦਾ ਕੋਈ ਵਿਤਕਰਾ ਨਹੀਂ। ਸਭ ਏਕੇ ਦੀ ਪੱਕੀ ਡੋਰ ਵਿਚ ਬੱਝੇ ਹੋਏ ਹਨ। ਪਰ...ਪਰ...ਪਰ...

[ਰੋਸ਼ਨੀ ਸਿਮਟ ਜਾਂਦੀ ਹੈ।]

[ਰੋਸ਼ਨੀ ਹੁੰਦੀ ਹੈ। ਇਕ ਅੰਮ੍ਰਿਤਧਾਰੀ ਇਸਤਰੀ ਹਰਜੀਤ ਕੌਰ ਆਪਣੇ ਦੋ ਬੱਚਿਆਂ (ਉਮਰ ਅੱਠ ਦਸ ਸਾਲ) ਬਾਵਾ ਤੇ ਅੰਮ੍ਰਿਤਾ ਨੂੰ "ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥ ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥ ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥ ੧ ॥ ਰਹਾਉ ॥ ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ ॥ ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥" ਗੁਣਗੁਣਾਉਂਦੀ ਹੋਈ ਸੁਆ ਰਹੀ ਨਜ਼ਰੀਂ ਪੈਂਦੀ ਹੈ। ਹਰਜੀਤ ਕੌਰ ਕਦੇ ਬਾਵੇ ਦੇ ਘਬਰਾ ਕੇ ਉਠ ਪੈਣ 'ਤੇ ਅਤੇ ਕਦੀ ਅੰਮ੍ਰਿਤਾ ਦੇ ਉਠ ਕੇ ਬੈਠਣ ਤੋਂ ਖਿਝ ਜਾਂਦੀ ਹੈ ]

ਹਰਜੀਤ : ਤੁਸੀਂ ਸੌਂਦੇ ਕਿਉਂ ਨਹੀਂ ? ਅੱਧੀ ਰਾਤ ਹੋਣ ਲਗੀ ਏ ਤੇ ਤੁਸੀਂ ਅਜੇ ਸੁੱਤੇ ਨਹੀਂ।

ਅੰਮ੍ਰਿਤਾ : ਮੰਮੀ ! ਨੀਂਦ ਨਹੀਂ ਆ ਰਹੀ।

ਬਾਵਾ : ਮੰਮੀ ! ਪਾਪਾ ਕਦੋਂ ਆਉਣਗੇ ?

ਹਰਜੀਤ : ਪਤਾ ਨਹੀਂ ਕਦੋਂ ਆਉਣਗੇ ! ਦੋ ਦਿਨ ਹੋ ਗਏ ਘਰੋਂ ਗਿਆਂ। ਅਜੇ ਤਕ ਕੋਈ ਸੋ ਸੋ ਨਹੀਂ। ਬਾਹਰ ਕਹਿਰ ਮਚਿਆ ਹੋਇਆ ਏ। ਘਰ ਸਾਡੀ ਜਾਨ ਛਿੱਕੇ ਟੰਗੀ ਹੋਈ ਏ। ਸਾਰੇ ਪਾਸੇ ਹਾਹਾਕਾਰ ਮਚੀ ਹੋਈ ਏ।

ਬਾਵਾ : ਮੰਮੀ ਡਰ ਲਗਦੈ !



ਅੰਮ੍ਰਿਤਾ : ਕਿਉਂ ਨਾ ਮੰਮੀ ਆਪਾਂ ਦਾਦਾ ਜੀ ਦੇ ਘਰ ਚਲੇ ਜਾਈਏ। ਉਥੇ ਸਾਰੇ ਹੋਣਗੇ ਤੇ ਡਰ ਵੀ ਨਹੀਂ ਲਗੇਗਾ।

ਬਾਵਾ : ਹਾਂ ਮੰਮੀ ! ਆਪਾਂ ਦਾਦਾ ਜੀ ਦੇ ਘਰ ਚਲੇ ਜਾਂਦੇ ਹਾਂ।

ਹਰਜੀਤ : ਵੇ ਸੌਂ ਜਾਉ ਟਿਕ ਕੇ। ਬਾਹਰ ਕੋਈ ਬੰਦਾ ਨਹੀਂ ਬੰਦੇ ਦੀ ਜਾਤ ਨਹੀਂ ਨਜ਼ਰ ਆਉਂਦੀ ਤੇ ਤੁਸੀਂ......

ਅੰਮ੍ਰਿਤਾ : (ਵਿਚੋਂ) ਕਿਉਂ ਮੰਮੀ ? ਲੋਕੀਂ ਘੁੰਮਦੇ-ਫਿਰਦੇ ਕਿਉਂ ਨਹੀਂ ?

ਹਰਜੀਤ : ਇਹ ਹਰ ਰੋਜ਼ ਦੇ ਦੰਗੇ-ਫਸਾਦਾਂ ਨੇ ਲੋਕਾਂ 'ਤੇ ਪਾਬੰਦੀ ਜੋ ਲਾ ਦਿਤੀ ਏ। ਹਰ ਕੋਈ ਆਪਣੇ ਘਰ ਵਿਚ ਹੀ ਦੁਬਕਿਆ ਬੈਠਾ ਰਹਿੰਦਾ ਹੈ। ਕੋਈ ਕੱਲਾ-ਕਾਰਾ ਬਾਹਰ ਨਿਕਲਦੈ ਤਾਂ ਉਸ ਨੂੰ ਮਾਰ ਦਿੱਤਾ ਜਾਂਦੈ।

ਬਾਵਾ : ਕੌਣ ਮਾਰਦੈ ਮੰਮੀ ?

ਹਰਜੀਤ : ਜਿਨ੍ਹਾਂ ਨੂੰ ਕੁਰਸੀ ਦੀ ਭੁੱਖ ਹੁੰਦੀ ਏ।

ਅੰਮ੍ਰਿਤਾ : ਬਸ ਮੰਮੀ ! ਕੁਰਸੀ ਪਿਛੇ ?

ਹਰਜੀਤ : ਹਾਂ ਬਾਬਾ ਹਾਂ ਕੁਰਸੀ ਪਿਛੇ ਝਗੜੇ ਕਰਦੇ ਤੇ ਕਰਵਾਂਦੇ ਰਹਿੰਦੇ ਨੇ। ਪਰ ਤੁਸੀਂ ਹੁਣ ਸੌਂ ਜਾਉ; ਤੇ ਦੇਖੋ ! ਮੈਨੂੰ ਬਹੁਤਾ ਦੁਖੀ ਨਾ ਕਰੋ। ਮੈਂ ਅਗੇ ਹੀ ਬਹੁਤ ਘਬਰਾਈ ਹੋਈ ਹਾਂ। (ਦੋਵੇਂ ਬੱਚੇ ਲੇਟ ਜਾਂਦੇ ਹਨ। ਹਰਜੀਤ ਕੌਰ ਬੱਚਿਆਂ ਦੇ ਸਿਰ ਥਪਕਦਿਆਂ ਚੌਪਈ ਸਾਹਿਬ ਦਾ ਪਾਠ ਕਰਨ ਲੱਗ ਪੈਂਦੀ ਹੈ।) "ਹਮਰੀ ਕਰੋ ਹਾਥ ਦੈ ਰੱਛਾ। ਪੂਰਨ ਹੋਇ ਚਿਤ ਕੀ ਇੱਛਾ। ਤਵ ਚਰਨਨ ਮਨ ਰਹੈ ਹਮਾਰਾ। ਅਪਨਾ ਜਾਨ ਕਰੋ ਪ੍ਰਤਿਪਾਰਾ। ਹਮਰੇ ਦੁਸ਼ਟ ਸਭੈ ਤੁਮ ਘਾਵਹੁ ॥ ਆਪ ਹਾਥ ਦੈ ਮੋਹਿ ਬਚਾਵਹੁ। ਸੁਖੀ ਬਸੈ ਮੋਰੋ ਪਰਿਵਾਰਾ। ਸੇਵਕ ਸਿਖ ਸਭੈ ਕਰਤਾਰਾ। ਮੋ ਰਛਾ ਨਿਜੁ ਕਰ ਦੈ ਕਰਿਯੈ। ਸਭ ਬੈਰਿਨ ਕੋ ਆਜ ਸੰਘਰਿਯੈ ॥ ਪੂਰਨ ਹੋਇ ਹਮਾਰੀ ਆਸਾ। ਤੋਰਿ ਭਜਨ ਕੀ ਰਹੈ ਪਯਾਸਾ।"

ਬਾਵਾ : (ਉਠ ਕੇ) ਮੰਮੀ ! ਜੇ ਕੁਰਸੀ ਪਿਛੇ ਲੜਦੇ ਲੜਾਂਦੇ ਨੇ ਤਾਂ ਤੁਸੀਂ ਘਰੋਂ ਕੁਰਸੀਆਂ ਦੇ ਦਿਉ।

ਹਰਜੀਤ : ਵੇ ਜੀਣ ਜੋਗਿਆ ! ਇਹ ਕੁਰਸੀ ਨਹੀਂ ਬਲਕਿ ਰਾਜ ਚਲਾਉਣ ਵਾਲੀ ਕੁਰਸੀ। ਆਪਣੇ ਘਰ ਦੀਆਂ ਕੁਰਸੀਆਂ ਦੀ ਗੱਲ ਹੁੰਦੀ ਤਾਂ ਆਪਾਂ ਇਕ ਦੀ ਥਾਂ ਤੇ ਦਸ ਕੁਰਸੀਆਂ ਦੇ ਦਿੰਦੇ ਪਰ ਤੂੰ ਸੌਂ ਜਾ...ਚਲ ਅੱਖਾਂ ਬੰਦ ਕਰ...

[ਬਾਵਾ ਮੁੜ ਲੇਟ ਜਾਂਦਾ ਹੈ ਅਤੇ ਹਰਜੀਤ ਕੌਰ ਉਸ ਨੂੰ ਥਪਕਾਉਣ ਲੱਗ ਪੈਂਦੀ ਹੈ]

ਬਾਵਾ : (ਉਠ ਕੇ) ਮੰਮੀ ! ਤੁਸੀਂ ਮੈਨੂੰ ਬੰਦੂਕ ਤੇ ਪੁਲਸ ਦੇ ਕੱਪੜੇ ਲੈ ਦਿਉ .. ਤੇ ਮੈਂ...

ਹਰਜੀਤ : (ਵਿਚੋਂ) ਵੇ ਪਹਿਲਾਂ ਸੰਭਲ ਤਾਂ ਲੈ...ਫਿਰ ਲੈ ਦਿਆਂਗੀ...ਹੁਣ ਸੌਂ ਜਾ

ਬਾਵਾ : ਕੀ ਇਹ ਪੁਲਸ ਤੋਂ ਵੀ ਨਹੀਂ ਡਰਦੇ ?

ਅੰਮ੍ਰਿਤਾ : (ਉਠ ਕੇ) ਮੰਮੀ ! ਪਾਪਾ ਇਸ ਵੇਲੇ ਕਿਥੇ ਹੋਣਗੇ ?

ਹਰਜੀਤ : (ਖਿਝ ਕੇ) ਵੇ ਖਾਉ ਖਸਮਾਂ ਨੂੰ ! ਸੌਣ ਦਾ ਨਾਂ ਨਹੀਂ ਪਏ ਲੈਂਦੇ । ਮੈਂ ਪਹਿਲਾਂ ਹੀ ਘਬਰਾਈ ਹੋਈ ਹਾਂ ਤੇ ਤੁਸੀਂ ਟਿਕਦੇ ਹੀ ਨਹੀਂ ।

ਬਾਵਾ : ਮੰਮੀ, ਤੁਸੀਂ ਸਾਡੇ ਕੋਲ ਹੀ ਰਹਿਣਾ । ਸਾਨੂੰ ਡਰ ਲਗਦੈ ।

ਹਰਜੀਤ : ਅਛਾ-ਅਛਾ ! ਮੈਂ ਕੋਲ ਹੀ ਰਹਾਂਗੀ । ਪਰ ਤੁਸੀਂ ਸੌਂ ਜਾਉ ।

[ਹਰਜੀਤ ਕੌਰ "ਜਿਸ ਕੇ ਸਿਰ ਉਪਰ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ" ਗੁਣਗੁਣਾਉਂਦੀ ਹੋਈ ਬੱਚਿਆਂ ਨੂੰ ਸੁਆਉਣ ਦੀ ਕੋਸ਼ਸ਼ ਕਰ ਰਹੀ ਹੁੰਦੀ ਹੈ ਕਿ ਬਾਹਰੋਂ ਇਕ ਧਮਾਕਾ ਸੁਣਾਈ ਦਿੰਦਾ ਹੈ ਅਤੇ ਦੋਵੇਂ ਬੱਚੇ ਘਬਰਾ ਕੇ ਉਠ ਬੈਠਦੇ ਹਨ ਤੇ ਹਰਜੀਤ ਕੌਰ ਨਾਲ ਚਿਮੜ ਜਾਂਦੇ ਹਨ ।]

ਬਾਵਾ : ਮੰਮੀ ਡਰ ਲਗਦੈ !

ਹਰਜੀਤ : ਡਰ ਕਾਹਦਾ ? ਸ਼ੇਰਾਂ ਨੂੰ ਡਰ ਕੀ ਆਖੇ ?

ਅੰਮ੍ਰਿਤਾ : ਹੁਣ ਕੀ ਹੋਵੇਗਾ ? ਇਹ ਬੰਬ ਕਿਥੇ ਫਟਿਐ ?

ਬਾਵਾ : ਕਿਸ ਨੇ ਬੰਬ ਚਲਾਇਐ ਮੰਮੀ ?

ਹਰਜੀਤ : ਤੁਹਾਡੇ ਇਨ੍ਹਾਂ ਸੁਆਲਾਂ ਦਾ ਜੁਆਬ ਮੇਰੇ ਕੋਲ ਨਹੀਂ । ਤੁਸੀਂ ਸੌਂ ਜਾਉ ਬਚਿਓ, ਸੌਂ ਜਾਉ ।

ਅੰਮ੍ਰਿਤਾ : ਕਿਵੇਂ ਸੌਂਈਏਂ ?

ਬਾਵਾ : ਮੰਮੀ ! ਡਰ ਨਾਲ ਨੀਂਦ ਨਹੀਂ ਆ ਰਹੀ ।

ਹਰਜੀਤ : ਪਤਾ ਨਹੀਂ ਇਹ ਅੱਗ ਕਦੋਂ ਮੱਠੀ ਪਵੇਗੀ ਤੇ ਲੋਕੀਂ ਸੁਖ ਦੀ ਨੀਂਦੇ ਸੌਣਗੇ । ਤੁਸੀਂ ਸੌਂ ਜਾਉ ਬੱਚਿਓ ।

[ਦੂਰੋਂ ਕਿਸੇ ਦੇ ਰੋਣ-ਕੁਰਲਾਣ ਦੀ ਆਵਾਜ਼ ਆਉਂਦੀ ਹੈ । ਦੋਵੇਂ ਬੱਚੇ ਹਰਜੀਤ ਕੌਰ ਨਾਲ ਚਿੰਮੜ ਜਾਂਦੇ ਹਨ]

ਅੰਮ੍ਰਿਤਾ : ਇਹ ਕੌਣ ਐ ਮੰਮੀ ?

ਬਾਵਾ : ਇਹ ਕੌਣ ਰੋ ਰਿਹੈ ?

ਹਰਜੀਤ : ਪਤਾ ਨਹੀਂ ਬੱਚਿਓ ! ਕਿਸ-ਕਿਸ ਦੀ ਖ਼ਬਰ ਰੱਖੀਏ ? ਕਿਸ-ਕਿਸ ਨੁਕਸਾਨ ਦਾ ਹਿਸਾਬ ਲਾਈਏ ?

ਅੰਮ੍ਰਿਤਾ : ਮੰਮੀ, ਸਾਰੇ ਲੋਕੀਂ ਰਲ ਕੇ ਇਨ੍ਹਾਂ ਦੁਸ਼ਮਣਾਂ ਨੂੰ ਮਾਰਦੇ ਕਿਉਂ ਨਹੀਂ ?

ਹਰਜੀਤ : ਇਹੀ ਤਾਂ ਰੋਣਾ ਏਂ ਧੀਏ ! ਲੋਕ ਇਕ ਜਾਨ ਨਹੀਂ ਹੁੰਦੇ । ਜੇ ਲੋਕ ਇਕ ਮੁੱਠ ਹੋ ਜਾਣ ਤਾਂ ਲੜਾਈ ਝਗੜੇ ਦੀ ਨੌਬਤ ਹੀ ਨਾ ਆਏ (ਡੂੰਘਾ ਸਾਹ ਭਰ ਕੇ) ਪਰ ਹਾਏ ! ਪਤਾ ਨਹੀਂ ਕਦੋਂ ਸਮਝਣਗੇ ਲੋਕ...(ਕਿਸੇ ਬਜ਼ੁਰਗ ਦੀ ਬਾਹਰੋਂ ਆਵਾਜ਼ ਆਉਂਦੀ ਹੈ । ਸਭ ਸਹਿਮ ਜਾਂਦੇ ਹਨ ।



ਦਰਵਾਜ਼ੇ ਉਤੇ ਦਸਤਕ ਹੁੰਦੀ ਹੈ ।) ਕ....ਕ....ਕੌਣ ਐ ? ਮੈਂ ਪੁੱਛਦੀਆਂ ਕੌਣ ਐ ?

ਬਜ਼ੁਰਗ : (ਬਾਹਰੋਂ) ਪੁੱਤਰ ! ਬੂਹਾ ਤੇ ਖੋਲ੍ਹ !

ਹਰਜੀਤ : ਸੁਖ ਹੋਵੇ ਸਹੀ !...ਇਹ ਤਾਂ ਪਿਤਾ ਜੀ ਦੀ ਅਵਾਜ਼ ਏ !

[ਹਰਜੀਤ ਉਠ ਕੇ ਦਰਵਾਜ਼ਾ ਖੋਲ੍ਹਦੀ ਹੈ । ਬਜ਼ੁਰਗ ਖ਼ੂਨ ਨਾਲ ਲਥਪੱਥ ਅਤੇ ਘਰਬਾਇਆ ਹੋਇਆ ਆਉਂਦਾ ਹੈ ]

ਬਜ਼ੁਰਗ : ਪੁੱਤਰ, ਕੁਝ ਨਹੀਂ ਰਿਹਾ ਸਭ ਤਬਾਹ ਹੋ ਗਿਐ । ਅਸੀਂ ਮੁੜ ਬਰਬਾਦ ਹੋ ਗਏ ਆਂ । ਸਭ ਕੁਝ ਖ਼ਤਮ ਹੋ ਗਿਐ । ਪੁੱਤਰ ! ਸਾਰੀਆਂ ਆਸਾਂ ਉਤੇ ਪਾਣੀ ਫਿਰ ਗਿਐ । ਬੇਰਹਿਮਾਂ ਨੇ ਸਭ ਕੁਝ ਸਾੜ ਕੇ ਸੁਆਹ ਕਰ ਦਿਤੈ...

ਹਰਜੀਤ : ਘਰ ਦੇ ਜੀਅ ਕਿਥੇ ਨੇ ?

ਬਜ਼ੁਰਗ : ਬੰਬ ਦਾ ਧਮਾਕਾ ਹੋਇਆ...ਬੰਬ ਦਾ ਧਮਾਕਾ ਹੋਇਆ ਤੇ ਸਭ ਕੁਝ... ਤੇ ਸਭ ਕੁਝ...

[ਬਜ਼ੁਰਗ ਬੋਲਦਾ-ਬੋਲਦਾ ਬੇਹੋਸ਼ ਹੋ ਕੇ ਡਿਗ ਪੈਂਦਾ ਹੈ । ਹਰਜੀਤ ਚੀਖ਼ ਮਾਰ ਕੇ ਰੋਣ ਲੱਗ ਪੈਂਦੀ । ਬੱਚੇ ਮਾਂ ਨਾਲ ਚਿਮੜ ਜਾਂਦੇ ਹਨ । ਹਰਜੀਤ ਉਨ੍ਹਾਂ ਨੂੰ ਪਰੇ ਕਰਕੇ ਬਜ਼ੁਰਗ ਦੀਆਂ ਤਲੀਆਂ ਝਸ-ਝਸ ਕੇ ਬੇਹੋਸ਼ੀ ਤੋੜਨ ਦਾ ਉਪਰਾਲਾ ਕਰਦੀ ਹੈ । ਦੂਰੋਂ ਸ਼ਹਿਰ ਵਿਚ ਕਰਫਿਊ ਲਗਣ ਦਾ ਐਲਾਨ ਸੁਣਾਈ ਦੇਣ ਲੱਗ ਪੈਂਦਾ ਹੈ ]

ਹਰਜੀਤ : ਰੱਬਾ ! ਇਹ ਕੀ ਭਾਣਾ ਵਰਤਣ ਲਗੈ ? ਹੁਣ ਕੀ ਕਰਾਂਗੇ ? ਇਹ ਆਪ ਵੀ ਘਰ ਨਹੀਂ ਤੇ ਏਸ ਵੇਲੇ ਪਤਾ ਨਹੀਂ ਕਿਸ ਹਾਲ ਵਿਚ ਹੋਣਗੇ, ਕਿਥੇ ਹੋਣਗੇ । ਹਾਏ ! ਹੁਣ ਮੈਂ ਕੀ ਕਰਾਂ ?

ਬਾਵਾ : ਮੰਮੀ...

ਹਰਜੀਤ : ਵੇ ਜੀਣ ਜੋਗਿਓ ! ਮੇਰਾ ਮਨ ਘਬਰਾ ਰਿਹੈ । ਤੁਸੀਂ ਤੰਗ ਨਾ ਕਰੋ ਤੇ ਸੌਂ ਜਾਉ । ਮੈਂ ਪਿਤਾ ਜੀ ਉਤੇ ਕਪੜਾ ਦੇ ਦੇਵਾਂ ।

[ਹਰਜੀਤ ਕੌਰ ਚਾਦਰ ਲੈ ਕੇ ਬਜ਼ੁਰਗ ਉਤੇ ਪਾਉਂਦੀ ਹੈ ਤਾਂ ਉਹ ਡਰ ਨਾਲ ਤ੍ਰਬਕ ਕੇ ਉਠਦਿਆਂ ਬੋਲਣ ਲੱਗ ਪੈਂਦਾ ਹੈ ।]

ਬਜ਼ੁਰਗ : ਮਾਰ ਦਿੱਤਾ ਉਇ...ਬਚਾਓ...ਸਾੜ ਦਿਤਾ...ਤਬਾਹ ਕਰ ਦਿਤਾ... ਅਸੀਂ ਬਰਬਾਦ ਹੋ ਗਏ ਵੇ ਲੋਕੋ...ਸਾਨੂੰ ਬਚਾਓ...ਇਹ ਸਾਨੂੰ ਮਾਰ ਦੇਣਗੇ...

ਹਰਜੀਤ : ਉਹ ਹੋ ਪਿਤਾ ਜੀ ! ਡਰੋ ਨਾ...ਮੈਂ ਆਂ...

ਬਜ਼ੁਰਗ : ਨਹੀਂ ! ਤੁਸੀਂ ਮਾਰ ਦਿਉਗੇ ਤੁਸੀ ਖ਼ੂਨੀ ਹੋ...ਜ਼ਾਲਮ ਹੋ...ਭੁਖੇ ਬਘਿਆੜ ਹੋ...

ਹਰਜੀਤ : ਘਬਰਾਉ ਨਾ ਪਿਤਾ ਜੀ ! ਅੱਖਾਂ ਤੇ ਖੋਲ੍ਹੋ...ਮੈਂ ਤੁਹਾਡੀ ਨੂੰਹ ਹਾਂ... ਮੈਂ ਹਰਜੀਤ ਆਂ ।

ਅੰਮ੍ਰਿਤਾ : ਮੰਮੀ ! ਦਾਦਾ ਜੀ ਨੂੰ ਕੀ ਹੋ ਗਿਐ ?

ਬਾਵਾ : ਦਾਦਾ ਜੀ ਡਰਦੇ ਕਿਉਂ ਨੇ ?

ਹਰਜੀਤ : ਮੈਂ ਕਰਫਿਊ ਵਿਚ ਰਾਤ ਵੇਲੇ ਕਿਧਰ ਜਾਵਾਂ ?

ਬਜ਼ੁਰਗ : ਲਉ ! ਉਹ ਆ ਗਏ...ਉਹ ਆ ਗਏ...ਹੁਣ ਸਾਨੂੰ ਮਾਰ ਦੇਣਗੇ... ਲੁਕੋ ਬਚੋ...ਆਪਣੀ ਰਾਖੀ ਆਪ ਕਰੋ...ਬਚ ਜਾਉ ਇਨ੍ਹਾਂ ਕੋਲੋਂ... ਮੈਂ ਮੈਂ...ਮੈਂ...

[ਬਜ਼ੁਰਗ ਬੋਲਦਾ ਮੁੜ ਗਸ਼ ਖਾ ਕੇ ਡਿਗ ਪੈਂਦਾ ਹੈ । ਹਰਜੀਤ ਨੂੰ ਹੱਥਾਂ ਬਾਹਾਂ ਦੀ ਪੈ ਜਾਂਦੀ ਹੈ ]

ਹਰਜੀਤ : ਅੰਮ੍ਰਿਤਾ ! ਜਾਹ ਕ੍ਰਿਸ਼ਨ ਅੰਕਲ ਨੂੰ ਹੀ ਸੱਦ ਲਿਆ ।

ਅੰਮ੍ਰਿਤਾ : ਮੰਮੀ, ਮੈਨੂੰ ਡਰ ਲਗਦੈ !

ਹਰਜੀਤ : ਤੂੰ ਕੋਠੇ ਤੋਂ 'ਵਾਜ ਮਾਰ ਜਾ ਕੇ ।

ਬਾਵਾ : ਮੰਮੀ ਮੈਂ 'ਵਾਜ ਮਾਰਾਂ ਕ੍ਰਿਸ਼ਨ ਅੰਕਲ ਨੂੰ ।

ਹਰਜੀਤ : ਜਾਹ ਮੇਰਾ ਸ਼ੇਰ ਪੁੱਤਰ...ਪੌੜੀਆਂ ਵਿਚ ਖੜ੍ਹੇ ਕੇ 'ਵਾਜ ਮਾਰ...ਕੋਈ ਤੇ ਬਹੁੜੇ, ਕੋਈ ਤਾਂ ਸੰਭਾਲੇ ਆ ਕੇ...ਮੈਂ ਕੱਲੀ ਕਾਰੀ ਕੀ ਕਰਾਂ ?

ਬਾਵਾ : ਚਲ ਅੰਮ੍ਰਿਤਾ, ਆਪਾਂ 'ਵਾਜ ਮਾਰ ਕੇ ਬੁਲਾਂਦੇ ਆਂ ਕ੍ਰਿਸ਼ਨ ਅੰਕਲ ਨੂੰ ।

[ਅੰਮ੍ਰਿਤਾ ਤੇ ਬਾਵਾ ਇਕ ਪਾਸੇ ਖੜ੍ਹੇ ਹੋ ਕੇ "ਕ੍ਰਿਸ਼ਨ ਅੰਕਲ-ਕ੍ਰਿਸ਼ਨ ਅੰਕਲ" ਆਵਾਜ਼ਾਂ ਮਾਰਦੇ ਹਨ ।]

ਅੰਮ੍ਰਿਤਾ : ਮੰਮੀ, ਕੋਈ ਜਵਾਬ ਨਹੀਂ...ਕੋਈ ਸੁਣਦਾ ਹੀ ਨਹੀਂ ।

ਹਰਜੀਤ : ਰਹਿਣ ਦਿਉ ਬੱਚਿਓ, ਉਹ ਵੀ ਡਰਦੇ ਮਾਰੇ ਬਾਹਰ ਨਹੀਂ ਨਿਕਲਦੇ ਹੋਣੇ ।

[ਹਰਜੀਤ ਅੰਦਰ ਵਲ ਜਾ ਕੇ ਪਾਣੀ ਦਾ ਗਿਲਾਸ ਲੈ ਕੇ ਆਉਂਦੀ ਹੈ ਅਤੇ ਪਾਣੀ ਦੇ ਛਿੱਟੇ ਬਜ਼ੁਰਗ ਦੇ ਮੂੰਹ 'ਤੇ ਮਾਰਦੀ ਹੈ । ਬਜ਼ੁਰਗ ਡਰ ਨਾਲ ਉਠਦਾ ਹੈ]

ਬਜ਼ੁਰਗ : ਮੈਂ ਕਿਥੇ ਆਂ ? ਮੇਰਾ ਪਰਿਵਾਰ ਕਿਥੇ ਹੈ ? ਹੈਂ...ਮੈਂ ਕਿਵੇਂ ਬਚ ਗਿਆਂ ? ਮੇਰਾ ਛੋਟਾ ਪੁੱਤਰ ਕਿਥੇ ਹੈ ? ਵੇ ਲੋਕੋ ! ਮੇਰੇ ਪੋਤਰੇ-ਪੋਤਰੀਆਂ ਨੂੰ ਬਚਾ ਲਉ ! ਮੇਰੀ ਨੂੰਹ ਕਿਥੇ ਹੈ ?

ਹਰਜੀਤ : ਮੈਂ ਤੁਹਾਡੇ ਕੋਲ ਖੜ੍ਹੀ ਹਾਂ ਪਿਤਾ ਜੀ ।

ਬਜ਼ੁਰਗ : ਹਰਮੀਤ ਕਿਥੇ ਹੈ ? ਉਸ ਨੂੰ ਤਾਂ ਜ਼ਾਲਮਾਂ ਨੇ ਪਕੜ ਲਿਆ ਸੀ ।

ਹਰਜੀਤ : ਉਹ ਸਵੇਰੇ ਮਿਲ ਜਾਵੇਗੀ ।

ਬਜ਼ੁਰਗ : ਕਿਥੋਂ ਮਿਲ ਜਾਵੇਗੀ ? ਘਰ ਤਾਂ ਬੰਬ ਨਾਲ ਗਰਕ ਹੋ ਗਿਐ । ਹੈਂ... ਸਚਮੁੱਚ ਸੜ ਗਿਐ ? (ਸੁੰਘਣ ਦੀ ਕਿਰਿਆ ਕਰਦਿਆਂ) ਮੈਨੂੰ ਮਨੁੱਖੀ



ਮਾਸ ਦੇ ਭੁਜਣ ਦੀ ਮੁਸ਼ਕ ਆ ਰਹੀ ਹੈ । ਲੋਕਾਂ ਨੂੰ ਬਚਾਉ । ਲੋਕ ਭੁਜ ਰਹੇ ਨੇ ; ਕੀਮਾ-ਕੀਮਾ ਹੋ ਰਹੇ ਨੇ । ਲਹੂ ਦੀ ਛਪੜੀ ਵਿਚ ਨਹਾ ਰਹੇ ਨੇ । ਉਹ ਵੇਖੋ...ਉਧਰ ਵੇਖੋ...ਮੈਂ...ਮੈਂ...ਮੈਂ...

[ਬਜ਼ੁਰਗ ਬੋਲਦਾ-ਬੋਲਦਾ ਬੇਹੋਸ਼ ਹੋ ਕੇ ਡਿਗ ਪੈਂਦਾ ਹੈ]

ਬਾਵਾ : ਮੰਮੀ ! ਦਾਦਾ ਜੀ ਪਾਗਲਾਂ ਵਾਂਗ ਕਿਉਂ ਬੋਲਦੇ ਨੇ ?

ਹਰਜੀਤ : (ਹਉਕਾ ਭਰਦਿਆਂ) ਮੇਰੇ ਬੱਚੇ ! ਜਿਸ ਆਦਮੀ ਦਾ ਅੱਖਾਂ ਸਾਹਮਣੇ ਹਸਦਾ-ਵਸਦਾ ਸੰਸਾਰ ਉਜੜ ਜਾਵੇ, ਉਹ ਪਾਗਲ ਨਹੀਂ ਹੋਵੇਗਾ ਤਾਂ ਫਿਰ ਕੀ ਹੋਵੇਗਾ ?

ਅੰਮ੍ਰਿਤਾ : ਕੌਣ ਉਜਾੜਦੇ ਮੰਮੀ ?

ਹਰਜੀਤ : ਮਨੁੱਖਤਾ ਦੇ ਦੁਸ਼ਮਣ ਸੁਆਰਥੀ ਲੋਕ ਜੋ ਆਪਣੀਆਂ ਗਰਜ਼ਾਂ ਕਾਰਨ ਕਹਿਰ ਚਾਹੁੰਦੇ ਨੇ ।

ਬਾਵਾ : ਮੰਮੀ ! ਤੁਸੀਂ ਵੀ ਹੁਣ ਸੌਂ ਜਾਉ !

ਹਰਜੀਤ : ਬਾਹਰ ਸ਼ਹਿਰ ਵਿਚ ਅੱਗ ਦੇ ਭਾਂਬੜ ਪਏ ਬਲਦੇ ਨੇ...ਕਹਿਰ ਵਰਤ ਰਿਹੈ ਸਾਰੇ ਪਾਸੇ । ਮੈਂ ਏਸ ਮਹੌਲ ਵਿਚ ਸੌਂ ਨਹੀਂ ਸਕਦੀ...ਏਸ ਮਹੌਲ ਵਿਚ ਕੋਈ ਵੀ ਕਿਵੇਂ ਸੌਂ ਸਕਦੈ ?

[ਬਾਹਰ ਗਲੀ ਵਿਚ ਸ਼ੋਰ ਮਚਦਾ ਹੈ । ਚੀਖ-ਚਿਹਾੜੇ ਦੀਆਂ ਆਵਾਜ਼ਾਂ ਉਠਦੀਆਂ ਹਨ । ਹਰਜੀਤ ਬੱਚਿਆਂ ਨੂੰ ਆਪਣੇ ਨਾਲ ਘੁਟ ਲੈਂਦੀ ਹੈ ]

ਅੰਮ੍ਰਿਤਾ : ਕੌਣ ਹੋਵੇਗਾ ਮੰਮੀ !

ਹਰਜੀਤ : ਪਤਾ ਨਹੀਂ ਕੀ ਭਾਣਾ ਵਰਤਣ ਲਗੈ ? ਖੌਰੇ ਕੀ ਹੋਣ ਵਾਲੇ ? ਰੱਬਾ ! ਸੁਖ ਵਰਤਾਈਂ...

[ਚਾਲੀ ਪੰਜਤਾਲੀ ਕੁ ਸਾਲਾਂ ਦਾ ਕ੍ਰਿਸ਼ਨ ਚੰਦ ਕੰਧ ਟੱਪ ਕੇ ਆਉਂਦਾ ਹੈ ]

ਬਾਵਾ : ਹਾਏ ਮੰਮੀ !

ਹਰਜੀਤ : ਕ....ਕ....ਕੌਣ ਐ ?

ਕ੍ਰਿਸ਼ਨ : (ਗਿੜਗਿੜਾਂਦਿਆਂ) ਭੈਣ ਜੀ ! ਸਾਡੀ ਰਖਿਆ ਕਰੋ । ਸਾਨੂੰ ਸ਼ਰਨ ਦਿਉ । ਅਸੀਂ ਜਵਾਨ ਬੱਚੀਆਂ ਨੂੰ ਲੈ ਕੇ ਕਿਥੇ ਜਾਈਏ ? ਦੁੱਖ ਦੀ ਘੜੀ ਤੁਸੀਂ ਹੀ ਸਾਡੇ ਆਪਣੇ ਹੋ ।

ਹਰਜੀਤ : ਉਸ ਵੇਲੇ ਤੁਸੀਂ ਕਿਥੇ ਸੀ, ਜਦੋਂ ਤੁਹਾਨੂੰ 'ਵਾਜਾਂ ਮਾਰੀਆਂ ?

ਕ੍ਰਿਸ਼ਨ : ਕੀ ਪੁਛਦੇ ਹੋ ਭੈਣ ਜੀ ! ਅਸੀਂ ਤਾਂ ਡਰ ਦੇ ਮਾਰਿਆਂ ਦੁਬਕੇ ਬੈਠੇ ਸੀ ਘਰ ...ਹੁਣ ਉਹ ਸਾਡੇ ਘਰ ਆਣ ਪਏ ਨੇ । ਮੈਂ ਚੋਰੀ—ਚੋਰੀ ਆਇਆਂ । ਮੇਰੇ ਪਰਿਵਾਰ ਨੂੰ ਬਚਾ ਲਉ । ਉਹ ਤੁਹਾਡੇ ਕੋਠੇ 'ਤੇ ਲੁਕੇ ਬੈਠੇ ਨੇ । ਜੇ ਤੁਸੀਂ ਸਾਨੂੰ ਨਹੀਂ ਬਚਾਉਗੇ ਤਾਂ ਉਹ ਲੋਕ

ਮੇਰੀਆਂ ਬੱਚੀਆਂ ਨੂੰ...

ਹਰਜੀਤ : (ਵਿਚੋਂ) ਬਸ ! ਭਰਾ ਜੀ ਬਸ ! ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ। ਗੁੰਡਾਗਰਦੀ ਦੇ ਨੰਗੇ ਨਾਚ ਵਿਚ ਔਰਤ ਜਾਤ ਹੀ ਬਰਬਾਦ ਹੁੰਦੀ ਏ ! ਅਕਸਰ ਫ਼ਸਾਦਾਂ ਵਿਚ ਔਰਤ ਹੀ ਜ਼ਿਆਦਾ ਖੁਆਰ ਹੁੰਦੀ ਏ।

ਅੰਮ੍ਰਿਤਾ ਤੇ ਬਾਵਾ : ਮੰਮੀ ! ਕੰਚਨ ਤੇ ਮੀਨਾਕਸ਼ੀ ਰੋਂਦੀਆਂ ਹੋਣਗੀਆਂ।

ਕ੍ਰਿਸ਼ਨ : ਉਨ੍ਹਾਂ ਦੀ ਇੱਜ਼ਤ ਤੇ ਜਾਨ ਖ਼ਤਰੇ ਵਿਚ ਹੈ ਭੈਣ ਜੀ !

ਹਰਜੀਤ : ਤੁਸੀਂ ਆਪਣੇ ਪਰਿਵਾਰ ਨੂੰ ਸਾਡੀ ਕੋਠੇ ਵਾਲੀ ਪੜਛਤੀ ਵਿਚ ਛੁਪਾ ਦਿਉ। ਕਿਸੇ ਨੂੰ ਪਤਾ ਨਹੀਂ ਲਗੇਗਾ।

ਕ੍ਰਿਸ਼ਨ : ਅਸੀਂ ਜ਼ਿੰਦਗੀ ਭਰ ਅਹਿਸਾਨ ਨਹੀਂ ਭੁਲਾਂਗੇ ਭੈਣ ਜੀ !

ਹਰਜੀਤ : ਤੁਸੀਂ ਆਪਣੇ ਪਰਿਵਾਰ ਨੂੰ ਛੁਪਾਉ ਜਾ ਕੇ। ਇਹ ਸਮਾਂ ਅਹਿਸਾਨ ਜਤਾਣ ਦਾ ਨਹੀਂ।

[ਕ੍ਰਿਸ਼ਨ ਚੰਦ ਕਾਹਲੀ ਨਾਲ ਜਾਂਦਾ ਹੈ। ਦਰਵਾਜ਼ਾ ਜ਼ੋਰ-ਜ਼ੋਰ ਦੀ ਖੜਕਦਾ ਹੈ]

ਬਾਵਾ : ਹੁਣ ਕੀ ਹੋਵੇਗਾ ਮੰਮੀ ?

ਅੰਮ੍ਰਿਤਾ : ਸ਼ੈਦ, ਉਹ ਆ ਗਏ ਨੇ।

ਹਰਜੀਤ : ਮੈਂ ਕਿਹਾ ਜੀ, ਗੋਲੀ ਚਲਾਣਾ... ਹਾਂ ਜੀ ਹਾਂ, ਬੂਹੇ ਵਲ ਮਾਰਨਾ, ਉਥੇ ਹੀ ਨੇ ਉਹ। (ਦਰਵਾਜ਼ੇ ਨੂੰ ਧੱਕੇ ਪੈਣ ਲਗ ਪੈਂਦੇ ਹਨ।) ਮੈਂ ਕਿਹਾ ਜੀ, ਜ਼ਰਾ ਜਲਦੀ ਚਲਾਣਾ ਗੋਲੀ...

[ਦਰਵਾਜ਼ਾ ਕਾੜ ਕਰਦਾ ਖੁਲ੍ਹ ਜਾਂਦਾ ਹੈ। ਵੀਹ-ਪੱਚੀ ਕੁ ਸਾਲਾਂ ਦੀ ਉਮਰ ਤਕ ਦੇ ਦੋ ਨੌਜਵਾਨ ਮੁੰਡੇ ਬੰਦੂਕਾਂ ਲੈ ਕੇ ਅੰਦਰ ਆਉਂਦੇ ਹਨ ਅਤੇ ਤੀਜਾ ਵਿਅਕਤੀ ਚਾਲੀ ਪੰਜਤਾਲੀ ਸਾਲ ਦਾ ਹੈ, ਜਿਸ ਦੇ ਹੱਥ ਵਿਚ ਸਟੇਨਗੰਨ ਪਕੜੀ ਹੋਈ ਹੈ—ਆ ਕੇ ਤਣ ਜਾਂਦੇ ਹਨ ਸਾਰੇ ਸਹਿਮ ਜਾਂਦੇ ਹਨ।]

ਨੌਜਵਾਨ 1 : ਕਿੱਥੇ ਐ ਉਲੂ ਦਾ ਪੱਠਾ ?

ਨੌਜਵਾਨ 2 : ਉਧਰੋਂ ਇਧਰ ਹੀ ਆਇਐ।

ਨੌਜਵਾਨ 1 : ਜਲਦੀ ਦਸੋ ਕਿਥੇ ਲੁਕਾਇਐ ਉਸ ਨੂੰ ?

ਨੌਜਵਾਨ 2 : ਨਾਲੇ ਬੰਦੂਕ ਕਿਥੇ ਹੈ ?

ਹਰਜੀਤ : ਇਥੇ ਤਾਂ ਅਸੀਂ ਹੀ ਹਾਂ... ਬੇਸ਼ਕ ਫੋਲ ਲਵੋ ਸਭ ਕੁਝ।

ਨੌਜਵਾਨ 3 : ਤਲਾਸ਼ ਕਰੋ ਗੀਦੜ ਕੀ, ਕਹਾਂ ਛੁਪਾ ਹੈ ?

[ਨੌਜਵਾਨ 3 ਦਰਵਾਜ਼ੇ ਵੱਲ ਸਟੇਨਗੰਨ ਤਕੜ ਕੇ ਖੜ੍ਹਾ ਹੋ ਜਾਂਦਾ ਹੈ ਅਤੇ ਬਾਕੀ ਦੋਵੇਂ ਨੌਜਵਾਨ ਫੋਲਾ-ਫਾਲੀ ਕਰਦੇ ਹਨ। ਬਜ਼ੁਰਗ ਕੋਲ ਜਾ ਕੇ ਵੇਖਦੇ ਹਨ]

ਨੌਜਵਾਨ 1 : ਹੂੰਅ...ਇਥੇ ਲੁਕਿਐ...



ਨੌਜਵਾਨ 2 : (ਠੁੱਡਾ ਮਾਰ ਕੇ) ਉਠ ਉਏ ਮੇਮਣਿਆਂ...ਦੇਖ ਅਸੀਂ...

ਬਜ਼ੁਰਗ : (ਉਠਦਿਆਂ) ਆ ਗਏ... ਆ ਗਏ...ਸਭ ਕੁਝ ਲੈ ਜਾਉ, ਪਰ ਸਾਨੂੰ... ਪਰ ਸਾਨੂੰ ਛੱਡ ਦਿਉ।

ਨੌਜਵਾਨ 3 : ਲਾਹੌਲ ਵਿਲਾ ਕੁੱਵਤ...

ਨੌਜਵਾਨ 2 : ਚੁੱਪ ਕਰ ਉਏ ਬੁੜ੍ਹਿਆ।

ਬਜ਼ੁਰਗ : ਅਸੀਂ ਜਾਂ ਉਨ੍ਹਾਂ ਨੇ ਤੁਹਾਡਾ ਕੀ ਵਿਗਾੜਿਐ ?

ਨੌਜਵਾਨ 1 : ਅਸੀਂ ਕਿਸ ਦਾ ਕੀ ਵਿਗਾੜਿਐ ?

ਨੌਜਵਾਨ 2 : ਅਸੀਂ ਤਾਂ ਬਦਲੇ ਲੈ ਰਹੇ ਹਾਂ।

ਹਰਜੀਤ : ਗਊ ਗਰੀਬਾਂ ਨੂੰ ਮਾਰ ਕੇ ਬਦਲਾ ਲੈਂਦਿਆਂ ਸ਼ਰਮ ਨਹੀਂ ਆਉਂਦੀ ?

ਨੌਜਵਾਨ 3 : ਹਮ ਔਰਤੋਂ ਕੇ ਮੂੰਹ ਨਹੀਂ ਲਗਤੇ ਔਰ ਤੂ ਜ਼ਬਾਨ ਦਰਾਜ਼ੀ ਕਰਤੀ ਹੈ ?

ਬਜ਼ੁਰਗ : ਮੈਨੂੰ ਤਾਂ ਤੁਹਾਡੀ ਜਵਾਨੀ ਉੱਤੇ ਤਰਸ ਆ ਰਿਹੈ। ਕਿਉਂ ਅਜਾਈਂ ਗੁਆਂਦੇ ਹੋ ਆਪਣੀ ਕੀਮਤੀ ਜਵਾਨੀ ਨੂੰ। ਜੇ ਲੜਨਾ ਹੈ ਤਾਂ ਸਰਕਾਰ ਨਾਲ ਲੜੋ।

ਨੌਜਵਾਨ 2 : (ਵਿਚੋਂ) ਸਾਨੂੰ ਸਬਕ ਨਾ ਪੜ੍ਹਾ ਬੁੜ੍ਹਿਆ। ਜਲਦੀ ਦਸ, ਉਹ ਕਿਥੇ ਲੁਕਾਏ ਨੇ ?...

[ਹਰਜੀਤ ਕੌਰ ਗਾਤਰੇ ਨੂੰ ਹੱਥ ਪਾਉਂਦੀ ਹੈ।]

ਬਜ਼ੁਰਗ : ਹੇ ਮੇਰਿਆ ਸੱਚਿਆ ਪਾਤਸ਼ਾਹ ! ਕਦ ਤਕ ਅਸੀਂ ਜ਼ੁਲਮ ਦਾ ਸ਼ਿਕਾਰ ਹੁੰਦੇ ਰਹਾਂਗੇ ? (ਯਾਚਨਾ ਕਰਦਿਆਂ) ਕੀ ਤੈਨੂੰ ਦਰਦ ਨਹੀਂ ਆਉਂਦਾ ?

ਨੌਜਵਾਨ 1 : (ਧੱਕਾ ਮਾਰ ਕੇ) ਪਰੇ ਹਟ ਬੁੜ੍ਹਿਆ ਨਹੀਂ ਤਾਂ ਅਸੀਂ ਤੁਹਾਨੂੰ ਵੀ ਮਾਰ ਦਿਆਂਗੇ।

[ਅੰਮ੍ਰਿਤਾ ਤੇ ਬਾਵਾ ਆਪਸ ਵਿਚ ਘੁਸਰ-ਮੁਸਰ ਕਰਕੇ ਅੱਖ ਬਚਾਉਂਦੇ ਹੋਏ ਅੰਦਰ ਵੱਲ ਚਲੇ ਜਾਂਦੇ ਹਨ।]

ਹਰਜੀਤ : ਐਵੇਂ ਮਾਰ ਦਿਉਗੇ...ਅਸੀਂ ਮਾਰ ਕੇ ਮਰਨਾ ਜਾਣਦੇ ਹਾਂ...(ਗਾਤਰੇ ਵਿਚੋਂ ਕਿਰਪਾਨ ਕਢ ਲੈਂਦੀ ਹੈ) ਸ਼ਰਨ ਆਇਆਂ ਨੂੰ ਰੱਖਣ ਦੀ ਗੁੜ੍ਹਤੀ ਤਾਂ ਸਾਨੂੰ ਧੁਰ ਦਰਗਾਹੋਂ ਮਿਲੀ ਹੋਈ ਹੈ।

ਨੌਜਵਾਨ 2 : (ਅਗੇ ਵਧਦਿਆਂ) ਪਰੇ ਹੋ ਜਾ ਬੀਬੀ...

ਹਰਜੀਤ : (ਬਾਹਾਂ ਫੈਲਾ ਕੇ) ਜਾਉ ਅਸੀਂ ਤੁਹਾਨੂੰ ਮਨਮਾਨੀ ਨਹੀਂ ਕਰਨ ਦਿੰਦੇ। ਬੋਲੇ ਸੋ ਨਿਹਾਲ...ਸਤਿ ਸ੍ਰੀ ਅਕਾਲ ..

ਬਜ਼ੁਰਗ : ਰੱਬਾ ! ਮਿਹਰ ਕਰੀਂ...ਬਖ਼ਸ਼ਣਹਾਰਿਆ ਬਖ਼ਸ਼ ਲਵੀਂ...

ਨੌਜਵਾਨ 3 : ਆਪ ਹਮਾਰਾ ਮੁਖ਼ਬਰੀ ਕਰਨੇ ਵਾਲਾ ਹਮੇਂ ਦੇ ਦੋ...,ਨਹੀਂ ਤੋ...

ਹਰਜੀਤ : ਨਹੀਂ ਤਾਂ ਕੀ ਕਰ ਲਵੋਗੇ ? ਮਾਰ ਦਿਉਗੇ...

ਨੌਜਵਾਨ 1 : ਹਾਂ ਮਾਰ ਦਿਆਂਗੇ...

ਹਰਜੀਤ : (ਕਿਰਪਾਨ ਹਵਾ ਵਿਚ ਲਹਿਰਾ ਕੇ) "ਸੂਰਾ ਸੋ ਪਹਿਚਾਨੀਏ ਜੋ ਲਰੈ

ਦੀਨ ਕੇ ਹੇਤੁ, ਪੁਰਜਾ ਪੁਰਜਾ ਕਟ ਮਰੇ ਕਬਹੂੰ ਨਾ ਛਾਡੇ ਖੇਤੁ।"

[ਅੰਮ੍ਰਿਤਾ ਹੱਥ ਵਿਚ ਗੁੱਡੀ ਪਟੋਲੇ ਤੇ ਬਾਵਾ ਮਿੱਟੀ ਦੀ ਗੋਲਕ ਲੈ ਕੇ ਆ ਜਾਂਦੇ ਹਨ।]

ਅੰਮ੍ਰਿਤਾ : ਅੰਕਲ ਜੀ! ਇਹ ਲੈ ਲਉ ਮੇਰੇ ਗੁਡੀਆਂ ਪਟੋਲੇ, ਪਰ ਸਾਨੂੰ ਕੁਝ ਨਾ ਆਖੋ।

ਬਾਵਾ : ਇਹ ਲਵੋ ਮੇਰੀ ਬੁਗਣੀ। ਵੰਡ ਲਵੋ ਆਪਸ ਵਿਚ।

[ਨੌਜਵਾਨ 3 ਸਟੇਨਗੰਨ ਦਾ ਬੱਟ ਮਾਰ ਕੇ ਗੋਲਕ ਸੁਟ ਦਿੰਦਾ ਹੈ ਅਤੇ ਗੋਲਕ ਡਿਗਦੇ ਸਾਰ ਟੁਟ ਜਾਂਦੀ ਹੈ।]

ਨੌਜਵਾਨ 3 : ਉਠਾ ਕਰ ਬਾਂਟ ਲਉ ਪੈਸੇ...

ਬਾਵਾ : ਲੈ ਲਵੋ ਅੰਕਲ ਜੀ, ਪਰ ਸਾਨੂੰ ਕੁਝ ਨਾ ਆਖੋ।

[ਨੌਜਵਾਨ 1 ਤੇ 2 ਨਿੰਮੋਝੂਣ ਹੋ ਜਾਂਦੇ ਹਨ ਅਤੇ ਅਗੇ ਨਹੀਂ ਵਧਦੇ ਬਾਹਰੋਂ ਪੁਲਸ ਦੇ ਬੂਟਾਂ ਦੇ ਠਕ ਠਕ ਵੱਜਣ ਦੀ ਆਵਾਜ਼ ਦੇ ਨਾਲ 'ਪਕੜ ਲਉ, ਪਕੜ ਲਉ, ਇਥੇ ਹੀ ਨੇ' ਦੀਆਂ ਆਵਾਜ਼ਾਂ ਆਉਣ ਲੱਗ ਪੈਂਦੀਆਂ ਹਨ, ਜਿਨ੍ਹਾਂ ਨੂੰ ਸੁਣ ਕੇ ਸਾਰੇ ਠਠੰਬਰ ਜਾਂਦੇ ਹਨ ਅਤੇ ਨੌਜਵਾਨ ਪੁਜ਼ੀਸ਼ਨਾਂ ਸੰਭਾਲਣ ਲੱਗ ਪੈਂਦੇ ਹਨ।]

ਨੌਜਵਾਨ 1 : ਤੁਸੀਂ ਸਾਰ ਲੇਟ ਜਾਉ, ਮੈਂ ਕਹਿੰਦਾਂ ਜਲਦੀ ਲੇਟ ਜਾਉ...ਅਸੀਂ ਜੀਂਦੇ ਜੀਅ ਹੱਥ ਨਹੀਂ ਆਣਾ।

[ਨੌਜਵਾਨ 3 ਗੋਲੀ ਚਲਾ ਕੇ ਬਿਜਲੀ ਬੰਦ ਕਰ ਦਿੰਦਾ ਹੈ। ਗੋਲੀਆਂ ਚਲਣ ਦੀ ਆਵਾਜ਼ ਆਉਣ ਲਗ ਪੈਂਦੀ ਹੈ। ਰੋਸ਼ਨੀ ਦੇ ਪ੍ਰਭਾਵ ਨਾਲ ਸਾਰਿਆਂ ਦੇ ਇਧਰ-ਉਧਰ ਨੱਠਣ ਤੇ ਚੀਖ਼-ਪੁਕਾਰ ਸੁਣਾਈ ਤੇ ਦਿਖਾਈ ਜਾ ਸਕਦੀ ਹੈ ਕੁਝ ਚਿਰ ਦੀ ਇਸ ਹਾਲਤ ਤੋਂ ਬਾਅਦ ਇਕ ਦਮ ਚੁੱਪ ਵਰਤ ਜਾਂਦੀ ਹੈ।

ਆਵਾਜ਼ : ਮੈਂ ਸਿਰਫ਼ ਦੇਖ ਸਕਦਾ ਹਾਂ। ਇਤਿਹਾਸ ਬਣਾ ਸਕਦਾ ਹਾਂ ਜਾਂ ਫਿਰ ਮਨੁੱਖਤਾ ਦੇ ਮਨੁੱਖਤਾ ਪ੍ਰਤੀ ਹੁੰਦੇ ਕੁਕਰਮਾਂ ਨੂੰ ਦੇਖ ਕੇ ਲਹੂ ਦੇ ਹੰਝੂ ਵਹਾ ਸਕਦਾ ਹਾਂ ਜਾਂ ਫਿਰ ਤੁਹਾਨੂੰ ਏਕੇ ਤੇ ਆਪਸੀ ਭਾਈਚਾਰੇ ਵਰਗੇ ਖਿਚੜੀ ਸੰਬੰਧਾਂ ਨੂੰ ਮਿਲਜੁਲ ਕੇ ਸੰਭਾਲਣ ਦੀ ਸਲਾਹ ਦੇ ਸਕਦਾ ਹਾਂ, ਤੁਹਾਨੂੰ ਇਹ ਵੀ ਰਾਏ ਦੇ ਸਕਦਾ ਹਾਂ ਕਿ ਆਪਾਂ ਸਭ ਰਲ ਕੇ ਦੁਫ਼ਰਕੇ ਪਾਉਣ ਵਾਲਿਆਂ ਨੂੰ ਪਛਾਣੀਏਂ। ਪਛਾਣੋਂ, ਸਮਝੋ, ਸੋਚੋ...ਇਨ੍ਹਾਂ ਘਟਨਾਵਾਂ ਦੇ ਪਿਛੇ ਸ਼ਰਾਰਤੀ ਕੌਣ ਹੈ?...ਸ਼ਰਾਰਤੀ ਕੌਣ ਹੈ?

[ਆਵਾਜ਼ ਦੇ ਰੁਕਣ ਦੇ ਨਾਲ-ਨਾਲ ਪਰਦਾ ਡਿਗਦਾ ਹੈ।]

□